ਫਾਊਂਡਰ ਸਵ. ਸ. ਅਮਰ ਸਿੰਘ ਦੁਸਾਂਝ
ਫਾਊਂਡਰ ਐਡੀਟਰ ਸਵ.ਗਿਆਨੀ ਸ਼ਾਦੀ ਸਿੰਘ
ਫਾਊਂਡਰ ਚੇਅਰਮੈਨ ਸਵ. ਸ. ਰਾਮ ਸਿੰਘ ਰਈਸ

ਮੁੱਖ ਸੰਪਾਦਕ:
ਬੀਰ ਪਾਲ ਸਿੰਘ

ਪੋਸਟਲ ਰਜਿ: ਨੰ: PB/JL-124/2024-26
RNI Regd No. 23/1979

ਪੰਜਾਬੀਆਂ ਦਾ ਤਰਜਮਾਨ

ਅਕਾਲੀ ਪੱਤ੍ਰਿਕਾ

ਸਥਾਪਿਤ 1920

Akali Patrika, Jalandhar

ਜਲੰਧਰ

ਅੱਜ ਦਾ ਵਿਚਾਰ

ਸ਼ਿਕਾਇਤਾਂ ਨਾ ਕਰੋ ਜ਼ਿੰਦਗੀ ਨਾਲ,
ਸ਼ੁੱਕਰ ਕਰੋ ਵਾਹਿਗੁਰੂ ਨੇ ਜੋ ਸਾਨੂੰ ਦਿੱਤਾ,
ਬਹੁਤਿਆਂ ਨੂੰ ਇਹ ਵੀ ਨਸੀਬ ਨਹੀਂ।

www.akalipatrika.in www.facebook.com/akalipatrika1920 E-mail: akalipatrika@gmail.com

ਜਲੰਧਰ, ਵੀਰਵਾਰ, 25 ਜਨਵਰੀ 2024, (ਨਾਨਕਸ਼ਾਹੀ ਸੰਮਤ 12 ਮਾਘ 555), ਮੁੱਲ-2.00 ਰੁਪਏ, ਅੰਕ-283 ਪੰਨੇ-8 ਫ਼ੋਨ (ਦਫਤਰ) 0181- 5008586, 2284694, 4626580

10.77 ਲੱਖ ਕੱਟੇ ਕਾਰਡ ਬਹਾਲ, ਮੁ.ਫਤ ਮਿਲੇਗਾ ਰਾਸ਼ਨ ਅਧਿਆਪਕ ਬਦਲੀਆਂ ਲਈ ਨਵੀਂ ਯੋਜਨਾ

ਚੰਡੀਗੜ੍ਹ, 24 ਜਨਵਰੀ (ਰਾਜ ਕੁਮਾਰ ਵਰਮਾ)-ਪੰਜਾਬ ਸਰਕਾਰ ਨੇ ਭੋਜਨ ਸੁਰੱਖਿਆ ਯੋਜਨਾ ਤੋਂ ਵਾਂਝੇ ਕੀਤੇ 10.77 ਲੱਖ ਕਾਰਡਾਂ ਨੂੰ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਅੱਜ ਕੈਬਨਿਟ ਮੀਟਿੰਗ ਬਾਰੇ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਲਾਭਪਾਤਰੀਆਂ ਨੂੰ ਇਸ ਮਹੀਨੇ ਤੋਂ ਮੁਫਤ ਰਾਸ਼ਨ ਮਿਲੇਗਾ। ਉਨ੍ਹਾਂ ਕਿਹਾ ਕਿ ਸਕੂਲ ਅਧਿਆਪਕਾਂ ਦੇ ਤਬਾਦਲੇ ਨੂੰ ਸਰਲ ਬਣਾਉਣ ਲਈ ਨਵੀਂ ਸਕੀਮ ਨੂੰ ਵੀ ਮੰਤਰੀ ਮੰਡਲ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਸ੍ਰੀ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਯੋਗਸ਼ਾਲਾਵਾਂ ਨੂੰ 15 ਨਵੇਂ ਸ਼ਹਿਰਾਂ ਤੱਕ ਵਧਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅਪਰੇਸ਼ਨਾਂ ਦੌਰਾਨ ਸ਼ਹੀਦ ਹੋਏ ਰੱਖਿਆ ਕਰਮਚਾਰੀਆਂ ਦੀਆਂ ਵਿਧਵਾਵਾਂ ਦੀ ਪੈਨਸ਼ਨ 6,000 ਰੁਪਏ ਤੋਂ ਵਧਾ ਕੇ 10,000 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਫਰਿਸ਼ਤੇ ਸਕੀਮ 27 ਜਨਵਰੀ ਨੂੰ ਸ਼ੁਰੂ ਕੀਤੀ ਜਾਵੇਗੀ। ਮੰਤਰੀ ਮੰਡਲ ਨੇ ਪੀਪੀਐੱਸਸੀ ਦੇ ਚੇਅਰਮੈਨ ਵਜੋਂ ਜੇਪੀਐੱਸ ਔਲਖ ਦੇ ਨਾਂ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਹੁਣ ਫਾਈਲ ਮਨਜ਼ੂਰੀ ਲਈ ਰਾਜਪਾਲ ਕੋਲ ਭੇਜੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 2024 ਵਿੱਚ ਪੰਜਾਬ ਸਾਰੀਆਂ ਲੋਕ ਸਭਾ ਸੀਟਾਂ ਆਮ ਆਦਮੀ ਪਾਰਟੀ ਨੂੰ ਦੇ ਕੇ ਇਤਿਹਾਸ ਰਚੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਂਗਰਸ ਨਾਲ ਕੋਈ ਗਠਜੋੜ ਨਹੀਂ ਹੋਵੇਗਾ। ਪੰਜਾਬ ਸਰਕਾਰ ਵੱਲੋਂ ਫਰਿਸ਼ਤੇ ਸਕੀਮ ਨੂੰ ਮਨਜ਼ੂਰੀ ਦਿੱਤੀ। ਸਾਬਕਾ ਵਿਧਵਾਵਾਂ ਦੀ ਪੈਨਸ਼ਨ 6,000 ਤੋਂ ਵਧਾ ਕੇ 10,000 ਕੀਤੀ। ਕੱਟੇ ਗਏ 10,77,000 ਰਾਸ਼ਨ ਕਾਰਡ ਬਹਾਲ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਕੋਲ ਅਗਸਤ 2022 ਤੱਕ ਦਾ ਡਾਟਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਲਦੀ ਹੀ ਡੋਰਸਟੈੱਪ ਡਲਿਵਰੀ ਦੀ ਸਹੂਲਤ ਸ਼ੁਰੂ ਹੋ ਜਾਵੇਗੀ। ਸਾਡੇ ਕੋਲ ਡੇਟਾ ਹੈ। ਜਿਨ੍ਹਾਂ ਕੋਲ ਰਾਸ਼ਨ ਕਾਰਡ ਨਹੀਂ ਹਨ, ਉਨ੍ਹਾਂ ਦੇ ਘਰ ਵੀ ਰਾਸ਼ਨ ਪਹੁੰਚ ਜਾਵੇਗਾ। ਮੁੱਖ ਮੰਤਰੀ ਨੇ ਆਮ ਆਦਮੀ ਨੂੰ ਰਾਹਤ ਦਿੱਤੀ। ਸੀਐੱਮ ਨੇ ਸੜਕ ਸੁਰੱਖਿਆ ਫੋਰਸ ਦੀ ਲਾਂਚਿੰਗ 27 ਜਨਵਰੀ ਨੂੰ ਕਰਨ ਦਾ ਐਲਾਨ ਕੀਤਾ। ਤੀਰਥ ਯਾਤਰਾ ਯੋਜਨਾ ਨੂੰ ਲੈ ਕੇ ਮੁੱਖ ਮੰਤਰੀ ਨੇ ਖ਼ੁਸ਼ਖ਼ਬਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਰੇਲਵੇ ਪੰਜਾਬ ਨੂੰ ਟ?ਰੇਨਾਂ ਦੇਣ ਲਈ ਤਿਆਰ ਹੋ ਗਿਆ ਹੈ। ਰਾਮਲਲਾ ਪ੍ਰਾਣ-ਪ੍ਰਤਿਸ਼ਠਾ ਦੇ ਮੌਕੇ 'ਤੇ ਪੰਜਾਬ 'ਚ 22 ਜਨਵਰੀ ਨੂੰ ਛੁੱਟੀ ਨਾ ਕਰਨ 'ਤੇ ਸੀਐੱਮ ਨੇ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਲਾਈਵ ਟੈਲੀਕਾਸਟ ਲਈ ਛੁੱਟੀ ਦੀ ਲੋੜ ਨਹੀਂ ਸੀ। ਪੰਜਾਬ 'ਚ ਠੰਢ ਕਾਰਨ ਪਹਿਲਾਂ ਹੀ ਕਾਫੀ ਛੁੱਟੀਆਂ ਹੋ ਗਈਆਂ ਸਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਜਾਤ-ਪਾਤ ਦੀ ਸਿਆਸਤ ਨਹੀਂ ਕਰਦੀ। 26 ਜਨਵਰੀ ਤੋਂ ਪੰਜਾਬ ਦੇ ਸਾਰੇ ਸਬ ਡਵੀਜ਼ਨ ਤੇ ਜ਼ਿਲ੍ਹਾ ਹਸਪਤਾਲਾਂ ਦੇ ਅੰਦਰੋਂ ਦਵਾਈਆਂ ਮਿਲਣਗੀਆਂ। ਕੋਈ ਵੀ ਡਾਕਟਰ ਬਾਹਰੋਂ ਦਵਾਈ ਨਹੀਂ ਲਿਖ ਸਕੇਗਾ। ਉਨ੍ਹਾਂ ਕਿਹਾ ਕਿ ਜੇਕਰ ਹਸਪਤਾਲ 'ਚ ਦਵਾਈ ਖ਼ਤਮ ਹੁੰਦੀ ਵੀ ਹੈ ਤਾਂ ਡਾਕਟਰ ਆਪ ਦਵਾਈ ਲਿਆਵੇਗਾ ਨਾ ਕਿ ਮਰੀਜ਼ ਬਾਹਰ ਜਾਵੇਗਾ। ਮੀਟਿੰਗ 'ਚ ਅਧਿਆਪਕਾਂ ਦੀ ਬਦਲੀ ਸਬੰਧੀ ਨਵੀਂ ਨੀਤੀ ਉਤੇ ਮੋਹਰ ਲਗਾ ਦਿੱਤੀ ਗਈ ਹੈ। ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੀ ਮੀਟਿੰਗ 'ਚ ਅਧਿਆਪਕਾਂ ਦੀ ਬਦਲੀ ਨੀਤੀ ਨੂੰ ਸੌਖਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਅਧਿਆਪਕ ਜਾਂ ਉਨ੍ਹਾਂ ਦੇ ਕੋਈ ਪਰਿਵਾਰ ਦਾ ਮੈਂਬਰ ਗੰਭੀਰ ਬਿਮਾਰੀ ਦਾ ਪੀੜਤ ਹੈ ਤਾਂ ਹੁਣ ਅਧਿਆਪਕਾਂ ਨੂੰ ਪੋਰਟਲ ਖੋਲ੍ਹਣ ਦੀ ਉਡੀਕ ਨਹੀਂ ਕਰਨੀ ਪਵੇਗੀ। ਅਧਿਆਪਕ ਆਪਣੀ ਅਰਜ਼ੀਆਂ ਦੇ ਕੇ ਕਦੇ (ਬਾਕੀ ਸਫ਼ਾ 2 'ਤੇ)

ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਦੇ ਅਮਿਹ ਫੈਸਲੇ

ਅਸਾਮ ਸਰਕਾਰ ਜਿੰਨੇ ਮਰਜ਼ੀ ਕੇਸ ਦਰਜ ਕਰੇ, ਮੈਂ ਡਰਾਂਗਾ ਨਹੀਂ: ਰਾਹੁਲ ਗਾਂਧੀ

ਬਾਰਪੇਟਾ (ਅਸਾਮ), 24 ਜਨਵਰੀ-ਗੁਹਾਟੀ ਪੁਲੀਸ ਵੱਲੋਂ ਰਾਹੁਲ ਗਾਂਧੀ ਅਤੇ ਹੋਰ ਕਾਂਗਰਸੀ ਆਗੂਆਂ ਖ਼?ਲਾਫ਼ ਭੀੜ ਨੂੰ ਭੜਕਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਕਾਂਗਰਸੀ ਨੇਤਾ ਨੇ ਅੱਜ ਭਾਜਪਾ ਸ਼ਾਸਤ ਸੂਬੇ ਨੂੰ ਚੁਣੌਤੀ ਦਿੱਤੀ ਕਿ ਜਿੰਨਾ ਹੋ ਸਕੇ ਉਹ ਉਨੇ ਮਾਮਲੇ ਦਰਜ ਕਰੇ ਉਹ ਫੇਰ ਵੀ ਨਹੀਂ ਡਰਨਗੇ। ਬਾਰਪੇਟਾ ਜ਼ਿਲ੍ਹੇ ਵਿੱਚ 'ਭਾਰਤ ਜੋੜੋ ਨਿਆਏ ਯਾਤਰਾ' ਦੇ ਸੱਤਵੇਂ ਦਿਨ ਆਪਣੇ ਪਹਿਲੇ ਜਨਤਕ ਸੰਬੋਧਨ ਵਿੱਚ ਕਾਂਗਰਸ ਆਗੂ ਨੇ ਅਸਾਮ ਦੇ ਮੁੱਖ ਮੰਤਰੀ ਹਿਮੰਤ ਵਿਸ਼ਵ ਸਰਮਾ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ 'ਤੇ ਜ਼ਮੀਨ ਅਤੇ ਸੁਪਾਰੀ ਨਾਲ ਸਬੰਧਤ ਕਈ ਦੋਸ਼ ਲਾਏ ਅਤੇ ਉਨ੍ਹਾਂ ਨੂੰ ਦੇਸ਼ ਦਾ ਸਭ ਤੋਂ ' ਭ੍ਰਿਸ਼ਟ ਮੁੱਖ ਮੰਤਰੀ' ਨੇ ਕਰਾਰ ਦਿੱਤਾ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਅਸਾਮ ਵਿੱਚ 'ਭਾਰਤ ਜੋੜੋ ਨਿਆਏ ਯਾਤਰਾ' ਵਿੱਚ ਸ਼ਾਮਲ ਪਾਰਟੀ ਆਗੂ ਰਾਹੁਲ ਗਾਂਧੀ ਅਤੇ ਹੋਰਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਦਖ਼ਲ ਦੇਣ ਦੀ ਅਪੀਲ ਕੀਤੀ ਹੈ। (ਬਾਕੀ ਸਫ਼ਾ 2 'ਤੇ)

ਮਮਤਾ ਦੇ ਬਾਅਦ "ਆਪ" ਨੇ ਵੀ ਕੀਤਾ ਪੰਜਾਬ ਵਿੱਚ ਇਕੱਲਿਆਂ ਚੋਣਾਂ ਲੜਨ ਦਾ ਐਲਾਨ

ਕੋਲਕੱਤਾ, 24 ਜਨਵਰੀ (ਯੂ. ਐਨ. ਆਈ.)-ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਪਾਰਟੀ ਟੀਐਮਸੀ ਭਾਵੇਂ ਆਈਐੱਨਡੀਆਈਏ ਗੱਠਜੋੜ ਦਾ ਹਿੱਸਾ ਹੈ ਪਰ ਲੋਕ ਸਭਾ ਚੋਣਾਂ ਵਿੱਚ 'ਏਕਲਾ ਚਲੋ ਰੇ' ਦੇ ਸੰਕੇਤ ਦਿੱਤੇ ਹਨ। ਸੀਟਾਂ ਦੀ ਵੰਡ ਨੂੰ ਲੈ ਕੇ ਦੋਵਾਂ ਪਾਰਟੀਆਂ ਵਿਚਾਲੇ ਚੱਲ ਰਹੇ ਤਣਾਅ ਦੇ ਵਿਚਕਾਰ, ਟੀਐਮਸੀ ਪੱਛਮੀ ਬੰਗਾਲ ਦੀਆਂ ਸਾਰੀਆਂ 42 ਸੀਟਾਂ 'ਤੇ ਇਕੱਲੇ ਹੀ ਲੋਕ ਸਭਾ ਚੋਣਾਂ ਲੜੇਗੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ, 'ਮੇਰੀ ਕਾਂਗਰਸ ਪਾਰਟੀ ਨਾਲ ਕੋਈ ਚਰਚਾ ਨਹੀਂ ਹੋਈ। ਮੈਂ ਹਮੇਸ਼ਾ ਕਿਹਾ ਹੈ ਕਿ ਅਸੀਂ ਬੰਗਾਲ ਵਿਚ ਇਕੱਲੇ ਲੜਾਂਗੇ। ਮੈਨੂੰ ਇਸ ਗੱਲ ਦੀ ਚਿੰਤਾ ਨਹੀਂ ਹੈ ਕਿ ਦੇਸ਼ ਵਿੱਚ ਕੀ ਕੀਤਾ ਜਾਵੇਗਾ ਪਰ ਅਸੀਂ ਇੱਕ ਧਰਮ ਨਿਰਪੱਖ ਪਾਰਟੀ ਹਾਂ ਤੇ ਬੰਗਾਲ ਵਿੱਚ ਹਾਂ। ਅਸੀਂ ਭਾਜਪਾ ਨੂੰ ਇਕੱਲਿਆਂ ਹੀ ਹਰਾਵਾਂਗੇ। ਮੈਂ ਆਈ. ਐਨ. ਡੀ. ਆਈ. ਗਠਜੋੜ ਦਾ ਹਿੱਸਾ ਹਾਂ। ਰਾਹੁਲ ਗਾਂਧੀ ਦੀ ਨਿਆਂ ਯਾਤਰਾ ਸਾਡੇ ਰਾਜ ਵਿੱਚੋਂ ਲੰਘ ਰਹੀ ਹੈ ਪਰ ਸਾਨੂੰ ਇਸ ਦੀ ਸੂਚਨਾ ਨਹੀਂ ਦਿੱਤੀ ਗਈ ਹੈ। ਪਾਰਟੀ ਸੂਤਰਾਂ ਅਨੁਸਾਰ ਮੰਗਲਵਾਰ ਨੂੰ ਕਾਲੀਘਾਟ ਸਥਿਤ ਆਪਣੀ ਰਿਹਾਇਸ਼ 'ਤੇ ਟੀਐਮਸੀ ਦੇ ਗੜ੍ਹ ਬੀਰਭੂਮ ਜ਼ਿਲ੍ਹੇ ਦੀ ਪਾਰਟੀ ਲੀਡਰਸ਼ਿਪ ਨਾਲ ਬੰਦ ਕਮਰਾ 'ਚ ਸੰਗਠਨਾਤਮਕ ਮੀਟਿੰਗ ਦੌਰਾਨ ਟੀਐਮਸੀ ਸੁਪਰੀਮੋ ਮਮਤਾ ਨੇ ਪਾਰਟੀ ਨੇਤਾਵਾਂ ਨੂੰ ਇਕੱਲੇ ਚੋਣ ਲੜਨ ਲਈ ਤਿਆਰ ਰਹਿਣ ਲਈ ਕਿਹਾ ਸੀ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਟੀਐਮਸੀ ਮੁਖੀ ਮਮਤਾ ਬੈਨਰਜੀ ਨੇ ਸੀਟਾਂ ਦੀ ਵੰਡ 'ਤੇ ਚਰਚਾ ਵਿੱਚ ਦੇਰੀ ਕਰਨ ਲਈ ਕਾਂਗਰਸ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਕਾਂਗਰਸ ਦੀ 10 ਤੋਂ 12 ਲੋਕ ਸਭਾ ਸੀਟਾਂ ਦੀ ਮੰਗ ਨੂੰ ਬੇਇਨਸਾਫ਼ੀ ਕਰਾਰ ਦਿੱਤਾ ਸੀ। ਦੱਸ ਦਈਏ ਕਿ ਮਮਤਾ ਬੈਨਰਜੀ ਦੀ ਪਾਰਟੀ ਨੇ ਸੂਬੇ 'ਚ ਕਾਂਗਰਸ ਨੂੰ ਸਿਰਫ ਦੋ ਸੀਟਾਂ ਦੀ ਪੇਸ਼ਕਸ਼ ਕੀਤੀ ਸੀ। ਲੋਕ ਸਭਾ ਚੋਣਾਂ 2024 ਤੋਂ ਪਹਿਲਾਂ ਇੰਡੀਆ ਗਠਜੋੜ ਨੂੰ ਲੈ ਕੇ ਪੰਜਾਬ ਤੋਂ ਵੱਡੀ ਖ਼ਬਰ ਹੈ। ਸੂਤਰਾਂ ਦੇ ਹਵਾਲੇ ਤੋਂ ਸਾਹਮਣੇ ਆ ਰਿਹਾ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਹੋਣ ਵਾਲੇ ਗਠਜੋੜ ਦੇ ਆਸਾਰ ਗਠਜੋੜ ਤੋਂ ਪਹਿਲਾਂ ਹੀ ਲਗਭਗ ਖਤਮ ਹੋ ਗਏ ਹਨ। ਸੂਤਰਾਂ ਅਨੁਸਾਰ ਆਮ ਆਦਮੀ ਪਾਰਟੀ ਪੰਜਾਬ ਵਿੱਚ 13 ਸੀਟਾਂ 'ਤੇ ਇਕੱਲਿਆਂ ਹੀ ਚੋਣਾਂ ਲੜ ਸਕਦੀ ਹੈ, ਜਿਸ ਲਈ ਉਸ ਨੇ 40 ਆਪ ਉਮੀਦਵਾਰਾਂ ਦੇ ਨਾਂ ਸ਼ਾਰਟਲਿਸਟ ਕੀਤੇ ਹਨ। ਇਸ ਸਬੰਧੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵੀ ਪਿਛਲੇ ਦਿਨੀ ਹੋਈ ਮੀਟਿੰਗ ਵਿੱਚ ਹਰੀ ਝੰਡੀ ਦੇ ਦਿੱਤੀ ਹੈ। ਦੱਸ ਦਈਏ ਕਿ ਇਸ ਮੀਟਿੰਗ ਵਿੱਚ ਸੰਦੀਪ ਪਾਠਕ ਅਤੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਕਈ ਹੋਰ ਸੀਨੀਅਰ ਆਗੂ ਵੀ ਹਾਜ਼ਰ ਸਨ। ਆਮ ਆਦਮੀ ਪਾਰਟੀ ਵੱਲੋਂ ਕੁੱਲ 40 ਉਮੀਦਵਾਰਾਂ ਦੇ ਨਾਂ ਸ਼ਾਰਟਲਿਸਟ ਕੀਤੇ ਗਏ ਹਨ, ਜਿਸ ਵਿੱਚ ਜਲੰਧਰ ਲਈ ਮੈਂਬਰ ਪਾਰਲੀਮੈਂਟ ਹੀ ਪਾਰਟੀ ਦੀ ਟਿਕਟ 'ਤੇ ਚੋਣ ਲੜਨਗੇ, ਜਦਕਿ 39 ਉਮੀਦਵਾਰ ਹੋਰ ਹਨ। ਜਿਨ੍ਹਾਂ ਬਾਰੇ ਛੇਤੀ ਹੀ ਅਧਿਕਾਰਤ ਐਲਾਨ ਹੋ ਸਕਦਾ ਹੈ। ਸੂਤਰਾਂ ਅਨੁਸਾਰ ਆਮ ਆਦਮੀ ਪਾਰਟੀ ਨੇ ਹਰ ਇੱਕ ਲੋਕ ਸਭਾ ਸੀਟ ਲਈ 3 ਉਮੀਦਵਾਰਾਂ ਦੀ ਚੋਣ ਕੀਤੀ ਹੈ, ਜਿਨ੍ਹਾਂ ਦੇ ਨਾਂਵਾਂ 'ਤੇ ਪਾਰਟੀ ਵੱਲੋਂ ਸਰਵੇ ਵੀ ਕਰਵਾਇਆ ਜਾਵੇਗਾ ਅਤੇ ਲੋਕਾਂ ਦੀ ਪਸੰਦ ਵਾਲੇ ਉਮੀਦਵਾਰ ਨੂੰ ਹੀ ਟਿਕਟ ਦਿੱਤੀ ਜਾਣ ਦੇ ਆਸਾਰ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪਾਰਟੀ ਵੱਲੋਂ (ਬਾਕੀ ਸਫ਼ਾ 2 'ਤੇ)

.ਫਰਵਰੀ ਦੇ ਅੱਧ ਤੱਕ ਰਹਿ ਸਕਦਾ ਹੈ ਸਰਦੀ ਦਾ ਜ਼ੋਰ

ਨਵੀਂ ਦਿੱਲੀ, 24 ਜਨਵਰੀ (ਯੂ. ਐਨ. ਆਈ.)-ਐੱਨਸੀਆਰ ਸਮੇਤ ਉੱਤਰੀ ਭਾਰਤ ਦੇ ਹੋਰਨਾਂ ਰਾਜਾਂ ਵਿਚ ਵੀ ਫਿਲਹਾਲ ਕੜਾਕੇ ਦੀ ਠੰਢ ਤੋਂ ਰਾਹਤ ਮਿਲਣ ਦੇ ਕੋਈ ਆਸਾਰ ਨਹੀਂ ਹੈ। ਵਿਚ-ਵਿੱਚ ਤਾਪਮਾਨ ਵਿਚ ਗਿਰਾਵਟ ਜਾਂ ਵਾਧਾ ਹੁੰਦਾ ਰਹੇਗਾ ਪਰ ਇਸ ਦਾ ਮਤਲਬ ਇਹ ਨਹੀਂ ਕਿ ਸਰਦੀ ਜਾ ਰਹੀ ਹੈ। ਇਸ ਵਾਰ ਫਰਵਰੀ ਦੇ ਮੱਧ ਤੱਕ ਠੰਢ ਰਹਿ ਸਕਦੀ ਹੈ। ਵਿਗਿਆਨੀਆਂ ਅਨੁਸਾਰ ਮਜ਼ਬੂਤ ਪੱਛਮੀ ਗੜਬੜੀ ਦੇ ਆਉਣ ਨਾਲ ਇਸ ਵਾਰ ਮੌਸਮ ਦਾ ਪੈਟਰਨ ਥੋੜ੍ਹਾ ਬਦਲਿਆ ਹੋਇਆ ਹੈ। ਹਵਾਵਾਂ ਦੀ ਰਫਤਾਰ ਘੱਟ ਹੈ, ਨਮੀ 90 ਪ੍ਰਤੀਸ਼ਤ ਤੱਕ ਬਣੀ ਹੋਈ ਹੈ। ਬਰਸਾਤ ਵੀ ਨਹੀਂ ਹੋ ਰਹੀ। ਇਸ ਸਭ ਦੇ ਚੱਲਦਿਆਂ ਦਿੱਲੀ, ਪੰਜਾਬ, ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਤੇ ਮੱਧ ਪ੍ਰਦੇਸ਼ 'ਚ ਧੁੰਦ ਦੀ ਸਥਿਤੀ ਬਣੀ ਹੋਈ ਹੈ। ਬੱਦਲ ਵੀ ਹੇਠਲੇ ਪੱਧਰ 'ਤੇ (ਬਾਕੀ ਸਫ਼ਾ 2 'ਤੇ)

ਅਕਾਲੀ ਦਲ ਨੇ ਮੰਤਰੀ ਬਲਕਾਰ ਸਿੰਘ ਦੀ ਇਤਰਾਜ਼ਯੋਗ ਵੀਡੀਓ ਰਾਜਪਾਲ ਨੂੰ ਸੌਂਪੀ

ਚੰਡੀਗੜ੍ਹ, 24 ਜਨਵਰੀ (ਪ. ਪ.)-ਸ਼੍ਰੋਮਣੀ ਅਕਾਲੀ ਦਲ ਦੇ ਇਕ ਵਫਦ ਨੇ ਅੱਜ ਸਥਾਨਕ ਸਰਕਾਰ ਮੰਤਰੀ ਬਲਕਾਰ ਸਿੰਘ ਦੀ ਇਤਰਾਜ਼ਯੋਗ ਵੀਡੀਓ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪੀ ਅਤੇ ਉਹਨਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਕਿਸੇ ਕੇਂਦਰੀ ਏਜੰਸੀ ਕੋਲੋਂ ਜਾਂਚ ਦੇ ਹੁਕਮ ਦਿੱਤੇ ਜਾਣ ਅਤੇ ਬਲਕਾਰ ਸਿੰਘ ਨੂੰ ਮੰਤਰੀ ਮੰਡਲ ਵਿਚੋਂ ਬਰਖ਼ਾਸਤ ਕੀਤਾ ਜਾਵੇ। ਵਫਦ ਨੇ ਰਾਜਪਾਲ ਨੂੰ ਇਹ ਵੀ ਅਪੀਲ ਕੀਤੀ ਕਿ ਬਲਕਾਰ ਸਿੰਘ ਅਤੇ ਆਪ ਦੇ ਹੋਰ ਮੰਤਰੀ ਜੋ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਹਨ, ਉਹਨਾਂ ਨੂੰ ਗਣਤੰਤਰ ਦਿਵਸ ਮੌਕੇ ਕੌਮੀ ਤਿਰੰਗਾ ਲਹਿਰਾਉਣ ਤੋਂ ਰੋਕਿਆ ਜਾਵੇ। ਵਫਦ ਵਿਚ ਸੀਨੀਅਰ ਆਗੂ ਸਰਦਾਰ ਬਿਕਰਮ ਸਿੰਘ ਮਜੀਠੀਆ ਤੇ ਡਾ. ਦਲਜੀਤ ਸਿੰਘ ਸ਼ਾਮਲ ਸਨ। ਵਫਦ ਨੇ ਰਾਜਪਾਲ ਨੂੰ ਸਾਰੇ ਮਾਮਲੇ ਦੀ ਜਾਣਕਾਰੀ ਦਿੱਤੀ ਅਤੇ ਉਹਨਾਂ ਨੂੰ ਦੱਸਿਆਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਮੰਤਰੀ ਦੀ ਮਦਦ ਕਰ ਰਹੇ ਹਨ ਤੇ ਕੇਸ ਵਿਚ ਨਿਆਂ ਦੀ ਉਹਨਾਂ ਤੋਂ ਆਸ ਨਹੀਂ ਕੀਤੀ ਜਾ ਸਕਦੀ। ਵਫਦ ਨੇ ਰਾਜਪਾਲ ਨੂੰ ਇਹ ਵੀ ਦੱਸਿਆ ਕਿ ਪੀੜਤ ਨੂੰ ਡਰਾਇਆ ਧਮਕਾਇਆ ਗਿਆ ਹੈ ਅਤੇ ਦਬਾਅ ਬਣਾਇਆ ਗਿਆ ਹੈ ਕਿ ਉਹ ਮੰਤਰੀ ਖਿਲਾਫ ਸ਼ਿਕਾਇਤ ਲਈ ਅੱਗੇ ਨਾ ਆਵੇ। ਵਫਦ ਨੇ ਕਿਹਾ ਕਿ ਨਿਰਪੱਖ ਜਾਂਚ ਦੇ ਨਾਲ ਮੰਤਰੀ ਦੀ ਬਰਖ਼ਾਸਤਗੀ ਹੀ ਮਾਮਲੇ ਦਾ ਸੱਚ ਸਾਹਮਣੇ ਲਿਆਉਣ ਦਾ ਸਬੱਬ ਬਣ ਸਕਦੀ ਹੈ। ਅਕਾਲੀ ਆਗੂਆਂ ਨੇ ਰਾਜਪਾਲ ਨੂੰ ਇਹ ਦੱਸਿਆ ਕਿ ਕਿਸ ਤਰੀਕੇ ਪੁਲਿਸ ਨੇ ਹਾਲ ਹੀ ਵਿਚ ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੂੰ ਕੈਨੇਡਾ ਵਿਚ ਕਲੀਨ ਚਿੱਟ ਦਿੱਤੀ ਹੈ ਤਾਂ ਜੋ ਉਸਨੂੰ ਡਿਪੋਰਟ ਹੋਣ ਤੋਂ ਬਚਾਇਆ ਜਾ ਸਕੇ। ਉਹਨਾਂ ਦੱਸਿਆ ਕਿ ਸੰਦੋਆ ਕੈਨੇਡਾ ਵਿਚ ਆਪ ਆਗੂ ਹਿੰਮਤ ਸਿੰਘ ਸ਼ੇਰਗਿੱਲ ਦੇ ਵਿਆਹ ਵਿਚ ਸ਼ਾਮਲ ਹੋਣ ਗਏ ਸਨ ਜਿਹਨਾਂ ਨੂੰ ਕੈਨੇਡਾ ਪੁਲਿਸ ਨੇ ਉਹਨਾਂ ਖਿਲਾਫ ਦਾਇਰ ਬਦਫੈਲੀ ਕਰਨ ਦੀ ਸ਼ਿਕਾਇਤ ਦੇ ਮਾਮਲੇ ਵਿਚ ਪੁੱਛ-ਗਿੱਛ ਲਈ ਰੋਕ ਲਿਆ ਸੀ। ਇਸ ਮਗਰੋਂ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਪੁਲਿਸ ਤੋਂ ਕਲੀਅਰੰਸ ਸਰਟੀਫਿਕੇਟ ਲੈਣ ਵਿਚ ਉਸਦੀ ਮਦਦ ਕੀਤੀ ਤਾਂ ਜੋ ਸੰਦੋਆ ਨੂੰ ਕੈਨੇਡਾ ਵਿਚ ਦਾਖਲਾ ਮਿਲ ਸਕੇ ਪਰ ਇਸ ਸਭ ਨੇ ਪੰਜਾਬ ਬਾਰੇ ਇਹ ਗਲਤ ਸੰਦੇਸ਼ ਦਿੱਤਾ ਹੈ ਵਿਸ਼ਵ ਭਰ ਵਿਚ ਇਥੇ ਦੇ ਸਿਸਟਮ ਬਾਰੇ ਮਾਣ ਸਤਿਕਾਰ ਘਟਿਆ ਹੈ।

ਕਿਸਾਨਾਂ ਵੱਲੋਂ 16 ਨੂੰ ਭਾਰਤ ਬੰਦ, ਵਪਾਰੀ ਤੇ ਟਰਾਂਸਪੋਰਟਰ ਸਾਥ ਦੇਣ: ਟਿਕੈਤ

ਨੋਇਡਾ, 24 ਜਨਵਰੀ-ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਅੱਜ ਕਿਹਾ ਕਿ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇਣ ਵਾਲੇ ਕਾਨੂੰਨ ਨੂੰ ਲਾਗੂ ਨਾ ਕਰਨ ਸਮੇਤ ਦੇਸ਼ ਵਿੱਚ ਕਈ ਮੁੱਦਿਆਂ ਨੂੰ ਲੈ ਕੇ ਕਿਸਾਨ 16 ਫਰਵਰੀ ਨੂੰ 'ਭਾਰਤ ਬੰਦ' ਕਰਨਗੇ। ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਰਾਸ਼ਟਰੀ ਬੁਲਾਰੇ ਟਿਕੈਤ ਨੇ ਕਿਹਾ ਕਿ ਕਿਸਾਨ ਸਮੂਹਾਂ ਤੋਂ ਇਲਾਵਾ ਵਪਾਰੀਆਂ ਅਤੇ ਟਰਾਂਸਪੋਰਟਰਾਂ ਨੂੰ ਵੀ ਇਸ ਕਾਰਨ ਦਾ ਸਮਰਥਨ ਕਰਨ ਅਤੇ ਉਸ ਦਿਨ ਹੜਤਾਲ ਕਰਨ ਲਈ ਕਿਹਾ ਗਿਆ ਹੈ। ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਸਮੇਤ ਕਈ ਕਿਸਾਨ ਸਮੂਹ ਇਸ ਦਾ ਹਿੱਸਾ ਹਨ।

ਜੇਲ੍ਹ 'ਚ ਕੈਦੀਆਂ ਵੱਲੋਂ ਜਨਮ ਦਿਨ ਪਾਰਟੀ ਦਾ ਮਾਮਲਾ, ਲੁਧਿਆਣਾ ਕੇਂਦਰੀ ਜੇਲ੍ਹ ਦੇ ਦੋ ਡਿਪਟੀ ਸੁਪਰਡੈਂਟ ਗ੍ਰਿ.ਫਤਾਰ

ਲੁਧਿਆਣਾ, 24 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ)-ਜੇਲ੍ਹਾਂ 'ਚ ਨਸ਼ਾ ਤੇ ਮੋਬਾਈਲ ਮਿਲਣ ਦੇ ਮਾਮਲਿਆਂ 'ਚ ਘਿਰਦੀ ਆ ਰਹੀ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ 'ਤੇ ਹੁਣ ਪੰਜਾਬ-ਹਰਿਆਣਾ ਹਾਈਕੋਰਟ ਦੀ ਝਾੜ ਦਾ ਅਸਰ ਵਿਖਾਈ ਦੇ ਰਿਹਾ ਹੈ। ਲੁਧਿਆਣਾ ਜੇਲ੍ਹ ਵਿਚੋਂ ਕੈਦੀਆਂ ਦੀ ਜਨਮ ਦਿਨ ਦੀ ਪਾਰਟੀ ਮਨਾਉਣ ਵੀਡੀਓ ਮਾਮਲੇ ਵਿੱਚ ਦੋ ਡਿਪਟੀ ਸੁਪਰਡੈਂਟ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹਾਲਾਂਕਿ ਇਸ ਦੌਰਾਨ 26 ਦੇ ਕਰੀਬ ਮੋਬਾਈਲ ਫੋਨ ਵੀ ਜੇਲ੍ਹ ਵਿਚੋਂ ਮੋਬਾਈਲ ਬਰਾਮਦ ਹੋਏ ਹਨ। ਦੱਸ ਦੇਈਏ ਕਿ ਜਨਵਰੀ ਮਹੀਨੇ ਦੇ ਸ਼ੁਰੂ ਵਿੱਚ ਲੁਧਿਆਣਾ ਕੇਂਦਰੀ ਜੇਲ੍ਹ ਅੰਦਰ ਕੈਦੀਆਂ ਵੱਲੋਂ ਜਨਮ ਦਿਨ ਮਨਾਉਣ ਦੀ ਵੀਡੀਓ ਸਾਹਮਣੇ ਆਈ ਸੀ, ਜਿਸ ਪਿੱਛੋਂ ਪੁਲਿਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਸੀ। ਮਾਮਲੇ 'ਚ ਹਾਈਕੋਰਟ ਨੇ ਵੀ ਸਰਕਾਰ ਨੂੰ ਝਾੜ ਪਾਈ ਸੀ। ਇਸ ਪਿੱਛੋਂ ਪੰਜਾਬ ਪੁਲਿਸ ਵੱਲੋਂ ਮਾਮਲੇ ਵਿੱਚ ਕਾਰਵਾਈ ਕਰਦੇ ਹੋਏ ਲੁਧਿਆਣਾ ਜੇਲ੍ਹ ਦੇ ਦੋ ਡਿਪਟੀ ਸੁਪਰਡੈਂਟ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਡੀਸੀਪੀ ਦਿਹਾਤੀ ਜਸਕਿਰਨ ਸਿੰਘ ਤੇਜਾ ਨੇ ਦੱਸਿਆ ਕਿ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ 7 ਵਿੱਚ ਕੇਸ ਦਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪੁਲਿਸ ਨੇ ਚਾਰ ਹਵਾਲਾਤੀਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਵੀ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਤੋਂ ਪੁੱਛਗਿੱਛ ਵਿੱਚ ਖੁਲਾਸਾ ਹੋਇਆ ਸੀ ਕਿ ਅਧਿਕਾਰੀਆਂ ਦੀ ਮਦਦ ਨਾਲ ਜੇਲ੍ਹ ਵਿੱਚ ਮੋਬਾਈਲ ਫੋਨ ਅਤੇ ਨਸ਼ਾ ਸਪਲਾਈ ਹੁੰਦਾ ਹੈ। ਗ੍ਰਿਫਤਾਰ ਕੀਤੇ ਗਏ ਦੋਵਾਂ ਡਿਪਟੀ ਸੁਪਰਡੈਂਟ 'ਤੇ ਜੇਲ੍ਹ 'ਚ ਬੰਦ ਕੈਦੀਆਂ ਤੋਂ ਰਿਸ਼ਵਤ ਲੈ ਕੇ ਮੋਬਾਈਲ ਅਤੇ ਨਸ਼ਾ (ਬਾਕੀ ਸਫ਼ਾ 2 'ਤੇ)

ਫੋਟੋ-ਅਮਰੀਕ ਸਿੰਘ ਪ੍ਰਿੰਸ

ਹਰਿਆਣਾ ਵਿਚ ਨਵੇਂ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਵੋਟਰਾਂ ਵਜੋਂ ਰਜਿਸਟਰੇਸ਼ਨ ਕਰਵਾਉਣ ਦੇ ਲਈ ਕੀਤਾ ਜਾਵੇਗਾ ਸਨਮਾਨਿਤ

ਚੰਡੀਗੜ੍ਹ, 24 ਜਨਵਰੀ (ਪ. ਪ.) – ਹਰਿਆਣਾ ਵਿਚ ਨਵੇਂ ਨੌਜੁਆਨਾਂ ਅਤੇ ਮਹਿਲਾਵਾਂ ਨੂੰ ਵੋਟਰਾਂ ਵਜੋ ਰਜਿਸਟ?ਰੇਸ਼ਣ ਕਰਵਾਉਣ ਤਹਿਤ ਪ੍ਰੋਤਸਾਹਿਤ ਕਰਨ ਦੇ ਵੋਟ ਬਨਵਾਉਣ ਦੇ ਯਤਨਾਂ ਦੇ ਫਲਸਰੂਪ ਵੋਟਰ ਸੂਚੀ ਦੇ ਵਿਸ਼ੇਸ਼ ਸੋਧ ਦੌਰਾਨ ਕੁੱਲ 5,25,615 ਲੋਕ ਨਵੇਂ ਵੋਟਰ ਵਜੋ ਰਜਿਸਟਰਡ ਹੋਏ ਹਨ। ਇੰਨ੍ਹਾਂ ਵਿਚ 1,41,290 ਨੌਜੁਆਨ ਵੋਟਰ 18-19 ਸਾਲ ਉਮਰ ਦੇ ਰਜਿਸਟਰਡ ਹੋਏ, ਜੋ ਕਿ ਇਕ ਰਿਕਾਰਡ ਹੈ। ਅਜਿਹੇ ਵੋਟਰਾਂ ਨੂੰ ਮੁੱਖ ਸਕੱਤਰ ਸ੍ਰੀ ਸੰਜੀਵ ਕੌਸ਼ਲ ਵੱਲੋਂ ਕੌਮੀ ਵੋਟਰ ਡੇ 25 ਜਨਵਰੀ, 2024 ਨੂੰ ਸਨਮਾਨਿਤ ਕੀਤਾ ਜਾਵੇਗਾ। ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਕੁਰੂਕਸ਼ੇਤਰ ਵਿਚ 25 ਜਨਵਰੀ ਨੂੰ ਰਾਜ ਪੱਧਰੀ ਵੋਟਰ ਡੇ ਮਨਾਇਆ ਜਾਵੇਗਾ। ਉਨ੍ਹਾਂ ਨੇ ਦਸਿਆ ਕਿ 18-19 ਸਾਲ ਦੇ ਸਾਰੇ ਵੋਟਰਾਂ ਅਤੇ ਸਾਰੀ ਮਹਿਲਾ ਵੋਟਰਾਂ, ਜਿਨ੍ਹਾਂ ਨੇ ਵੋਟਰ ਬਨਣ ਦੇ ਲਈ 1 ਅਕਤੂਬਰ, 2023 ਤੋਂ 9 ਦਸੰਬਰ, 2023 ਤਕ ਬਿਨੈ ਕੀਤਾ ਸੀ, ਉਨ੍ਹਾਂ ਦਾ ਡਰਾਅ ਰਾਹੀਂ ਚੋਣ ਕੀਤਾ ਅ?ਗਾ ਹੈ। ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਨੌਜੁਆਨ ਵੋਟਰਾਂ ਵਿੱਚੋਂ ਪਹਿਲੇ ਤਿੰਨ ਵੋਟਰਾਂ ਨੂੰ ਤਿੰਨ ਲੈਪਟਾਪ, ਅਗਲੇ ਦੋ ਵੋਟਰਾਂ ਨੂੰ ਦੋ ਸਮਾਰਟ ਫੋਨ ਅਤੇ 100 ਵੋਟਰਾਂ ਨੂੰ ਪੈਨਡਰਾਇਵ ਦਿੱਤੇ ਜਾਣਗੇ। ਇਸੀ ਤਰ੍ਹਾ, ਮਹਿਲਾਵਾਂ ਨੂੰ ਵੀ ਇਸੀ ਕ੍ਰਮ ਵਿਚ ਪੁਰਸਕਾਰ ਦਿੱਤਾ ਜਾਵੇਗਾ।

ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦੇਣ ਦੇ ਐਲਾਨ 'ਤੇ ਲਾਲੂ ਯਾਦਵ ਨੇ ਮੋਦੀ ਸਰਕਾਰ ਨੂੰ ਘੇਰਿਆ

ਪਟਨਾ, 24 ਜਨਵਰੀ (ਯੂ. ਐਨ. ਆਈ.)-ਮੋਦੀ ਸਰਕਾਰ ਨੇ ਜਿਵੇਂ ਹੀ ਬਿਹਾਰ ਦੇ ਮਹਾਨ ਸਮਾਜਵਾਦੀ ਨੇਤਾ ਅਤੇ ਸਾਬਕਾ ਮਰਹੂਮ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ, ਉਦੋਂ ਹੀ ਬਿਹਾਰ ਦੀ ਸਿਆਸਤ ਤੇਜ਼ ਹੋ ਗਈ। ਭਾਜਪਾ, ਜੇਡੀਯੂ ਅਤੇ ਰਾਸ਼ਟਰੀ ਜਨਤਾ ਦਲ ਦੇ ਨੇਤਾਵਾਂ ਵੱਲੋਂ ਲਗਾਤਾਰ ਪ੍ਰਤੀਕਿਰਿਆਵਾਂ ਆ ਰਹੀਆਂ ਹਨ। ਹੁਣ ਇਸ ਸਿਲਸਿਲੇ 'ਚ ਰਾਸ਼ਟਰੀ ਜਨਤਾ ਦਲ ਦੇ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਨੇ ਵੀ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਲਾਲੂ ਪ੍ਰਸਾਦ ਯਾਦਵ ਨੇ ਆਪਣੇ ਐਕਸ ਹੈਂਡਲ 'ਤੇ ਪੋਸਟ ਕਰ ਕੇ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ। ਲਾਲੂ ਯਾਦਵ ਨੇ ਲਿਖਿਆ ਕਿ ਜਾਤੀ ਜਨਗਣਨਾ ਦੇ ਡਰ ਤੋਂ ਮੋਦੀ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਲਾਲੂ ਪ੍ਰਸਾਦ ਯਾਦਵ ਨੇ ਲਿਖਿਆ ਕਿ ਮੇਰੇ ਸਿਆਸੀ ਅਤੇ ਵਿਚਾਰਧਾਰਕ ਗੁਰੂ ਮਰਹੂਮ ਕਰਪੂਰੀ ਠਾਕੁਰ ਜੀ ਨੂੰ ਭਾਰਤ ਰਤਨ ਬਹੁਤ ਪਹਿਲਾਂ ਮਿਲ ਜਾਣਾ ਚਾਹੀਦਾ ਸੀ। ਅਸੀਂ ਇਹ ਆਵਾਜ਼ ਸਦਨ ਤੋਂ ਲੈ ਕੇ ਸੜਕਾਂ ਤੱਕ ਬੁਲੰਦ ਕੀਤੀ ਪਰ ਕੇਂਦਰ ਸਰਕਾਰ ਉਦੋਂ ਜਾਗ ਪਈ ਜਦੋਂ ਮੌਜੂਦਾ ਬਿਹਾਰ ਸਰਕਾਰ ਨੇ ਸਮਾਜਿਕ ਚਿੰਤਾਵਾਂ ਤੋਂ ਬਾਹਰ ਹੋ ਕੇ ਜਾਤੀ ਜਨਗਣਨਾ ਕਰਵਾਈ ਅਤੇ ਬਹੁਜਨਾਂ ਦੇ ਭਲੇ ਲਈ ਰਾਖਵੇਂਕਰਨ ਦਾ ਘੇਰਾ ਵਧਾ ਦਿੱਤਾ। ਡਰ ਹੀ ਸਹੀ, ਰਾਜਨੀਤੀ ਨੂੰ ਦਲਿਤ ਬਹੁਜਨ ਸਰੋਕਾਰਾਂ 'ਤੇ ਆਉਣਾ ਹੀ ਹੋਵੇਗਾ। ਦੂਜੇ ਪਾਸੇ ਰਾਸ਼ਟਰੀ ਜਨਤਾ ਦਲ ਦੇ ਸੀਨੀਅਰ ਨੇਤਾ, ਲਾਲੂ ਪ੍ਰਸਾਦ ਦੇ ਛੋਟੇ ਬੇਟੇ ਅਤੇ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਸਵੇਰੇ-ਸਵੇਰੇ ਇਕ ਵੀਡੀਓ ਜਾਰੀ ਕਰ ਕੇ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਿੱਤੇ ਜਾਣ ਦਾ ਸਵਾਗਤ ਕੀਤਾ ਅਤੇ ਕਿਹਾ, ਅੱਜ ਸਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਪੂਰੀ ਹੋ ਗਈ ਹੈ। ਬਿਹਾਰ ਦੇ ਮਹਾਨ ਸਮਾਜਵਾਦੀ ਨੇਤਾ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦੇਣ ਦੀ ਮੰਗ ਦਹਾਕਿਆਂ ਪੁਰਾਣੀ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਕਰਪੂਰੀ ਠਾਕੁਰ ਦੀ 100ਵੀਂ ਜਯੰਤੀ 'ਤੇ ਇਸ ਸਰਵਉੱਚ ਸਨਮਾਨ ਦਾ ਐਲਾਨ ਦਲਿਤਾਂ, ਵੰਚਿਤਾਂ ਅਤੇ ਅਣਗੌਲੇ ਵਰਗਾਂ 'ਚ ਸਕਾਰਾਤਮਿਕ ਭਾਵਨਾ ਪੈਦਾ ਕਰੇਗਾ।

ਵਿਦੇਸ਼ੀ ਨੰਬਰਾਂ ਤੋਂ ਆਉਂਦੇ ਠੱਗੀ ਵਾਲੇ .ਫੋਨਾਂ ਤੋਂ ਲੋਕ ਪਰੇਸ਼ਾਨ

ਬਠਿੰਡਾ, 24 ਜਨਵਰੀ (ਸੁਖਵਿੰਦਰ ਸਿੰਘ ਸਰਾਂ) ਭੋਲੇ ਭਾਲੇ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਠੱਗ ਕਿਸੇ ਨਾ ਕਿਸੇ ਤਰੀਕੇ ਨਾਲ ਲੋਕਾਂ ਨੂੰ ਆਪਣੇ ਝਾਂਸੇ ਵਿੱਚ ਉਲਝਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਅਜਿਹੇ ਮਾਮਲੇ ਕਈ ਵਾਰ ਸਾਹਮਣੇ ਆਏ ਹਨ ਹੁਣ ਫਿਰ ਵਿਦੇਸ਼ੀ ਨੰਬਰਾਂ ਤੋਂ ਫੋਨ ਕਰਕੇ ਲੱਖਾਂ ਰੁਪਏ ਮੰਗਣ ਦੇ ਮਾਮਲੇ ਸਾਹਮਣੇ ਆ ਰਹੇ ਹਨ ਜਿਸ ਤੇ ਪੁਲਿਸ ਵੱਲੋਂ ਕਈ ਮਾਮਲੇ ਦਰਜ ਕਰਕੇ ਠੱਗੀ ਮਾਰਨ ਵਾਲੇ ਵਿਅਕਤੀਆਂ ਨੂੰ ਕਾਬੂ ਵੀ ਕੀਤਾ ਗਿਆ ਹੈ ਠੱਗੀ ਮਾਰਨ ਵਾਲੇ ਵਿਅਕਤੀਆਂ ਵੱਲੋਂ ਕਈ ਪੁਲਿਸ ਅਫਸਰਾਂ ਨੂੰ ਵੀ ਅਜਿਹੀਆਂ ਕਾਲਾਂ ਕਰਕੇ ਪੈਸੇ ਮੰਗਣ ਦੀ ਕੋਸ਼ਿਸ਼ ਕੀਤੀ ਗਈ ਅੱਜ ਮਧੂਬਨ ਹੋਟਲ ਦੇ ਨਜ਼ਦੀਕ ਗਲੀ ਨੰਬਰ 5 ਮਿਨੀ ਸੈਕਟਰੀਏਟ ਰੋਡ ਤੇ ਸਥਿਤ ਸਿੱਧੂ ਫਾਇਨਾਸ ਕੰਪਨੀ ਦੇ ਮੈਂਬਰ ਗੁਰਸੇਵਕ ਸਿੰਘ ਨੂੰ ਵੀ ਵਿਦੇਸ਼ੀ ਨੰਬਰ ਤੋਂ ਕਾਲ ਆਈ ਤੇ ਆਪਣੇ ਆਪ ਨੂੰ ਰਿਸ਼ਤੇਦਾਰ ਦੱਸ ਕੇ ਐਮਰਜੰਸੀ ਹੋਣ ਦੀ ਦੁਹਾਈ ਪੌਂਦਿਆਂ ਪੌਣੇ ਚਾਰ ਲੱਖ ਰੁਪਏ ਮੰਗੇ ਗਏ ਜਿਸ ਦੀ ਉਕਤ ਵਿਅਕਤੀ ਵੱਲੋਂ ਪੁਲਿਸ ਨੂੰ ਵੀ ਸ਼ਿਕਾਇਤ ਕੀਤੀ ਗਈ ਹੈ। ਗੁਰਸੇਵਕ ਸਿੰਘ ਨੇ ਮਾਮਲਾ ਧਿਆਨ ਵਿੱਚ ਲਿਆਉਂਦਿਆਂ ਦੱਸਿਆ ਕਿ ਉਕਤ ਵਿਅਕਤੀ ਆਪਣੇ ਆਪ ਨੂੰ ਆਸਟਰੇਲੀਆ ਤੋਂ ਉਹਨਾਂ ਦਾ ਰਿਸ਼ਤੇਦਾਰ ਦੱਸ ਰਿਹਾ (ਬਾਕੀ ਸਫ਼ਾ 2 'ਤੇ)

ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸਾਹਿਬ 'ਤੇ ਪੁਲਿਸ ਵੱਲੋਂ ਗੋਲੀਬਾਰੀ ਦਾ ਮਾਮਲਾ ਸ਼੍ਰੋਮਣੀ ਕਮੇਟੀ ਨੇ 1 .ਫਰਵਰੀ ਨੂੰ ਸੱਦਿਆ ਵਿਸ਼ੇਸ਼ ਜਨਰਲ ਇਜਲਾਸ

ਅੰਮ੍ਰਿਤਸਰ, 24 ਜਨਵਰੀ (ਨਿਰਮਲ ਸਿੰਘ ਚੌਹਾਨ)-ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪੁਲਿਸ ਵੱਲੋਂ ਗੋਲੀਬਾਰੀ ਕਰਨ ਅਤੇ ਮਰਯਾਦਾ ਦੇ ਕੀਤੇ ਉਲੰਘਣ ਦੇ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1 ਫ਼ਰਵਰੀ ਨੂੰ ਵਿਸ਼ੇਸ਼ ਜਨਰਲ ਇਜਲਾਸ ਸੱਦ ਲਿਆ ਗਿਆ ਹੈ। ਅੱਜ ਇਥੇ ਸ਼?ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਦੇ ਅਹੁਦੇਦਾਰਾਂ ਦੀ ਹੋਈ ਇਕ ਵਿਸ਼ੇਸ਼ ਇਕੱਤਰਤਾ ਦੌਰਾਨ ਇਸ ਸਬੰਧੀ ਫੈਸਲਾ ਕੀਤਾ ਗਿਆ। ਜਾਣਕਾਰੀ ਦਿੰਦਿਆਂ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਦੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸਾਹਿਬ 'ਤੇ ਗੋਲੀਬਾਰੀ ਕਰਕੇ ਸਿੱਖ ਭਾਵਨਾਵਾਂ ਨੂੰ ਭਾਰੀ ਸੱਟ ਮਾਰੀ ਹੈ, ਜਿਸ ਲਈ ਗ੍ਰਹਿ ਮੰਤਰੀ ਹੁੰਦਿਆਂ ਉਹ ਸਿੱਧੇ ਤੌਰ 'ਤੇ ਜਵਾਬਦੇਹ ਹਨ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪ੍ਰਸ਼ਾਸਨ ਦੀ ਇਸ ਮਾਮਲੇ 'ਤੇ ਚੁੱਪੀ ਸਵਾਲ ਪੈਦਾ ਕਰਦੀ ਹੈ, ਜਦਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਕਰਵਾਈ ਗਈ ਜਾਂਚ ਦੀ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਪੁਲਿਸ ਨੇ ਬਿਨਾਂ ਲੋੜ ਤੋਂ ਗੁਰਦੁਆਰਾ ਸਾਹਿਬ ਨੂੰ ਨਿਸ਼ਾਨਾ ਬਣਾਇਆ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰੀ ਸ਼ਹਿ 'ਤੇ ਪੁਲਿਸ ਵੱਲੋਂ ਗੁਰੂ ਘਰਾਂ 'ਤੇ ਹਮਲੇ ਬਰਦਾਸ਼ਤ ਨਹੀਂ ਕੀਤੇ ਜਾ ਸਕਦੇ। ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਘਟਨਾ ਦੀ ਜ਼ੁੰਮੇਵਾਰੀ ਤੋਂ ਪੰਜਾਬ ਦੇ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸ੍ਰੀ ਭਗਵੰਤ ਮਾਨ ਕਦੇ ਵੀ ਬਰੀ ਨਹੀਂ ਹੋ ਸਕਦੇ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਗੰਭੀਰ ਮਸਲੇ ਪ੍ਰਤੀ ਸ਼?ਰੋਮਣੀ ਕਮੇਟੀ ਚੁੱਪ ਨਹੀਂ ਬੈਠੇਗੀ ਅਤੇ ਸੰਗਤਾਂ ਅੰਦਰ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਤੇ ਪੁਲਿਸ ਦੀ ਘਿਨੌਣੀ ਕਾਰਵਾਈ ਨੂੰ ਹਰ ਪੱਧਰ 'ਤੇ ਜਨਤਕ ਕਰੇਗੀ। ਉਨ੍ਹਾਂ ਕਿਹਾ ਕਿ ਇਸ ਨੂੰ ਲੈ ਕੇ ਅੱਜ ਅੰਤ੍ਰਿੰਗ ਕਮੇਟੀ ਦੇ ਅਹੁਦੇਦਾਰਾਂ ਨਾਲ ਬੈਠਕ ਕਰਕੇ ਵਿਚਾਰ ਲਏ ਹਨ, ਜਿਸ ਅਨੁਸਾਰ 1 ਫਰਵਰੀ ਨੂੰ ਦੁਪਹਿਰ 12:00 ਵਜੇ ਸ੍ਰੀ ਅੰਮ੍ਰਿਤਸਰ ਵਿਖੇ ਜਨਰਲ ਇਜਲਾਸ ਬੁਲਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਇਜਲਾਸ ਦੌਰਾਨ ਮੈਂਬਰਾਂ ਦੀ ਰਾਏ ਲਈ ਜਾਵੇਗੀ, ਜਦਕਿ ਇਸ ਤੋਂ ਪਹਿਲਾਂ ਸਮੂਹ ਮੈਂਬਰਾਂ ਨੂੰ ਜਾਂਚ ਰਿਪੋਰਟ ਅਤੇ ਸਬੂਤਾਂ ਦਾ ਵੇਰਵਾ ਭੇਜਿਆ ਜਾਵੇਗਾ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਜਾਂਚ ਰਿਪੋਰਟ ਅਤੇ ਪੁਲਿਸ ਉੱਪਰ ਦੋਸ਼ਾਂ ਨੂੰ ਸਾਬਤ ਕਰਦੇ ਸਾਰੇ ਸਬੂਤ ਪ੍ਰਚਾਰਕ ਜਥਿਆਂ ਰਾਹੀਂ ਪਿੰਡ ਪੱਧਰ ਤੱਕ (ਬਾਕੀ ਸਫ਼ਾ 2 'ਤੇ)

ਉਡਾਣ ਬੇਨਿਯਮੀਆਂ ਲਈ ਏਅਰ ਇੰਡੀਆ ਨੂੰ 1 ਕਰੋੜ ਤੋਂ ਵੱਧ ਦਾ ਜੁਰਮਾਨਾ

ਨਵੀਂ ਦਿੱਲੀ, 24 ਜਨਵਰੀ (ਯੂ. ਐਨ. ਆਈ.)-ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ ਨੇ ਖਾਸ ਲੰਬੀ ਦੂਰੀ ਦੇ ਨਾਜ਼ੁਕ ਰੂਟਾਂ 'ਤੇ ਸੁਰੱਖਿਆ ਉਲੰਘਣਾਵਾਂ ਲਈ ਏਅਰ ਇੰਡੀਆ 'ਤੇ 1.10 ਕਰੋੜ ਰੁਪਏ ਦਾ ਭਾਰੀ ਜੁਰਮਾਨਾ ਲਗਾਇਆ ਹੈ। ਉਡਾਣ ਦੀਆਂ ਬੇਨਿਯਮੀਆਂ ਨਾਲ ਸਬੰਧਤ ਕਈ ਘਟਨਾਵਾਂ ਦੇ ਵਿਚਕਾਰ ਏਅਰਲਾਈਨ ਵੱਲੋਂ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਨਾ ਕਰਨ ਨੂੰ ਉਜਾਗਰ ਕੀਤਾ ਗਿਆ ਸੀ। ਇਹ ਜ਼ੁਰਮਾਨਾ ਹਾਲ ਹੀ ਵਿੱਚ ਇੰਡੀਗੋ 'ਤੇ 1.20 ਕਰੋੜ ਰੁਪਏ ਦੇ ਜੁਰਮਾਨੇ ਤੋਂ ਬਾਅਦ ਲਗਾਇਆ ਗਿਆ ਹੈ, ਜਿਸ ਵਿੱਚ ਯਾਤਰੀਆਂ ਨੂੰ ਟਾਰਮੈਕ 'ਤੇ ਉਤਰਨ ਅਤੇ ਭੋਜਨ ਦਾ ਸੇਵਨ ਕਰਨ ਵਾਲੀ ਇੱਕ ਵੱਖਰੀ ਘਟਨਾ ਲਈ ਲਗਾਇਆ ਗਿਆ ਸੀ, ਜਿਸਦੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਵੱਲੋਂ ਸਖ਼ਤ ਆਲੋਚਨਾ ਕੀਤੀ ਗਈ ਸੀ। ਡੀਜੀਸੀਏ ਨੇ ਬੀ777 ਕਮਾਂਡਰ ਵਜੋਂ ਸੇਵਾ (ਬਾਕੀ ਸਫ਼ਾ 2 'ਤੇ)

ਸ.ਫਾ 1 ਦੇ ਬਕੀਏ

ਸੁਲਤਾਨਪੁਰ ਲੋਧੀ ਵਿਖੇ.............

ਪਹੁੰਚਾਏ ਜਾਣਗੇ। ਇਸ ਦੌਰਾਨ ਐਡਵੋਕੇਟ ਧਾਮੀ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਵਿਚ ਆਮ ਆਦਮੀ ਪਾਰਟੀ ਵੱਲੋਂ ਅਪਣਾਈ ਜਾ ਰਹੀ ਸਿੱਖ ਵਿਰੋਧੀ ਨੀਤੀ ਦੀ ਵੀ ਕਰੜੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਦੀ ਸ੍ਰੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਵੱਲੋਂ ਪਹਿਲਾਂ ਪ੍ਰੋ. ਭੁੱਲਰ ਦੀ ਰਿਹਾਈ ਸਬੰਧੀ ਫਾਈਲ ਕਈ ਵਾਰ ਅੱਗੇ ਪਾਈ ਗਈ, ਜਦਕਿ ਹੁਣ ਰੀਵਿਊ ਬੋਰਡ ਦੀ ਤਾਜ਼ਾ ਮੀਟਿੰਗ ਦੌਰਾਨ ਇਸ ਨੂੰ ਰੱਦ ਕਰਕੇ ਸਿੱਧ ਕੀਤਾ ਹੈ ਕਿ ਇਨ੍ਹਾਂ ਦਾ ਏਜੰਡਾ ਸਿੱਖ ਮਸਲਿਆਂ ਪ੍ਰਤੀ ਕਦੇ ਵੀ ਹਾਂਪੱਖੀ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਹੁਣ ਕੇਜਰੀਵਾਲ ਦਾ ਚਿਹਰਾ ਬਿਲਕੁਲ ਬੇਨਕਾਬ ਹੋ ਚੁੱਕਾ ਹੈ। ਉਨ੍ਹਾਂ ਪੰਜਾਬ ਸਰਕਾਰ ਦੀ ਸਿੱਖ ਵਿਰੋਧੀ ਮਨਸ਼ਾ ਦੀ ਗੱਲ ਕਰਦਿਆਂ ਕਿਹਾ ਕਿ ਬੇਅਦਬੀ ਮਾਮਲਿਆਂ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ਼ ਕੇਸ ਚਲਾਉਣ ਨੂੰ ਪੌਣੇ 2 ਸਾਲ ਬੀਤਣ 'ਤੇ ਸਰਕਾਰ ਵੱਲੋਂ ਪ੍ਰਵਾਨਗੀ ਨਹੀਂ ਦਿੱਤੀ ਗਈ। ਉਨ੍ਹਾਂ ਹਰਿਆਣਾ ਸਰਕਾਰ ਵੱਲੋਂ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੇ ਜਾਣ 'ਤੇ ਸਵਾਲ ਉਠਾਏ। ਐਡਵੋਕੇਟ ਧਾਮੀ ਨੇ ਕਿਹਾ ਕਿ ਇਨਸਾਫ ਇਕਪਾਸੜ ਨਹੀਂ ਹੋਣਾ ਚਾਹੀਦਾ, ਸਗੋਂ ਸਰਕਾਰਾਂ ਨੂੰ ਬੰਦੀ ਸਿੰਘਾਂ ਲਈ ਵੀ ਬਰਾਬਰ ਨੀਤੀ ਰੱਖਣੀ ਚਾਹੀਦੀ ਹੈ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ, ਪੰਥਕ ਜਥੇਬੰਦੀਆਂ ਅਤੇ ਸੰਗਤਾਂ ਨੂੰ ਸ਼?ਰੋਮਣੀ ਕਮੇਟੀ ਦੀਆਂ ਵੱਧ ਤੋਂ ਵੱਧ ਵੋਟਾਂ ਬਣਾਉਣ ਦੀ ਵੀ ਅਪੀਲ ਕੀਤੀ, ਤਾਂ ਜੋ ਪੰਥਕ ਸੰਸਥਾਵਾਂ ਅੰਦਰ ਘੁਸਪੈਠ ਕਰਨ ਦੀਆਂ ਚਾਲਾਂ ਨੂੰ ਨਕਾਰਿਆ ਜਾ ਸਕੇ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਮਸਾਣਾਂ, ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਸ. ਖੁਸ਼ਵਿੰਦਰ ਸਿੰਘ ਭਾਟੀਆ, ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਅਮਰਜੀਤ ਸਿੰਘ ਭਲਾਈਪੁਰ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਤੁਗਲਵਾਲ, ਭਾਈ ਅਜਾਇਬ ਸਿੰਘ ਅਭਿਆਸੀ, ਸ. ਬਿਕਰਮ ਸਿੰਘ ਕੋਟਲਾ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸ. ਬਲਵਿੰਦਰ ਸਿੰਘ ਕਾਹਵਲਾਂ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਤੇਜਿੰਦਰ ਸਿੰਘ ਪੱਡਾ, ਸ. ਜਸਵਿੰਦਰ ਸਿੰਘ ਜੱਸੀ, ਸ. ਸ਼ਾਹਬਾਜ਼ ਸਿੰਘ, ਸ. ਗੁਰਨਾਮ ਸਿੰਘ ਆਦਿ ਮੌਜੂਦ ਸਨ।

ਜੇਲ੍ਹ 'ਚ ਕੈਦੀਆਂ ਵਲੋਂ...........

ਮੁਹੱਈਆ ਕਰਵਾਉਣ ਦਾ ਇਲਜ਼ਾਮ ਹੈ। ਇਹ ਵੀ ਖੁਲਾਸਾ ਹੋਇਆ ਹੈ ਕਿ ਰਿਸ਼ਵਤ ਦੀ ਰਕਮ ਇਹ ਯੂਪੀਆਈ ਰਾਹੀਂ ਲੈਂਦੇ ਸਨ। ਜਿਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦੇ ਰਿਮਾਂਡ ਹਾਸਲ ਕੀਤਾ ਗਿਆ ਹੈ।

ਵਿਦੇਸ਼ੀ ਨੰਬਰਾਂ ਤੋਂ................

ਸੀ ਤੇ ਹਸਪਤਾਲ ਵਿੱਚ ਕਿਸੇ ਮਰੀਜ਼ ਦੀ ਹੋਣ ਦੀ ਗੱਲ ਕਹਿ ਕੇ ਪਾਉਣੇ 4 ਲੱਖ ਰੁਪਏ ਮੰਗ ਰਿਹਾ ਸੀ। ਜਿਸ ਸਬੰਧੀ ਉਹਨਾਂ ਸੀਨੀਅਰ ਪੱਤਰਕਾਰ ਅਨਿਲ ਵਰਮਾ ਦੇ ਵੀ ਮਾਮਲਾ ਧਿਆਨ ਵਿੱਚ ਲਿਆਂਦਾ ਤੇ ਉਹਨਾਂ ਵੱਲੋਂ ਐਸਪੀ ਸਿਟੀ ਨਰਿੰਦਰ ਸਿੰਘ ਨੂੰ ਵੀਡੀਓ ਰਿਕਾਰਡਿੰਗ ਕਰਕੇ ਭੇਜੀ ਗਈ ਅਤੇ ਪੁਲਿਸ ਤੋਂ ਇਸ ਮਾਮਲੇ ਤੇ ਠੋਸ ਕਾਰਵਾਈ ਮੰਗੀ। ਐਸਪੀ ਸਿਟੀ ਨਰਿੰਦਰ ਸਿੰਘ ਨੇ ਲੋਕਾਂ ਨੂੰ ਅਜਿਹੀਆਂ ਕਾਲਾਂ ਤੋਂ ਸੁਚੇਤ ਕਰਦੇ ਹੋਏ ਕਿਹਾ ਕਿ ਇਹ ਲੋਕ ਕਿਵੇਂ ਨਾ ਕਿਵੇਂ ਭੋਲੇ ਭਾਲੇ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਬਣਾਉਂਦੇ ਹਨ ਜਿਸ ਤੋਂ ਹਰ ਵਿਅਕਤੀ ਨੂੰ ਸੁਚੇਤ ਰਹਿਣ ਦੀ ਲੋੜ ਹੈ ਉਹਨਾਂ ਦਾ ਪੁਲਿਸ ਦੇ ਸਾਈਬਰ ਸੈਲ ਵੱਲੋਂ ਅਜਿਹੀਆਂ ਸ਼ਿਕਾਇਤਾਂ ਤੇ ਠੋਸ ਕਾਰਵਾਈ ਕੀਤੀ ਜਾ ਰਹੀ ਹੈ।

10.77 ਲੱਖ ਕੱਟੇ ਕਾਰਡ.............

ਵੀ ਬਦਲੀ ਕਰਵਾ ਸਕਦੇ ਹਨ। ਸੂਬੇ ਦੇ 15 ਸ਼ਹਿਰਾਂ 'ਚ ਸੀਐਮ ਯੋਗਸ਼ਾਲਾ ਸ਼ੁਰੂ ਕੀਤੀ ਜਾ ਰਹੀ ਹੈ। ਉਸ ਲਈ ਸਟਾਫ਼ ਵੀ ਰੱਖਿਆ ਜਾਵੇਗਾ। ਸੀਐਮ ਨੇ ਕਿਹਾ ਕਿ ਯੋਗਸ਼ਾਲਾ ਨੂੰ ਉਤਸ਼ਾਹ ਮਿਲਿਆ ਹੈ। ਲੋਕ ਯੋਗ ਕੈਂਪ ਦਾ ਲਾਹਾ ਲੈ ਰਹੇ ਹਨ। 15 ਹੋਰ ਸ਼ਹਿਰਾਂ 'ਚ ਯੋਗਸ਼ਾਲਾਵਾਂ ਖੁੱਲ੍ਹਣਗੀਆਂ ਅਤੇ ਯੋਗਾ ਅਧਿਆਪਕ, ਸਹਾਇਕ ਸਟਾਫ਼, ਕਿੱਟਾਂ ਆਦਿ ਉਪਲਬਧ ਕਰਵਾਈਆਂ ਜਾਣਗੀਆਂ।

ਮਮਤਾ ਦੇ ਬਾਅਦ.............

ਕੁੱਝ ਮੰਤਰੀਆਂ ਸਮੇਤ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਲੋਕ ਸਭਾ ਚੋਣਾਂ ਵਿੱਚ ਉਤਾਰਿਆ ਜਾ ਸਕਦਾ ਹੈ। ਚੋਣਾਂ ਵਿੱਚ ਨੌਜਵਾਨਾਂ ਤੇ ਔਰਤਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਵੇਗਾ। ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਲਈ ਖਿੱਚੀ ਤਿਆਰੀ ਨੂੰ ਵੇਖ ਕੇ ਕਾਂਗਰਸ ਨੇ ਵੀ ਉਮੀਦਵਾਰਾਂ ਦੀ ਭਾਲ ਅਰੰਭ ਦਿੱਤੀ ਹੈ। ਕਾਂਗਰਸ ਹਾਈਕਮਾਨ ਵੱਲੋਂ ਲੋਕ ਸਭਾ ਚੋਣ ਲਈ 27 ਮੈਂਬਰੀ ਪੰਜਾਬ ਚੋਣ ਕਮੇਟੀ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਇਸਤੋਂ ਇਲਾਵਾ ਪੰਜਾਬ 'ਚ ਪਾਰਟੀ ਦੇ ਸੀਨੀਅਰ ਅਗੂਆਂ ਵੱਲੋਂ ਤਿੰਨ ਦਿਨਾਂ ਵਿੱਚ 6 ਲੋਕ ਸਭਾ ਹਲਕਿਆਂ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ ਹੈ, ਜਿਸ ਨੂੰ ਲੈ ਕੇ ਹੁਸ਼ਿਆਰਪੁਰ ਤੇ ਜਲੰਧਰ 'ਚ ਵੀ ਮੀਟਿੰਗ ਰੱਖੀ ਗਈ ਹੈ।

ਉਡਾਣ ਬੇਨਿਯਮੀਆਂ ਲਈ.............

ਨਿਭਾਉਣ ਵਾਲੇ ਏਅਰ ਇੰਡੀਆ ਦੇ ਸਾਬਕਾ ਪਾਇਲਟ ਤੋਂ ਸ਼ਿਕਾਇਤ ਮਿਲਣ ਤੋਂ ਬਾਅਦ ਸੁਰੱਖਿਆ ਉਲੰਘਣਾਵਾਂ ਦੀ ਜਾਂਚ ਸ਼ੁਰੂ ਕੀਤੀ। ਜਾਂਚ ਨੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਨ ਵਿੱਚ ਏਅਰਲਾਈਨ ਦੀ ਅਸਫਲਤਾ ਦੇ ਪਹਿਲੇ ਨਜ਼ਰੀਏ ਦੇ ਸਬੂਤ ਦਾ ਖੁਲਾਸਾ ਕੀਤਾ। ਜਵਾਬ ਵਿੱਚ ਏਅਰ ਇੰਡੀਆ ਲਿਮਟਿਡ ਦੇ ਜਵਾਬਦੇਹ ਮੈਨੇਜਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਮੂਲ ਉਪਕਰਨ ਨਿਰਮਾਤਾ ਵੱਲੋਂ ਨਿਰਧਾਰਿਤ ਵਿਧਾਨਿਕ ਪ੍ਰਬੰਧਾਂ ਅਤੇ ਪ੍ਰਦਰਸ਼ਨ ਸੀਮਾਵਾਂ ਦੀ ਏਅਰਲਾਈਨ ਦੀ ਪਾਲਣਾ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਗਈ ਸੀ। ਇਸਤੋਂ ਇਲਾਵਾ, ਪ੍ਰਤੀਕੂਲ ਮੌਸਮੀ ਸਥਿਤੀਆਂ, ਖਾਸ ਤੌਰ 'ਤੇ ਧੁੰਦ, ਨੇ ਹਾਲ ਹੀ ਵਿੱਚ ਫਲਾਈਟਾਂ ਵਿੱਚ ਦੇਰੀ ਅਤੇ ਰੱਦ ਕਰਨ ਦੀ ਇੱਕ ਮਹੱਤਵਪੂਰਨ ਗਿਣਤੀ ਵਿੱਚ ਅਗਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਕਈ ਹਵਾਈ ਅੱਡਿਆਂ 'ਤੇ ਹਫੜਾ-ਦਫੜੀ ਮਚ ਗਈ। ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿੱਤਿਆ ਸਿੰਧੀਆ ਨੇ ਅਜਿਹੇ ਕੁਦਰਤੀ ਵਰਤਾਰਿਆਂ ਰਾਹੀਂ ਦਰਪੇਸ਼ ਚੁਣੌਤੀਆਂ ਨੂੰ ਸਵੀਕਾਰ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗਲੋਬਲ ਨਾਗਰਿਕ ਹਵਾਬਾਜ਼ੀ ਪ੍ਰਣਾਲੀਆਂ ਨੂੰ ਗੰਭੀਰ ਮੌਸਮ ਦੀਆਂ ਸਥਿਤੀਆਂ ਦੌਰਾਨ ਸਮਾਨ ਮੁੱਦਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੇ ਬੇਸ ਸਟੇਸ਼ਨਾਂ 'ਤੇ ਰੁਕਾਵਟਾਂ ਦੇ ਪ੍ਰਭਾਵ ਨੂੰ ਵੀ ਉਜਾਗਰ ਕੀਤਾ, ਜਿਸ ਨਾਲ ਹਵਾਬਾਜ਼ੀ ਨੈਟਵਰਕ ਵਿੱਚ ਦੇਰੀ ਅਤੇ ਰੱਦ ਹੋਣ ਦਾ ਇੱਕ ਡੋਮਿਨੋ ਪ੍ਰਭਾਵ ਹੁੰਦਾ ਹੈ। ਮੰਤਰੀ ਸਿੰਧੀਆ ਨੇ ਹਵਾਬਾਜ਼ੀ ਖੇਤਰ ਦੇ ਅੰਦਰ ਮੁੱਖ ਫੋਕਸ ਵਜੋਂ ਸੁਰੱਖਿਆ ਨੂੰ ਤਰਜੀਹ ਦੇਣ ਲਈ ਮੰਤਰਾਲੇ ਦੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ।

ਅਸਮ ਸਰਕਾਰ ਜਿੰਨੇ ਮਰਜੀ.........

23 ਜਨਵਰੀ ਦੇ ਇਸ ਪੱਤਰ ਵਿੱਚ ਖੜਗੇ ਨੇ ਦਾਅਵਾ ਕੀਤਾ ਕਿ ਕਈ ਮੌਕਿਆਂ 'ਤੇ ਅਸਾਮ ਪੁਲੀਸ ਯੋਜਨਾਬੱਧ ਢੰਗ ਨਾਲ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨਾਲ ਖੜ੍ਹੀ ਰਹੀ ਜਾਂ ਉਨ੍ਹਾਂ ਨੂੰ ਸੁਰੱਖਿਆ ਘੇਰਾ ਤੋੜਨ ਅਤੇ ਰਾਹੁਲ ਗਾਂਧੀ ਦੇ ਨੇੜੇ ਜਾਣ ਦੀ ਇਜਾਜ਼ਤ ਦਿੱਤੀ। ਖੜਗੇ ਮੁਤਾਬਕ ਸਬੂਤ ਜਨਤਕ ਹੋਣ ਦੇ ਬਾਵਜੂਦ ਹਾਲੇ ਤੱਕ ਕਿਸੇ ਸ਼ਰਾਰਤੀ ਅਨਸਰ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਅਤੇ ਕਈ ਮਾਮਲਿਆਂ ਦੀ ਜਾਂਚ ਵੀ ਸ਼ੁਰੂ ਨਹੀਂ ਕੀਤੀ ਗਈ ਹੈ।

ਫ਼ਰਵਰੀ ਦੇ ਅੱਧ ਤੱਕ................

ਬਣ ਰਹੇ ਹਨ। ਇਨ੍ਹਾਂ ਸਭ ਕਾਰਨਾਂ ਕਾਰਨ ਸੂਰਜ ਦਾ ਤਾਪ ਢੰਗ ਨਾਲ ਧਰਤੀ ਤੱਕ ਨਹੀਂ ਪਹੁੰਚ ਰਿਹਾ ਅਤੇ ਕਦੇ ਸੀਤ ਦਿਵਸ (ਕੋਲਡ ਡੇ) ਤਾਂ ਕਦੇ ਸੀਤਲਹਿਰ ਦੀ ਸਥਿਤੀ ਬਣੀ ਹੋਈ ਹੈ। ਮੌਸਮ ਵਿਗਿਆਨੀ ਦੱਸਦੇ ਹਨ ਕਿ ਇਸ ਸਥਿਤੀ ਵਿਚ ਹਾਲੇ ਅਗਲੇ ਕੁਝ ਦਿਨਾਂ ਵਿਚ ਵੀ ਬਦਲਾਅ ਦੇ ਸੰਕੇਤ ਨਹੀਂ ਹਨ। ਇਸ ਦੇ ਉਲਟ 26 ਜਨਵਰੀ ਦੇ ਆਸ-ਪਾਸ ਇਕ ਨਵੀਂ ਪੱਛਮੀ ਗੜਬੜੀ ਸਰਗਰਮ ਹੋ ਰਹੀ ਹੈ। ਮੈਦਾਨੀ ਖੇਤਰਾਂ ਵਿਚ ਇਸ ਦਾ ਸਿੱਧਾ ਅਸਰ ਤਾਂ ਨਹੀਂ ਹੋਵੇਗਾ, ਪਰ ਪਹਾੜਾਂ 'ਤੇ ਬਰਫਬਾਰੀ ਹੋ ਸਕਦੀ ਹੈ। ਉੱਤਰ ਪੱਛਮੀ ਹਵਾਵਾਂ ਜ਼ਰੀਏ ਇਸ ਬਰਫਬਾਰੀ ਦੀ ਠੰਢਕ ਫਿਰ ਸਮੁੱਚੇ ਉੱਤਰੀ ਬਾਰਤ ਨੂੰ ਕੰਬਾ ਸਕਦੀ ਹੈ। 30-31 ਜਨਵਰੀ ਨੂੰ ਫਿਰ ਇਕ ਹੋਰ ਪੱਛਮੀ ਗੜਬੜੀ ਆਉਣ ਦਾ ਅਨੁਮਾਨ ਹੈ। ਵਿਗਿਆਨੀਆਂ ਮੁਤਾਬਕ ਅਨੁਮਾਨ ਹੈ ਕਿ ਇਨ੍ਹਾਂ ਹਾਲਾਤ ਕਾਰਨ ਠੰਢ ਦਾ ਅਸਰ ਮੱਧ ਫਰਵਰੀ ਤੱਕ ਬਣਿਆ ਰਹਿ ਸਕਦਾ ਹੈ। ਜੇ ਕੋਲਡ ਡੇਅ ਜਾਂ ਸੀਤ ਲਹਿਰ ਵਾਲੀ ਸਥਿਤੀ ਫਿਰ ਤੋਂ ਬਣ ਜਾਵੇ ਤਾਂ ਵੀ ਅਤਿਕਥਨੀ ਨਹੀਂ। ਮੀਂਹ ਪੈ ਜਾਵੇ ਤਾਂ ਮੌਸਮ ਦਾ ਪੈਟਰਨ ਬਦਲ ਸਕਦਾ ਹੈ ਪਰ ਇਸ ਮਹੀਨੇ ਤਾਂ ਅਜਿਹੀ ਕੋਈ ਸੰਭਾਵਨਾ ਲੱਗ ਨਹੀਂ ਰਹੀ। ਪਿੱਛੇ ਮੁੜ ਕੇ ਦੇਖੀਏ ਤਾਂ ਪਿਛਲੇ ਸਾਲ ਵੀ ਦਸੰਬਰ 'ਚ ਨਾ ਬਰਫਬਾਰੀ ਹੋਈ ਸੀ ਅਤੇ ਨਾ ਹੀ ਬਰਸਾਤ। ਇਸ ਸਾਲ ਵੀ ਉਸੇ ਤਰ੍ਹਾਂ ਦੇ ਹਾਲਾਤ ਬਣੇ ਹੋਏ ਹਨ। ਇਸ ਵਾਰ ਤਾਂ ਦਸੰਬਰ ਕੀ, ਜਨਵਰੀ ਵਿਚ ਵੀ ਮੀਂਹ ਨਹੀਂ ਪਿਆ। ਠੰਢ ਵੀ ਦਸੰਬਰ ਦੀ ਬਜਾਏ ਜਨਵਰੀ 'ਚ ਹੀ ਜ਼ੋਰਦਾਰ ਪੈ ਰਹੀ ਹੈ ਅਤੇ ਫਰਵਰੀ ਤੱਕ ਜਾਣ ਲੱਗੀ ਹੈ। ਮੌਸਮ ਚੱਕਰ ਦੇ ਇਸ ਤਰ੍ਹਾਂ ਅੱਗੇ ਖਿਸਕਣ ਦੇ ਪਿੱਛੇ ਵਿਗਿਆਨੀ ਜਲਵਾਯੂ ਪਰਿਵਰਤਨ ਦੇ ਅਸਰ ਤੋਂ ਵੀ ਇਨਕਾਰ ਨਹੀਂ ਕਰ ਰਹੇ।

ਸ੍ਰੀ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਨੂੰ ਮੁੱਖ ਰੱਖ ਕੇ ਵਿਸਵਾਨਾਥ ਮੰਦਰ 'ਚ ਹੋਇਆ ਸਮਾਗਮ

ਅਮਲੋਹ, 24 ਜਨਵਰੀ (ਗਿੰਨੀ ਸੂਦ)-ਸ੍ਰੀ ਵਿਸਵਾ ਨਾਥ ਮੰਦਰ ਸਰਾਫ਼ਾ ਬਜ਼ਾਰ ਅਮਲੋਹ ਵਿਚ ਅਯੁਧਿਆ ਵਿਚ ਸ੍ਰੀ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਦੀ ਖੁਸ਼ੀ ਵਿਚ ਧਾਰਮਿਕ ਸਮਾਗਮ ਕੀਤਾ ਗਿਆ ਜਿਸ ਵਿਚ ਵਿਸ਼ਵਾਨਾਥ ਮਹਿਲਾ ਸੰਕੀਰਤਨ ਮੰਡਲੀ ਵਲੋਂ ਭੇਟਾਂ ਦਾ ਗੁਣਗਾਨ ਕੀਤਾ ਗਿਆ ਜਿਸ ਉਪਰੰਤ ਕੜ੍ਹੀ ਕਚੌਰੀ ਦਾ ਅਟੁੱਟ ਲੰਗਰ ਚਲਾਇਆ ਗਿਆ। ਮੰਦਰ ਦੇ ਮੁੱਖ ਸੇਵਾਦਾਰ ਪੰਡਤ ਰਮੇਸ਼ਕੁਮਾਰ ਮੇਸ਼ੀ ਨੇ ਆਏ ਸਰਧਾਲੂਆਂ ਨੂੰ ਵਧਾਈ ਦਿਤੀ ਜਦੋ ਕਿ ਪੰਡਤ ਬੁੱਧ ਰਾਮ ਨੇ ਮੰਤਰਾਂ ਦਾ ਉਚਾਰਨ ਕੀਤਾ। ਸਮਾਗਮ ਵਿਚ ਮੰਦਰ ਕਮੇਟੀ ਦੇ ਪ੍ਰਧਾਨ ਮਾਸਟਰ ਅਵਿਨਾਸ਼ ਵਰਮਾ, ਸਰਪਰਸਤ ਰਾਮ ਸਰੂਪ ਥੌਰ, ਆੜ੍ਹਤੀ ਐਸੋਸੀਏਸਨ ਦੇ ਸਾਬਕਾ ਪ੍ਰਧਾਨ ਅਤੇ ਮੰਦਰ ਕਮੇਟੀ ਦੇ ਸਰਗਰਮ ਆਗੂ ਪ੍ਰਮੋਦ ਅਬਰੋਲ, ਬੱਬੀ ਡੱਗ, ਸ੍ਰੀ ਗਊ ਸੇਵਾ ਸੰਮਤੀ ਅਮਲੋਹ ਦੇ ਪ੍ਰਧਾਨ, ਸ਼੍ਰੋਮਣੀ ਅਤੇ ਵੈਟਰਨ ਪੱਤਰਕਾਰ ਭੂਸ਼ਨ ਸੂਦ, ਸਮਾਜ ਸੇਵੀ ਡਾ.ਰਘਬੀਰ ਸੁਕਲਾ, ਡਾ.ਸਸ਼ੀ ਸੁਕਲਾ, ਭਾਰਤੀ ਜਨਤਾ ਪਾਰਟੀ ਦੇ ਸੂਬਾਈ ਆਗੂ ਪ੍ਰਦੀਪ ਗਰਗ, ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸਿਵ ਕੁਮਾਰ ਗਰਗ, ਸੀਤਲਾ ਮਾਤਾ ਮੰਦਰ ਕਮੇਟੀ ਦੇ ਪ੍ਰਧਾਨ ਵਿਨੈ ਪੁਰੀ, ਰਾਮ ਕਲਾ ਮੰਚ ਦੇ ਪ੍ਰਧਾਨ ਗੁਲਸ਼ਨ ਤੱਗੜ, ਉਪ ਪ੍ਰਧਾਨ ਮਹਿੰਦਰਪਾਲ ਲੁਟਾਵਾ, ਹੈਪੀ ਸੂਦ, ਕੁਲਵੰਤ ਰਾਏ ਸੇਢਾ, ਵਿਨੈ ਗਰਗ, ਵਿਰਕਮ ਥੌਰ, ਯੁਗੇਸ ਬਾਂਸਲ ਅਤੇ ਕਾਂਗਰਸ ਪਾਰਟੀ ਦੇ ਦਫ਼ਤਰ ਸਕੱਤਰ ਮਨਿੰਦਰ ਸਿੰਘ ਮਿੰਟਾ ਆਦਿ ਨੇ ਸਿਰਕਤ ਕੀਤੀ। ਧਾਰਮਿਕ ਪ੍ਰੋਗਰਾਮ ਦੌਰਾਨ ਸੰਕੀਰਤਨ ਮੰਡਲੀ ਦੇ ਸੁਨੀਤਾ ਰਾਣੀ, ਸਵਰਨਾ ਰਾਣੀ, ਸੰਤੋਸ ਰਾਣੀ, ਗੀਤਾ ਰਾਣੀ, ਮੋਨਿਕਾ ਕੁਮਾਰੀ, ਵਿਜੇ ਰਾਣੀ, ਸੰਤੋਸ਼ ਕੁਮਾਰੀ, ਵਿਜੇ ਰਾਣੀ, ਰੀਟਾ ਰਾਣੀ ਅਤੇ ਆਸਾ ਰਾਣੀ ਆਦਿ ਨੇ ਭੇਟਾਂ ਦਾ ਗੁਣਗਾਨ ਕੀਤਾ। ਇਸ ਮੌਕੇ ਪ੍ਰਬੰਧਕਾਂ ਵਲੋਂ ਆਈਆਂ ਸਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।

22 ਜਨਵਰੀ ਦਾ ਦਿਨ ਭਾਰਤ ਦੇ ਇਤਿਹਾਸ ਵਿੱਚ ਦਰਜ ਹੋਵੇਗਾ

ਫ਼ਗਵਾੜ, 24 ਜਨਵਰੀ (ਸ਼ਿਵ ਕੌੜਾ) ਰਾਮ ਨਗਰੀ ਅਯੁੱਧਿਆ ਵਿੱਚ ਪ੍ਰਾਣ ਪ੍ਰਤਿਸ਼ਟਾ ਪ੍ਰੋਗਰਾਮ ਹੋਇਆ ਇਸ ਮੌਕੇ ਉੱਤੇ ਦੇਸ਼ ਭਰ ਦੇ ਮੰਦਰਾਂ ਵਿਚ ਸ਼?ਰੀ ਰਾਮ ਦੇ ਜੈਕਾਰਿਆਂ ਨਾਲ ਸਾਰਾ ਦੇਸ਼ ਗੂੰਜ ਉਠਿਆ। ਜੈ ਸ਼?ਰੀ ਰਾਮ,ਜੈ ਸ਼?ਰੀ ਰਾਮ ਇਸ ਮੌਕੇ ਤੇ ਸਾਡੇ ਪੱਤਰਕਾਰ ਸ਼ਿਵ ਕੌੜਾ ਨਾਲ ਗੱਲਬਾਤ ਕਰਦੇ ਹੋਏ ਸਾਬਕਾ ਮੇਅਰ ਅਰੁਣ ਖੋਸਲਾ ਨੇ ਦੱਸਿਆ ਕਿ ਸ਼ਹਿਰ ਵਿਚ ਵਿਸ਼ਾਲ ਸ਼ੋਭਾ ਯਤਰਾ ਕਡੀ ਗਈ ਸ਼ਹਿਰ ਵਿਚ ਸੈਂਕੜੇ ਜਗਾਂ ਤੇ ਲੋਕਾਂ ਵਲੋ ਲੰਗਰ ਲਗਾਏ ਗਏ, ਲਡੂ ਵੱਡੇ ਗਏ। ਅਯੁੱਧਿਆ ਵਿੱਚ ਪ੍ਰਾਣ ਪ੍ਰਤਿਸ਼ਟਾ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਅਲ ਸੀ ਡੀ ਸਕਰੀਨ ਲੱਗ ਕੇ ਦਿਖਾਇਆਂ ਗਿਆਂ ਸ਼ੋਭਾਯਾਤਰਾ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੇ ਹਿੱਸਾ ਲਿਆ

ਜਾਂਚ ਪ੍ਰਭਾਵਿਤ ਹੋਣ ਤੋਂ ਰੋਕਣ ਲਈ ਬਲਾਕ ਸਿਖਿਆ ਅ.ਫਸਰ ਜਖਵਾਲੀ ਨੂੰ ਬਦਲਣ ਦੀ ਕੀਤੀ ਮੰਗ

ਬਲਾਕ ਸਿਖਿਆ ਅ.ਫਸਰ ਖ਼ਿਲਾ.ਫ ਕਾਰਵਾਈ ਨਾ ਹੋਣ 'ਤੇ ਪੰਜਾਬ ਸਰਕਾਰ ਦਾ ਪੁੱਤਲਾ ਫੂਕਿਆ

ਫਤਹਿਗੜ ਸਾਹਿਬ, 24 ਜਨਵਰੀ (ਸੂਦ)-ਸਰਕਾਰੀ ਸਕੂਲਾਂ ਵਿੱਚ ਆਉਂਦੀਆਂ ਗ੍ਰਾਂਟਾਂ ਦੀ ਵੰਡ ਦੇ ਮਾਮਲੇ ਵਿੱਚ ਬਲਾਕ ਸਿਖਿਆ ਅ.ਫਸਰ ਜਖਵਾਲੀ ਖਿਲਾਫ਼ ਅਧਿਆਪਕਾਂ ਵੱਲੋਂ ਕੀਤੀ ਸ਼ਿਕਾਇਤ ਦੇ ਢਾਈ ਮਹੀਨੇ ਬੀਤਣ ਦੇ ਬਾਵਜੂਦ ਕੋਈ ਠੋਸ ਕਾਰਵਾਈ ਨਾ ਹੋਣ ਦੇ ਰੋਸ ਵਜੋਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਵੱਲੋਂ ਦਿੱਤੇ ਤਹਿਸੀਲ ਪੱਧਰੀ ਸੱਦੇ ਤਹਿਤ ਵੱਡੀ ਗਿਣਤੀ 'ਚ ਅਧਿਆਪਕਾਂ ਵੱਲੋਂ ਸਰਹਿੰਦ-ਪਟਿਆਲਾ ਮੁੱਖ ਸੜਕ 'ਤੇ ਪਿੰਡ ਜਖਵਾਲੀ ਵਿਖੇ ਧਰਨਾ ਦਿਤਾ ਅਤੇ ਪੰਜਾਬ ਸਰਕਾਰ ਖਿਲਾਫ਼ ਰੋਸ ਪ੍ਰਗਟ ਕਰਦੇ ਹੋਏ ਪੁੱਤਲਾ ਫੂਕ ਕੇ 29 ਜਨਵਰੀ ਨੂੰ ਗੋਬਿੰਦਗੜ ਅਤੇ 7 ਫ਼ਰਵਰੀ ਨੂੰ ਬੱਸੀ ਪਠਾਨਾਂ ਵਿਖੇ 'ਆਪ' ਵਿਧਾਇਕਾਂ ਦੇ ਦਫਤਰਾਂ ਅੱਗੇ ਇਸੇ ਤਰ ਾਂ ਦੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ। ਇਸ ਮੌਕੇ ਡੀ.ਟੀ.ਐੱਫ. ਦੇ ਜਿਲ ਾ ਪ੍ਰਧਾਨ ਲਖਵਿੰਦਰ ਸਿੰਘ, ਜਿਲ ਾ ਸਕੱਤਰ ਜੋਸ਼ੀਲ ਤਿਵਾੜੀ ਅਤੇ ਵਿੱਤ ਸਕੱਤਰ ਸੁਖਜਿੰਦਰ ਸਿੰਘ ਨੇ ਦੱਸਿਆ ਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਵੱਲੋਂ ਆਪਣੇ ਅਹੁਦੇ ਦੀ ਕਥਿਤ ਦੁਰਵਰਤੋਂ ਕਰਦਿਆਂ ਅਧਿਆਪਕਾਂ ਤੋਂ ਸਕੂਲਾਂ ਲਈ ਆਉਂਦੀਆਂ ਗ੍ਰਾਂਟਾਂ ਵਿੱਚੋਂ ਸੀਮਿੰਟ, ਸਰੀਆ, ਇੱਟਾਂ, ਰੇਤਾ ਅਤੇ ਬਜ਼ਰੀ ਆਦਿ ਦਾ ਕਥਿਤ ਜਬਰੀ ਸਮਾਨ ਲੈਣ, ਤਨਖਾਹਾਂ ਦੇ ਏਰੀਅਰ ਕਢਵਾਉਣ ਬਦਲੇ ਏ.ਸੀ., ਇਨਵਰਟਰ, ਪੈਸੇ ਆਦਿ ਮੰਗਣ ਅਤੇ ਨਾ ਮੰਨਣ ਵਾਲੇ ਅਧਿਆਪਕਾਂ ਨੂੰ ਧਮਕਾਉਣ ਸੰਬੰਧੀ ਬਲਾਕ ਦੇ 18 ਅਧਿਆਪਕਾਂ ਵੱਲੋਂ 12 ਨਵੰਬਰ ਨੂੰ ਜਿਲ ਾ ਸਿੱਖਿਆ ਅ.ਫਸਰ (ਸੈ:/ਐ:) ਨੂੰ ਲਿਖਤੀ ਸ਼ਿਕਾਇਤ ਦਿਤੀ ਸੀ। ਇਸ ਦੇ ਨਾਲ ਇੱਕ ਕਰਮਚਾਰੀ ਦੀ ਅਧਿਕਾਰੀ ਨਾਲ ਕਾਲ ਰਿਕਾਰਡਿਗ ਵੀ ਸੌਂਪੀ ਸੀ। ਜਥੇਬੰਦੀ ਵੱਲੋਂ ਇਸ ਸੰਬੰਧੀ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਡਿਪਟੀ ਕਮਿਸ਼ਨਰ, ਹਲਕੇ ਦੇ ਵਿਧਾਇਕ ਅਤੇ ਸਿਹਤ ਮੰਤਰੀ ਨੂੰ ਮੰਗ ਪੱਤਰ ਦੇਣ ਉਪਰੰਤ 7 ਦਸੰਬਰ ਨੂੰ ਜਿਲ ਾ ਸਿੱਖਿਆ ਅਫਸਰ ਦੇ ਦਫ਼ਤਰ ਅੱਗੇ ਰੋਸ ਮੁਜਹਰਾ ਕੀਤਾ ਸੀ। ਉਨ ਾਂ ਦੁੱਖ ਪ੍ਰਗਟ ਕੀਤਾ ਕਿ ਗੰਭੀਰ ਦੋਸ਼ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ। ਉਨ ਾਂ ਇਸ ਅਧਿਕਾਰੀ ਨੂੰ ਤੁਰੰਤ ਤਬਦੀਲ ਕਰਕੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਉਨ ਾਂ ਕਿਹਾ ਕਿ ਕਾਰਵਾਈ ਹੋਣ ਤੱਕ ਸੰਘਰਸ ਜਾਰੀ ਰਖਿਆ ਜਾਵੇਗਾ। ਇਸ ਮੌਕੇ ਡੀ.ਟੀ.ਐਫ. ਆਗੂ ਹਰਿੰਦਰਜੀਤ ਸਿੰਘ, ਰਾਜਵਿੰਦਰ ਸਿੰਘ, ਜਤਿੰਦਰ ਸਿੰਘ, ਗੁਰਪ੍ਰੀਤ ਸਿੰਘ, ਹਰਪਾਲ ਸਿੰਘ, ਨਵਜੋਤ ਸਿੰਘ, ਅਮਰਿੰਦਰ ਸਿੰਘ, ਹਰਜਿੰਦਰ ਸਿੰਘ, ਰਵਿੰਦਰ ਸਿੰਘ, ਗੁਰਪਾਲ ਸਿੰਘ, ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਦਵਿੰਦਰ ਸਿੰਘ ਪੂਨੀਆਂ ਆਦਿ ਹਾਜ਼ਰ ਸਨ।

ਸ਼ਨਲ ਪੱਧਰ ਦੇ ਪ੍ਰੋਗਰਾਮ 'ਪਰਿਕਸ਼ਾ ਪੇ ਚਰਚਾ 2024' ਲਈ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਧੂਰੀ ਪਿੰਡ ਦੇ ਗਿਆਰਵੀਂ ਜਮਾਤ ਦੇ ਵਿਦਿਆਰਥੀ ਲਵਪ੍ਰੀਤ ਸਿੰਘ ਅਤੇ ਸ੍ਰੀ ਮਹਿੰਦਰ ਕੁਮਾਰ ਕੰਪਿਊਟਰ ਵਿਸ਼ੇ ਦੇ ਅਧਿਆਪਕ ਦੀ ਹੋਈ ਚੋਣ

ਧੂਰੀ, 24 ਜਨਵਰੀ (ਹਰਨੇਕ ਸਿੰਘ ਪੇਧਨੀ) ਦਫਤਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਵੱਲੋਂ ਜਾਰੀ ਪੱਤਰ ਅਨੁਸਾਰ 'ਪਰਿਕਸ਼ਾ ਪੇ ਚਰਚਾ 2024' ਪ੍ਰੋਗਰਾਮ ਅਧੀਨ ਮਾਨਯੋਗ ਪ੍ਰਧਾਨ ਮੰਤਰੀ ਸ਼?ਰੀ ਨਰੇਂਦਰ ਮੋਦੀ ਜੀ ਮਿਤੀ 29 ਜਨਵਰੀ 2024 ਨੂੰ ਭਾਰਤ ਮੰਡਪਮ, ਪ੍ਰਗਤੀ ਮੈਦਾਨ, ਨਵੀਂ ਦਿੱਲੀ ਵਿਖੇ ਵਿ?ਦਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨਾਲ ਗੱਲਬਾਤ ਕਰਨਗੇ । ਇਸ ਪ੍ਰੋਗਰਾਮ ਵਿੱਚ ਦੇਸ਼ ਭਰ ਵਿੱਚੋਂ ਵਿ?ਦਆਰਥੀ ਭਾਗ ਲੈਣਗੇ । ਸ਼?ਰੀਮਤੀ ਰਮਨਦੀਪ ਕੌਰ ਸਕੂਲ ਮੁਖੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਧੂਰੀ ਪਿੰਡ ਦੀ ਯੋਗ ਅਗਵਾਈ ਵਿੱਚ ਗਿਆਰਵੀਂ ਜਮਾਤ ਦੇ ਵਿ?ਦਆਰਥੀ ਲਵਪ੍ਰੀਤ ਸਿੰਘ ਪੁੱਤਰ ਸ਼?ਰੀ ਇੰਦਰਜੀਤ ਸਿੰਘ ਅਤੇ ਸਕੂਲ ਦੇ ਕੰਪਿਊਟਰ ਅਧਿਆਪਕ ਸ਼?ਰੀ ਮਹਿੰਦਰ ਕੁਮਾਰ ਦੀ ਪੰਜਾਬ ਰਾਜ ਵਿੱਚੋ ਚੋਣ ਹੋਈ ਹੈ । ਸ. ਸਰਬਜੀਤ ਸਿੰਘ ਲੈਕਚਰਾਰ ਪੰਜਾਬੀ ਨੇ ਕਿਹਾ ਕਿ ਇਸ ਨੈਸ਼ਨਲ ਪੱਧਰ ਦੀ ਪ੍ਰਾਪਤੀ ਪੂਰੇ ਇਲਾਕੇ, ਸਕੂਲ, ਜਿਲ੍ਹਾ ਸੰਗਰੂਰ ਅਤੇ ਪੂਰੇ ਪੰਜਾਬ ਲਈ ਇੱਕ ਮਾਣ ਵਾਲੀ ਗੱਲ ਹੈ । ਸ਼?ਰੀ ਮਹਿੰਦਰ ਕੁਮਾਰ ਕੰਪਿਊਟਰ ਫੈਕਲਟੀ ਨੇ ਕਿਹਾ ਕਿ ਸਕੂਲ ਦੀ ਗਿਆਰਵੀਂ ਜਮਾਤ ਦੀ ਵਿ?ਦਆਰਥਣ ਸੰਦੀਪ ਕੌਰ ਨੇ 'ਵੀਰ ਗਾਥਾ 3.0' ਮੁਕਾਬਲੇ ਵਿੱਚ ਪੂਰੇ ਪੰਜਾਬ ਵਿੱਚੋ 'ਟੌਪ 8' ਵਿੱਚ ਪੁਜੀਸ਼ਨ ਹਾਸਿਲ ਕਰਕੇ ਸਕੂਲ ਅਤੇ ਇਲਾਕੇ ਦਾ ਮਾਣ ਵਧਾਇਆ ਹੈ । ਸਕੂਲ ਮੁਖੀ ਅਤੇ ਸਮੂਹ ਸਟਾਫ ਨੇ ਇਸ ਪ੍ਰਾਪਤੀ ਲਈ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ ।

ਸਟੇਟ ਪਬਲਿਕ ਸਕੂਲ ਨਕੋਦਰ ਵੱਲੋਂ ਸ਼੍ਰੀ ਰਾਮ ਮੰਦਿਰ ਪ੍ਰਾਣ ਪ੍ਰਤੀਸ਼ਠਾ ਪਰਵ ਦੇ ਲਾਈਵ ਟੈਲੀਕਾਸਟ ਦਾ ਆਯੋਜਨ

ਨਕੋਦਰ 24 ਜਨਵਰੀ (ਅਨਿਲ ਐਰੀ ਅਰਵਿੰਦਰ ਸਿੰਘ)-ਸਟੇਟ ਪਬਲਿਕ ਸਕੂਲ ਨਕੋਦਰ ਵਿੱਚ ਸ਼੍ਰੀ ਰਾਮ ਮੰਦਿਰ ਦੇ ਪਵਿੱਤਰ ਪ੍ਰਾਣ ਪ੍ਰਤੀਸ਼ਠਾ ਦੇ ਸ਼ੁਭ ਮੌਕੇ 'ਤੇ ਅਯੁੱਧਿਆ ਵਿੱਚ ਆਯੋਜਿਤ ਸ਼੍ਰੀ ਰਾਮ ਮੰਦਿਰ ਦੇ ਪ੍ਰਾਣ ਪ੍ਰਤੀਸ਼ਠਾ ਦਾ ਸਿੱਧਾ ਪ੍ਰਸਾਰਣ ਸਕੂਲ ਪ੍ਰਿੰਸੀਪਲ ਡਾ: ਸੋਨੀਆ ਸਚਦੇਵਾ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੂੰ ਦਿਖਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਭਾਰੀ ਉਤਸ਼ਾਹ ਦੇਖਿਆ ਗਿਆ। ਇਹ ਸਮਾਗਮ ਦੇਖ ਕੇ ਉਹ ਮਸਤ ਹੋ ਗਏ। ਅਯੁੱਧਿਆ 'ਚ ਸ਼੍ਰੀ ਰਾਮ ਮੰਦਰ ਦੀ ਸ਼ਾਨਦਾਰ ਸੁੰਦਰਤਾ ਦੇਖ ਕੇ ਹਰ ਕੋਈ ਭਾਵੁਕ ਹੋ ਗਿਆ। ਸਕੂਲ ਦੇ ਪ੍ਰਧਾਨ ਡਾ: ਨਰੋਤਮ ਸਿੰਘ, ਮੀਤ ਪ੍ਰਧਾਨ ਡਾ: ਗਗਨਦੀਪ ਕੌਰ, ਮੈਨੇਜਿੰਗ ਡਾਇਰੈਕਟਰ ਸਰਦਾਰ ਅਨਮੋਲ ਸਿੰਘ, ਡਾਇਰੈਕਟਰ ਡਾ: ਗੀਤੂ ਭਨੋਟ ਅਤੇ ਪਿ?ਸੀਪਲ ਡਾ: ਸੋਨੀਆ ਸਚਦੇਵਾ ਨੇ ਸਾਰਿਆਂ ਨੂੰ ਇਸ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ,

61ਵੀਂ ਨੈਸ਼ਨਲ ਖੇਡਾਂ ਦੇ ਜੇਤੂਆਂ ਦਾ ਕੀਤਾ ਸਨਮਾਨ

ਖਿਡਾਰੀ ਦੇਸ਼ ਦੀ ਨੀਂਹ ਮਜਬੂਤ ਰੱਖਣ ਵਿੱਚ ਹੁੰਦੇ ਹਨ ਮੋਹਰੀ- ਰਣਜੋਧ ਸਿੰਘ ਹਡਾਣਾ

ਦੇਵੀਗੜ੍ਹ 24 ਜਨਵਰੀ (ਵਿਜੈ ਕੁਮਾਰ ਸ਼ਰਮਾ): ਸੂਬਾ ਸਕੱਤਰ ਪੰਜਾਬ ਅਤੇ ਚੇਅਰਮੈਨ ਪੀ ਆਰ ਟੀ ਸੀ ਰਣਜੋਧ ਸਿੰਘ ਹਡਾਣਾ ਨੇ ਚੰਡੀਗੜ੍ਹ ਵਿਖੇ ਹੋਈਆਂ 61ਵੀਂ ਨੈਸ਼ਨਲ ਖੇਡਾਂ ਵਿਚਲੇ ਪੰਜਾਬ ਸੀਨੀਅਰ ਮੈਨ ਇੰਨਲਾਈਨ ਹਾਕੀ ਵਿੱਚ ਬਰਾਂਜ ਮੈਡਲ ਲੈ ਕੇ ਆਏ ਜੇਤੂ ਖਿਡਾਰੀਆਂ ਦਾ ਪਟਿਆਲਾ ਜਿਲ੍ਹੇ ਵਿਖੇ ਪੀ.ਆਰ.ਟੀ.ਸੀ. ਹੈੱਡ ਆਫਿਸ ਵਿਖੇ ਸਨਮਾਨ ਕੀਤਾ। ਉਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਖਿਡਾਰੀਆਂ ਦੇ ਉਜਵੱਲ ਭਵਿੱਖ ਲਈ ਚੰਗੇ ਫੈਸਲੇ ਲੈ ਰਹੇ ਹਨ। ਚੇਅਰਮੈਨ ਹਡਾਣਾ ਨੇ ਕਿਹਾ ਕਿ ਖਿਡਾਰੀ ਦੇਸ਼ ਦੀ ਨੀਂਹ ਮਜਬੂਤ ਰੱਖਣ ਵਿੱਚ ਮੋਹਰੀ ਹੁੰਦੇ ਹਨ। ਮਾਨ ਸਰਕਾਰ ਵੱਲੋਂ ਬੀਤੇ ਦਿਨੀਂ ਏਸ਼ੀਅਨ ਖੇਡਾਂ ਅਤੇ ਹੋਰ ਨੈਸ਼ਨਲ ਪੱਧਰ ਤੇ ਹੋਈਆਂ ਖੇਡਾਂ ਵਿੱਚ ਜੇਤੂ ਰਹੇ ਖਿਡਾਰੀਆਂ ਨੂੰ ਚੈੱਕ ਦਿੱਤੇ ਗਏ ਹਨ, ਤਾਂ ਜੋ ਖਿਡਾਰੀ ਆਪਣੀ ਖੇਡ ਵਿੱਚ ਮੋਹਰੀ ਬਨਣ ਲਈ ਕਿਸੇ ਅੱਗੇ ਮੁਹਤਾਜ ਨਾ ਹੋਣ। ਉਨਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਖੇਡਾਂ ਪ੍ਰਤੀ ਚਿੰਤਤ ਨਹੀ ਸਨ, ਜਿਸ ਕਾਰਨ ਦਿਨ ਬ ਦਿਨ ਖਿਡਾਰੀਆਂ ਦਾ ਮਨੋਬਲ ਡਿੱਗਦਾ ਜਾ ਰਿਹਾ ਸੀ। ਇਸ ਮੌਕੇ ਡਾ. ਹਰਨੇਕ ਸਿੰਘ, ਲਾਲੀ ਰਹਿਲ, ਹਰਪਿੰਦਰ ਚੀਮਾ, ਸੁੱਖਵਿੰਦਰ ਬਲੱਮਗੜ੍ਹ, ਅਤੇ ਜੇਤੂ ਖਿਡਾਰੀਆਂ ਵਿੱਚ ਟੀਮ ਦੇ ਕਪਤਾਨ ਸੁਖਜੀਤਪਾਲ ਸਿੰਘ, ਨਵਰੀਤ ਸਿੰਘ, ਰਾਹੁਲ, ਗੁਰਪ੍ਰੀਤ ਸਿੰਘ ਚਾਹਲ, ਅਜੀਜ ਸਿੰਘ, ਤੇਜਵੀਰ ਸੂਦ, ਜਗਸੀਰ ਸਿੰਘ, ਨਵਜੋਤ ਸਿੰਘ, ਨੀਤਿਨ ਕੰਨਜੋਈਆ, ਆਤਮਾ ਸਿੰਘ, ਗੁਰਮਨ ਸਿੰਘ, ਮੰਨਦੀਪ ਸਿੰਘ ਮੌਜੂਦ ਰਹੇ।

ਬਹਿਮਣ ਜੱਸਾ ਸਿੰਘ ਵਾਸੀਆਂ ਨੇ ਮੁੱਖ ਮੰਤਰੀ ਦੇ ਨਾਮ ਐਸ.ਡੀ.ਐਮ ਤਲਵੰਡੀ ਸਾਬੋ ਨੂੰ ਦਿੱਤਾ ਮੰਗ ਪੱਤਰ

ਤਲਵੰਡੀ ਸਾਬੋ 24 ਜਨਵਰੀ (ਕਮਲਦੀਪ ਬਾਂਸਲ/ਰਾਮ ਰੇਸ਼ਮ ਸ਼ਰਨ) -ਪਿੰਡ ਬਹਿਮਣ ਜੱਸਾ ਸਿੰਘ ਦੇ ਨਗਰ ਵਾਸੀਆਂ ਵੱਲੋਂ ਨਹਿਰੀ ਪਾਣੀ ਦੀ ਮੰਗ ਸਬੰਧੀ ਮੁੱਖ ਮੰਤਰੀ ਪੰਜਾਬ ਦੇ ਨਾਮ ਐਸ.ਡੀ.ਐਮ ਤਲਵੰਡੀ ਸਾਬੋ ਹਰਜਿੰਦਰ ਸਿੰਘ ਜੱਸਲ ਨੂੰ ਮੰਗ ਪੱਤਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਸਾਡਾ ਪਿੰਡ ਟੇਲ ਤੇ ਪੈਂਦਾ ਹੈ ਤੇ ਕਈ ਸਾਲਾਂ ਤੋਂ ਇੱਥੇ ਨਹਿਰੀ ਪਾਣੀ ਸਹੀ ਤਰੀਕੇ ਨਾਲ ਨਹੀਂ ਪਹੁੰਚਦਾ ਤੇ ਨਾ ਹੀ ਪੀਣ ਵਾਲੇ ਪਾਣੀ ਦਾ ਕੋਈ ਯੋਗ ਪ੍ਰਬੰਧ ਹੈ। ਉਨ੍ਹਾਂ ਇਹ ਵੀ ਕਿਹਾ ਕਿ ਲੋੜ ਸਮੇਂ ਪਾਣੀ ਨਹੀਂ ਆਉਂਦਾ ਤੇ ਬਰਸਾਤ ਦੇ ਸਮੇਂ ਵਿੱਚ ਲੋੜ ਤੋਂ ਵੱਧ ਆਉਂਦਾ ਹੈ ਜੋਂ ਨੁਕਸਾਨਦਾਇਕ ਹੈ। ਉਨ੍ਹਾਂ ਮੰਗ ਕੀਤੀ ਕਿ ਪੀਣ ਵਾਲਾ ਪਾਣੀ ਸਾਫ਼ ਮੁਹੱਈਆ ਕਰਵਾਇਆ ਜਾਵੇ, ਨਹਿਰੀ ਪਾਣੀ ਸਹੀ ਮਾਤਰਾ ਵਿੱਚ ਨਹੀਂ ਆਉਂਦਾ ਇਸਦਾ ਢੁੱਕਵਾਂ ਪ੍ਰਬੰਧ ਕੀਤਾ ਜਾਵੇ। ਇਸ ਤੋਂ ਇਲਾਵਾ ਪਾਣੀ ਦੀਆਂ ਸਮੱਸਿਆਂਵਾਂ ਸਬੰਧੀ ਆਪਣੀਆ ਸਾਰੀਆਂ ਮੰਗਾਂ ਸਬੰਧੀ ਧਿਆਨ ਹਿਤ ਲਿਆਂਦਾ ਗਿਆ। ਇਸ ਮੌਕੇ ਗੁਰਤੇਜ ਸਿੰਘ ਬਹਿਮਣ, ਰਾਜਮੰਦਰ ਸਿੰਘ ਨੰਬਰਦਾਰ, ਪਿੰਡ ਦੇ ਅਧਿਕਾਰਤ ਪੰਚ, ਮੋਹਤਵਰ ਸਖਸ਼ੀਅਤਾਂ ਤੇ ਪਿੰਡ ਵਾਸੀ ਹਾਜ਼ਰ ਸਨ।

ਜਰਨਲਿਸਟ ਪ੍ਰੈਸ ਕਲੱਬ ਰਜਿ.ਪੰਜਾਬ ਯੂਨਿਟ ਫਗਵਾੜਾ ਨੇ ਡਾ.ਰਮਨ ਦੀ ਅਗਵਾਈ ਹੇਠ ਥਾਣਾ ਰਾਵਲਪਿੰਡੀ ਦੇ ਨਵਨਿਯੁਕਤ ਐੱਸਐੱਚਓ ਨੂੰ ਗੁਲਦਸਤਾ ਭੇਂਟ ਕਰ ਆਖਿਆ ਜੀ ਆਇਆਂ ਨੂੰ

ਫਗਵਾੜਾ ,24 ਜਨਵਰੀ (ਕੁਲਦੀਪ ਸਿੰਘ ਨੂਰ) ਮਾਣਯੋਗ ਐੱਸਐੱਸਪੀ ਜਿਲ੍ਹਾ ਕਪੂਰਥਲਾ ਆਈਪੀਐੱਸ ਅਫ਼ਸਰ ਵਤਸਲਾ ਗੁਪਤਾ ਦੇ ਹੁਕਮਾਂ ਤਹਿਤ ਅੱਜ ਥਾਣਾ ਰਾਵਲਪਿੰਡੀ ਦੇ ਨਵ-ਨਿਯੁਕਤ ਐੱਸਐੱਚਓ ਲਾਭ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ। ਮੰਗਲਵਾਰ ਨੂੰ ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਯੂਨਿਟ ਫਗਵਾੜਾ ਦੇ ਅਹੁਦੇਦਾਰਾਂ ਨੇ ਪ੍ਰਧਾਨ ਡਾਕਟਰ ਰਮਨ ਸ਼ਰਮਾ ਦੀ ਅਗਵਾਈ ਵਿੱਚ ਥਾਣਾ ਰਾਵਲਪਿੰਡੀ ਦੇ ਨਵਨਿਯੁਕਤ ਐੱਸਐੱਚਓ ਲਾਭ ਸਿੰਘ ਨੂੰ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਅਤੇ ਜੀ ਆਇਆ ਆਖਿਆ । ਇਸ ਮੌਕੇ ਪ੍ਰਧਾਨ ਡਾਕਟਰ ਰਮਨ ਸ਼ਰਮਾ ਨੇ ਕਿਹਾ ਕਿ ਸਬ ਇੰਸਪੈਕਟਰ ਲਾਭ ਸਿੰਘ ਜਿਲ੍ਹਾ ਕਪੂਰਥਲਾ ਅਧੀਨ ਆਉਂਦੇ ਵੱਖ-ਵੱਖ ਥਾਣਿਆਂ ਵਿੱਚ ਵਧੀਆ ਸੇਵਾਵਾਂ ਅਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਦੇ ਨਾਲ-ਨਾਲ ਜਲੰਧਰ ਦੇ ਨਾਰਕੋਟਿਕ ਸੈੱਲ ਵਿੱਚ ਵੀ ਆਪਣੀਆਂ ਵਡਮੁੱਲੀਆਂ ਸੇਵਾਵਾ ਨਿਭਾਅ ਚੁੱਕੇ ਹਨ । ਪ੍ਰੈਸ ਕਲੱਬ ਦੇ ਜਰਨਲ ਸਕੱਤਰ ਕੁਲਦੀਪ ਸਿੰਘ ਨੂਰ ਨੇ ਕਿਹਾ ਕਿ ਸਾਡੇ ਕਲੱਬ ਦਾ ਹਰੇਕ ਪੱਤਰਕਾਰ ਸਾਥੀ ਪੁਲਿਸ ਪ੍ਰਸ਼ਾਸਨ ਵੱਲੋਂ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਚਲਾਈ ਜਾਣ ਵਾਲੀ ਮੁਹਿੰਮ ਵਿਚ ਵੱਧ ਚੜ੍ਹ ਕੇ ਸਹਿਯੋਗ ਦੇਵੇਗਾ। ਇਸ ਮੌਕੇ ਐੱਸਐੱਚਓ ਸਬ ਇੰਸਪੈਕਟਰ ਲਾਭ ਸਿੰਘ ਨੇ ਕਿਹਾ ਕਿ ਆਮਜਨ ਨੂੰ ਸੁਰੱਖਿਆ ਦਾ ਆਭਾਸ ਕਰਾਉਣ ਅਤੇ ਅਪਰਾਧੀਆਂ ਦੀ ਧਰ-ਪਕੜ ਲਈ ਪੁਲਿਸ ਵੱਲੋਂ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾਵੇਗੀ, ਤਾਂ ਜੋ ਆਮ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ। ਮੁੱਖ ਇੰਚਾਰਜ ਲਾਭ ਸਿੰਘ ਨੇ ਆਮ ਜਨਤਾ ਨੂੰ ਅਪੀਲ ਕੀਤੀ ਕੇ ਜੇਕਰ ਥਾਣਾ ਰਾਵਲਪਿੰਡੀ ਅਧੀਨ ਆਉਂਦੇ ਕਿਸੇ ਵੀ ਪਿੰਡ ਵਿੱਚ ਕੋਈ ਵੀ ਵਿਅਕਤੀ ਨਸ਼ਾ ਤਸਕਰੀ ਕਰਦਾ ਹੈ ਤਾਂ ਉਸ ਸਬੰਧੀ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲਿਆਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਇਸ ਮੌਕੇ ਜੀਵਨ ਸੰਘਾ, ਹਰਦਿਆਲ ਸਿੰਘ ਹੈਪੀ, ਪ੍ਰਵੀਨ ਕਨੰਜੀਆ, ਮਦਨ ਲਾਲ, ਆਦਿ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਫੁੱਲ ਡਰੈੱਸ ਰਿਹਰਸਲ ਦਾ ਲਿਆ ਜਾਇਜ਼ਾ

ਗਣਤੰਤਰਤਾ ਦਿਵਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਲਹਿਰਾਉਣਗੇ ਕੌਮੀ ਤਿਰਗਾ : ਡਿਪਟੀ ਕਮਿਸ਼ਨਰ

ਬਠਿੰਡਾ, 24 ਜਨਵਰੀ (ਸੁਖਵਿੰਦਰ ਸਿੰਘ ਸਰਾਂ) : ਮੁਲਕ ਦੇ 75ਵੇਂ ਗਣਤੰਤਰ ਦਿਵਸ 26 ਜਨਵਰੀ 2024 ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਮੌਕੇ ਸਥਾਨਕ ਸ਼ਹੀਦ ਭਗਤ ਸਿੰਘ ਬਹੁ ਮੰਤਵੀ ਖੇਡ ਸਟੇਡੀਅਮ 'ਚ ਊਰਜਾ ਤੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਕੌਮੀ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼?ਰੀ ਸ਼ੌਕਤ ਅਹਿਮਦ ਪਰੇ ਨੇ ਖੇਡ ਸਟੇਡੀਅਮ ਵਿਖੇ ਫੁੱਲ ਡਰੈੱਸ ਰਿਹਰਸਲ ਦਾ ਜਾਇਜ਼ਾ ਲੈਣ ਉਪਰੰਤ ਸਾਂਝੀ ਕੀਤੀ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਡਿਪਟੀ ਕਮਿਸ਼ਨਰ ਸ਼?ਰੀ ਸ਼ੌਕਤ ਅਹਿਮਦ ਪਰੇ ਵਲੋਂ ਸਥਾਨਕ ਸ਼ਹੀਦ ਭਗਤ ਸਿੰਘ ਬਹੁ ਮੰਤਵੀ ਖੇਡ ਸਟੇਡੀਅਮ ਵਿਖੇ ਹੋਈ ਫੁੱਲ ਡਰੈੱਸ ਰਿਹਰਸਲ ਦੌਰਾਨ ਪਰੇਡ ਦਾ ਨਿਰੀਖਣ ਕੀਤਾ ਤੇ ਪਰੇਡ ਤੋਂ ਸਲਾਮੀ ਵੀ ਲਈ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਐਸ.ਪੀ. ਸ਼?ਰੀ ਹਰਮਨਬੀਰ ਸਿੰਘ ਗਿੱਲ ਤੇ ਪ੍ਰੇਡ ਕਮਾਂਡਰ ਡੀਐਸਪੀ ਰਾਮਪੁਰਾ ਫੂਲ ਸ਼?ਰੀ ਮਨੋਜ ਅਗਰਵਾਲ ਪੀਪੀਐਸ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। 26 ਜਨਵਰੀ 2024 ਨੂੰ ਜ਼ਿਲ੍ਹਾ ਪੱਧਰ ਤੇ ਮਨਾਏ ਜਾਣ ਵਾਲੇ ਗਣਤੰਤਰਤਾ ਦਿਵਸ ਦੇ ਮੱਦੇਨਜ਼ਰ ਫੁੱਲ ਡਰੈਸ ਰਿਹਰਸਲ ਦੌਰਾਨ ਪੰਜਾਬ ਪੁਲਿਸ, ਪੰਜਾਬ ਪੁਲਿਸ ਮਹਿਲਾ ਵਿੰਗ, ਪੰਜਾਬ ਹੋਮ ਗਾਰਡ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ, ਐਨ.ਸੀ.ਸੀ. ਸਕਾਊਟ ਤੇ ਗਾਈਡ ਦੀਆਂ ਟੁੱਕੜੀਆਂ ਵਲੋਂ ਮਾਰਚ ਪਾਸਟ ਕੀਤਾ ਗਿਆ। ਇਸ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਜਿੱਥੇ ਪੀ.ਟੀ. ਸ਼ੋਅ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਉੱਥੇ ਹੀ ਦੇਸ਼ ਭਗਤੀ ਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਵੱਖ-ਵੱਖ ਪੇਸ਼ਕਾਰੀਆਂ ਦੇ ਨਾਲ-ਨਾਲ ਗਿੱਧਾ ਤੇ ਭੰਗੜਾ ਵੀ ਪੇਸ਼ ਕੀਤਾ ਗਿਆ। ਫੁੱਲ ਡਰੈਸ ਰਿਹਰਸਲ ਉਪਰੰਤ ਡਿਪਟੀ ਕਮਿਸ਼ਨਰ ਸ਼?ਰੀ ਸ਼ੌਕਤ ਅਹਿਮਦ ਪਰੇ ਵਲੋਂ 26 ਜਨਵਰੀ 2024 ਨੂੰ ਹੋਣ ਵਾਲੇ ਸਮਾਗਮ ਨੂੰ ਸਫ਼ਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਬੈਠਕ ਵੀ ਕੀਤੀ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਰਿਹਰਸਲ ਮੌਕੇ ਪਾਈਆਂ ਗਈਆਂ ਉਣਤਾਈਆਂ ਨੂੰ ਦੂਰ ਕਰਨ ਦੀ ਹਦਾਇਤ ਕਰਦਿਆਂ ਇਹ ਵੀ ਕਿਹਾ ਕਿ ਉਹ ਆਪੋਂ-ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ। ਇਸ ਮੌਕੇ ਕਮਿਸ਼ਨਰ ਨਗਰ ਨਿਗਮ ਸ਼?ਰੀ ਰਾਹੁਲ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਲਵਜੀਤ ਕਲਸੀ, ਐਸਡੀਐਮ ਬਠਿੰਡਾ ਮੈਡਮ ਇਨਾਯਤ, ਸਹਾਇਕ ਕਮਿਸ਼ਨਰ (ਜਨਰਲ) ਸ਼?ਰੀ ਪੰਕਜ ਕੁਮਾਰ, ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਸ. ਇੰਦਰਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਮੌਜੂਦ ਸਨ।

ਡੇਮੋਕ੍ਰੇਟਿਕ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਕੀਤੀ ਗਈ ਚੋਣ-ਰਣਜੀਤ ਸਿੰਘ ਜਿਲ੍ਹਾ ਪ੍ਰਧਾਨ ਨਿਯੁਕਤ

ਦਸੂਹਾ, 24 ਜਨਵਰੀ ਦਸੂਹਾ (ਅਮਰਜੀਤ ਸਿੰਘ)ਅੱਜ ਡੇਮੋਕ੍ਰੇਟਿਕ ਪੈਰਾ ਮੈਡੀਕਲ ਮੁਲਾਜਮ ਯੂਨੀਅਨ ਹੁਸ਼ਿਆਰਪੁਰ ਦੀ ਇੱਕ ਮੀਟਿੰਗ ਪ੍ਰਧਾਨ ਵਿਸ਼ਾਲ ਪੁਰੀ ਦੀ ਪ੍ਰਧਾਨਗੀ ਹੇਠ ਕੀਤੀ ਗਈ ।ਜਿਸ ਵਿੱਚ ਸਰਵਸੰਮਤੀ ਨਾਲ ਡੇਮੋਕ੍ਰੇਟਿਕ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਦੀ ਜਿਲ੍ਹਾ ਪੱਧਰੀ ਚੋਣ ਕੀਤੀ ਗਈ ।ਜਿਸ ਵਿੱਚ ਰਣਜੀਤ ਸਿੰਘ ਨੂੰ ਜਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਡੀ.ਐਮ.ਐਫ. ਦੇ ਸੂਬਾ ਆਗੂ ਮੁਕੇਸ਼ ਗੁਜਰਾਤੀ , ਡੀ.ਐਮ.ਐਫ. ਦੇ ਜਿਲ੍ਹਾ ਪ੍ਰਮੋਦ ਗਿੱਲ, ਡੀ.ਟੀ.ਐਫ ਜਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਪੈਨਸ਼ਨਰ ਆਗੂ ਹੰਸ ਰਾਜ , ਡੇਮੋਕ੍ਰੇਟਿਕ ਪੈਰਾ ਮੈਡੀਕਲ ਮੁਲਾਜਮ ਯੂਨੀਅਨ ਜਿਲ੍ਹਾ ਵਿੱਤ ਸਕੱਤਰ ਵਿਕਟਰ ਮਸੀਹ ,ਸਰਪ੍ਰਸਤ ਸੰਜੀਵ ਠਾਕੁਰ ,ਬਲਾਕ ਪ੍ਰਧਾਨ ਰਾਜਕੁਮਾਰ , ਯੂਨੀਅਨ ਦਸੂਹਾ ਬਲਾਕ ਪ੍ਰਧਾਨ ਸੁਰਿੰਦਰ ਸਿੰਘ, ਵਿੱਤ ਸਕੱਤਰ ਰਾਜਨ ,ਡੇਮੋਕ੍ਰੇਟਿਕ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਬਲਾਕ ਦਸੂਹਾ ਪ੍ਰਧਾਨ ਨਰਿੰਦਰ ਸਿੰਘ, ਵਿੱਤ ਸਕੱਤਰ ਸੁਨੀਲ ਕੁਮਾਰ, ,ਭੁਪਿੰਦਰ ਸਿੰਘ ਤੇ ਪਵਨ ਆਦਿ ਹਾਜਰ ਸਨ।

ਗਊਸ਼ਾਲਾ ਅਮਲੋਹ 'ਚ ਮਨਪ੍ਰੀਤ ਸਿੰਘ ਮਿੰਟਾ ਦਾ ਕੀਤਾ ਸਨਮਾਨ

ਅਮਲੋਹ, 24 ਜਨਵਰੀ (ਗਿੰਨੀ ਸੂਦ)-ਸ੍ਰੀ ਸੰਗਮੇਸਵਰ ਗਊਸ਼ਾਲਾ ਅਮਲੋਹ ਅਤੇ ਰਾਮ ਕਲਾਂ ਮੰਚ ਅਮਲੋਹ ਵੱਲੋਂ ਕਰਵਾਏ ਸਮਾਗਮ ਮੌਕੇ ਪੰਜਾਬ ਦੇ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੇ ਕਾਂਗਰਸ ਦਫ਼ਤਰ ਅਮਲੋਹ ਦੇ ਇੰਚਾਰਜ਼ ਮਨਪ੍ਰੀਤ ਸਿੰਘ ਮਿੰਟਾ ਦਾਂ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਸ ਵਲੋਂ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਪਾਏ ਜਾ ਰਹੇ ਯੋਗਦਾਨ ਦੀ ਸਲਾਘਾ ਕੀਤੀ। ਸਮਾਗਮ ਵਿਚ ਬਲਾਕ ਕਾਂਗਰਸ ਅਮਲੋਹ ਦੇ ਪ੍ਰਧਾਨ ਜਗਵੀਰ ਸਿੰਘ ਸਲਾਣਾ, ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸਿਵ ਕੁਮਾਰ ਗਰਗ, ਰਕੇਸ ਗੋਗੀ, ਪੱਪੀ ਤੱਗੜ, ਜਤਿੰਦਰ ਬਨਸਾਲ, ਆੜ੍ਹਤੀ ਐਸੋਸੀਏਸਨ ਦੇ ਸਾਬਕਾ ਪ੍ਰਧਾਨ ਜਗਵਿੰਦਰ ਸਿੰਘ ਰਹਿਲ, ਕੌਂਸਲ ਦੇ ਸਾਬਕਾ ਪ੍ਰਧਾਨ ਬਲਦੇਵ ਸਿੰਘ ਔਲਖ, ਸੰਮਤੀ ਮੈਬਰ ਬਲਬੀਰ ਸਿੰਘ ਮਿੰਟੂ, ਹਰਚੰਦ ਸਿੰਘ ਸਮਸ਼ਪੁਰ ਅਤੇ ਮੀਡੀਆ ਸਲਾਹਕਾਰ ਰਜਨੀਸ ਡੱਲਾ ਆਦਿ ਹਾਜ਼ਰ ਸਨ।

ਠੰਡ ਕਰਕੇ ਰੱਦ ਹੋਈਆਂ ਜਰਖੜ ਖੇਡਾਂ, ਹੁਣ 10 ਅਤੇ 11 ਫਰਵਰੀ ਨੂੰ ਹੋਣਗੀਆਂ

ਲੋਕ ਗਾਇਕ ਹਰਜੀਤ ਹਰਮਨ ਦਾ 11 ਫਰਵਰੀ ਨੂੰ ਲੱਗੇਗਾ ਖੁੱਲ੍ਹਾ ਅਖਾੜਾ

ਲੁਧਿਆਣਾ 24 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ, ਅਮਰੀਕ ਸਿੰਘ ਪ੍ਰਿੰਸ) ਪੰਜਾਬ ਦੀਆਂ 36ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ ਸਰਦੀ ਦੇ ਕਰੋਪ ਅਤੇ ਸਕੂਲੀ ਬੱਚਿਆਂ ਦੀਆਂ ਛੁੱਟੀਆਂ ਵਧਣ ਕਾਰਨ 2 ਹਫਤੇ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਸਨ। ਹੁਣ ਇਹ ਖੇਡਾਂ 11,ਅਤੇ 12 ਫਰਵਰੀ ਨੂੰ ਹੋਣਗੀਆਂ । ਜਰਖੜ ਖੇਡਾਂ ਸਬੰਧੀ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰਸਟ ਜਰਖੜ ਦੀ ਜਰੂਰੀ ਮੀਟਿੰਗ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਮੀਟਿੰਗ ਦੇ ਕਾਰਵਾਈ ਬਾਰੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਏਵਨ ਸਾਈਕਲ ਕੰਪਨੀ ਵੱਲੋਂ ਜਰਖੜ ਖੇਡ ਸਟੇਡੀਅਮ ਨੂੰ ਪੂਰੀ ਰੰਗ ਰੋਗਨ ਕਰਕੇ ਸਜਾਇਆ ਗਿਆ ਹੈ ਇਹਨਾਂ ਖੇਡਾਂ ਵਿੱਚ ਨਾਇਬ ਸਿੰਘ ਗਰੇਵਾਲ ਜੋਧਾ ਓਪਨ ਕਬੱਡੀ ਕੱਪ,ਹਾਕੀ ਸੀਨੀਅਰ (ਮੁੰਡੇ ਕੁੜੀਆਂ) ਹਾਕੀ ਸਬ ਜੂਨੀਅਰ ਮੁੰਡੇ ,ਵਾਲੀਬਾਲ , ਗੱਦੇ ਵਾਲੀਆਂ ਕੁਸ਼ਤੀਆਂ , ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀਆਂ ਖੇਡਾਂ ਫੁੱਟਬਾਲ , ਕਬੱਡੀ ਤੋ ਇਲਾਵਾ ਸੀਨੀਅਰ ਸੈਕੰਡਰੀ ਸਕੂਲਾਂ ਦੇ ਬੱਚਿਆਂ ਦੀਆਂ ਖੇਡਾਂ ਰੱਸਾਕਸੀ ,ਕਬੱਡੀ ਨੈਸ਼ਨਲ ਸਟਾਈਲ ,ਵਾਲੀਬਾਲ ਆਦਿ ਹੋਰ ਖੇਡਾਂ ਦੇ ਮੁਕਾਬਲੇ ਹੋਣਗੇ । ਉਨ੍ਹਾਂ ਦੱਸਿਆ ਕਿ ਹਾਕੀ ਦੇ ਮੁਕਾਬਲੇ 9 ਫਰਵਰੀ ਨੂੰ ਹੋਣਗੇ ਜਦਕਿ ਟੂਰਨਾਮੈਂਟ ਦਾ ਉਦਘਾਟਨ 10 ਫਰਵਰੀ ਨੂੰ ਹੋਵੇਗਾ ਅਤੇ ਫਾਈਨਲ ਮੁਕਾਬਲੇ 11 ਫਰਵਰੀ ਨੂੰ ਹੋਣਗੇ ਇਸ ਮੌਕੇ ਦੁਪਹਿਰੇ 2 ਵਜੇ ਲੋਕ ਗਾਇਕ ਹਰਜੀਤ ਹਰਮਨ ਦਾ ਖੁੱਲਾ ਅਖਾੜਾ ਲੱਗੇਗਾ। ਕਬੱਡੀ ਦੇ ਮੈਚ ਸ਼ਾਮ 5 ਵਜੇ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤੇ ਜਾਣਗੇ। ਜੇਤੂ ਖਿਡਾਰੀਆਂ ਨੂੰ ਏਵਨ ਸਾਈਕਲ ਕੰਪਨੀ ਵੱਲੋਂ 60 ਸਾਈਕਲ ਦਿੱਤੇ ਜਾਣਗੇ। ਅੱਜ ਦੀ ਮੀਟਿੰਗ ਵਿੱਚ ਇੰਸਪੈਕਟਰ ਬਲਬੀਰ ਸਿੰਘ ਹੀਰ,ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ ਪਹਿਲਵਾਨ ਹਰਮੇਲ ਸਿੰਘ ਕਾਲਾ , ਸ਼ਿੰਗਾਰਾ ਸਿੰਘ ਜਰਖੜ, ਪਰਮਜੀਤ ਸਿੰਘ ਨੀਟੂ, ਦੁਪਿੰਦਰ ਸਿੰਘ ਡਿੰਪੀ, ਸਾਹਿਬਜੀਤ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਤੇਜ ਸਿੰਘ ਬਾਕਸਿੰਗ ਕੋਚ, ਜਸਮੇਲ ਸਿੰਘ ਨੋਕਵਾਲ, ਤੇਜਿੰਦਰ ਸਿੰਘ ਜਰਖੜ, ਸੰਦੀਪ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਦੇਸ਼ ਭਗਤ ਗਲੋਬਲ ਸਕੂਲ ਨੇ ਵਾਦ-ਵਿਵਾਦ ਮੁਕਾਬਲੇ ਕਰਵਾਏ

ਅਮਲੋਹ, 24 ਜਨਵਰੀ (ਗਿੰਨੀ ਸੂਦ)-ਦੇਸ਼ ਭਗਤ ਗਲੋਬਲ ਸਕੂਲ, ਮੰਡੀ ਗੋਬਿੰਦਗੜ੍ਹ ਨੇ ਸਫਲਤਾ ਦਾ ਇਕ ਹੋਰ ਝੰਡਾ ਗੱਡਦਿਆਂ ਹੱਬ ਆਫ਼ ਲਰਨਿੰਗ ਦੀ ਅਗਵਾਈ ਹੇਠ ਸੱਤਵੀਂ ਅਤੇ ਅੱਠਵੀਂ ਜਮਾਤਾਂ ਦਾ ਅੰਤਰ-ਸਕੂਲ ਪੰਜਾਬੀ ਵਾਦ-ਵਿਵਾਦ ਮੁਕਾਬਲੇ ਦਾ ਸੰਸਕਰਨ ਕਰਵਾਇਆ, ਜਿਸ ਦੀ ਸ਼ੁਰੂਆਤ ਪ੍ਰਮਾਤਮਾ ਦੀ ਅਰਦਾਸ ਨਾਲ ਹੋਈ। ਇਸ ਵਿੱਚ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਚੁੰਨੀ ਕਲਾਂ, ਦੀਆ ਇੰਟਰਨੈਸ਼ਨਲ ਸਕੂਲ ਮੰਡੀ ਗੋਬਿੰਦਗੜ੍ਹ , ਅਕਾਲ ਅਕੈਡਮੀ ਸਕੂਲ ਖਮਾਣੋਂ, ਸੇਂਟ ਫਰੀਦ ਸਕੂਲ ਮੰਡੀ ਗੋਬਿੰਦਗੜ੍ਹ , ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ , ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਬਸੀ ਪਠਾਣਾਂ ਅਤੇ ਦੇਸ਼ ਭਗਤ ਗਲੋਬਲ ਸਕੂਲ ਮੰਡੀ ਗੋਬਿੰਦਗੜ੍ਹ ਸਮੇਤ 7 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰਤੀਯੋਗੀਆਂ ਨੇ ਜਾਣ-ਪਛਾਣ, ਵਿਸ਼ਾ ਵਸਤੂ, ਪੇਸ਼ਕਾਰੀ, ਉਚਾਰਨ, ਹਾਵ-ਭਾਵ ਅਤੇ ਆਤਮ ਵਿਸ਼ਵਾਸ ਦੇ ਰੂਪ ਵਿੱਚ ਆਪਣੀ ਬੇਮਿਸਾਲ ਪ੍ਰਤਿਭਾ ਦੇ ਨਾਲ ਆਪਣੇ ਵਿਸ਼ੇ ਨੂੰ ਪੇਸ਼ ਕੀਤਾ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲਿਆਂ ਨੇ ਵਿਸ਼ੇ ਦੇ ਪੱਖ ਅਤੇ ਵਿਰੋਧ ਵਿੱਚ ਆਪਣੀਆਂ ਦਲੀਲਾਂ ਨਾਲ ਸਟੇਜ 'ਤੇ ਬੇਹਤਰੀਨ ਪੇਸ਼ਕਾਰੀ ਦਿੱਤੀ। ਇਸ ਵਿੱਚ ਪ੍ਰਤੀਯੋਗਿਤਾ ਦਾ ਮੁੱਖ ਵਿਸ਼ਾ 'ਵਿਦੇਸ਼ਾ ਵਿੱਚ ਜਾਣਾ ਲਾਲਚ ਜਾਂ ਮਜਬੂਰੀ' ਅਤੇ 'ਬਿਹਤਰ ਕੀ ਹੈ ਮਨੁੱਖੀ ਦਿਮਾਗ ਜਾਂ ਕੰਪਿਊਟਰ' ਸੀ। ਇਸ ਪ੍ਰਤੀਯੋਗਤਾ ਦਾ ਉਦੇਸ਼ ਬੱਚਿਆਂ ਨੂੰ ਉਹਨਾਂ ਦੇ ਸਿੱਖਣ, ਵਿਸ਼ੇ ਦੀ ਡੂੰਘੀ ਸਾਂਝ ਅਤੇ ਗਿਆਨ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਸੀ । ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਰਜਨੀਸ਼ ਮਦਾਨ ਵੱਲੋਂ ਜੇਤੂਆਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਡਾ.ਜ਼ੋਰਾ ਸਿੰਘ ਅਤੇ ਜਨਰਲ ਸਕੱਤਰ ਡਾ.ਤਜਿੰਦਰ ਕੌਰ ਨੇ ਸਾਰੇ ਪ੍ਰਤੀਯੋਗੀਆਂ ਨੂੰ ਉਨ ਾਂ ਦੇ ਪ੍ਰਦਰਸ਼ਨ ਲਈ ਵਧਾਈ ਦਿੱਤੀ। ਉਹਨਾਂ ਅੱਗੇ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਬੋਲਣ ਦੇ ਹੁਨਰ ਨੂੰ ਨਿਖਾਰਨ ਵਿੱਚ ਸਹਾਈ ਹੁੰਦੇ ਹਨ।

ਕਾਮਰੇਡ ਹਰਭਜਨ ਸਿੰਘ ਲੱਖਪੁਰੀ ਵਲੋਂ ਮੰਤਰੀ ਹਰਭਜਨ ਸਿੰਘ ਈ ਟੀ ਓ ਦਾ ਕੀਤਾ ਸਨਮਾਨ

ਬੰਗਾ, 24ਜਨਵਰੀ (ਮਨਜਿੰਦਰ ਸਿੰਘ) ਬੰਗਾ ਇਲਾਕੇ ਦੇ ਸੀਨੀਅਰ ਆਗੂ ਐਨ ਆਰ ਆਈ ਕਾਮਰੇਡ ਹਰਭਜਨ ਸਿੰਘ ਵਲੋਂ ਓਨਟਾਰੀਓ ਕਨੇਡਾ ਵਿਖੇ ਪਹੁੰਚੇ ਪੰਜਾਬ ਸਰਕਾਰ ਦੇ ਕੈਬਿਨੇਟ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦਾ ਸਾਥੀਆਂ ਸਮੇਤ ਵਿਸੇਸ ਸਨਮਾਨ ਕੀਤਾ ਗਿਆ, ਕਾਮਰੇਡ ਹਰਭਜਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਵਲੋਂ ਮੰਤਰੀ ਈ ਟੀ ਓ ਨਾਲ ਐਨ ਆਰ ਆਈ ਭਰਾਵਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਜਾਣੂ ਕਰਾਉਂਦਿਆਂ ਵਿਚਾਰ ਵਟਾਂਦਰਾ ਕੀਤਾ ਗਿਆ ਉਨ੍ਹਾਂ ਕਿਹਾ ਕਿ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਮਸਿਆਵਾਂ ਬਾਰੇ ਉਹ ਐਨ ਆਰ ਆਈ ਵਿਭਾਗ ਦੇ ਮੰਤਰੀ ਸਾਹਿਬ ਨਾਲ ਗੱਲ ਕਰਨਗੇ ਪੰਜਾਬ ਸਰਕਾਰ ਐਨ ਆਰ ਆਈ ਦੇ ਮਸਲਿਆਂ ਨੂੰ ਹੱਲ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਤੱਰਕੀ ਵਿੱਚ ਐਨ ਆਰ ਆਈ ਭੈਣਾਂ ਭਰਾਵਾਂ ਦਾ ਵਡਮੁੱਲਾ ਯੋਗਦਾਨ ਹੈ ਇਸ ਮੌਕੇ ਪ੍ਰਭਮੀਤ ਸਰਕਾਰੀਆ ਟਰਾਂਸਪੋਰਟ ਮੰਤਰੀ ਓਂਟਾਰਿਓ,ਨੀਨਾ ਟਾਂਗਰੀ ਸਮਾਲ ਸਕੇਲ ਮੰਤਰੀ, ਹਰਭਜਨ ਸਿੰਘ ਨੰਗਲੀਆ, ਕਰਮਵੀਰ ਸਿੰਘ,ਨੰਬਰਦਾਰ ਹਰਤੀਰ?ਥ ਸਿੰਘ ਅਤੇ ਲਖਵਿੰਦਰ ਸਿੰਘ ਆਦਿ ਹਾਜਰ ਸਨ,

ਜਥੇਦਾਰਾਂ ਅਤੇ ਪਿੰਡਾਂ ਦੇ ਆਗੂਆਂ ਦੀਆਂ ਅੱਡ-ਅੱਡ ਡਿਊਟੀਆਂ ਸੰਗਤਾਂ ਨੂੰ ਲਿਜਾਣ ਲਈ ਲਾਈਆਂ ਗਈਆਂ

ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ 12 ਫਰਵਰੀ ਨੂੰ ਫਤਿਹਗੜ੍ਹ ਸਾਹਿਬ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾਵੇਗਾ: ਜਥੇ. ਭੁੱਲਰ

ਐਸ.ਏ.ਐਸ. ਨਗਰ ਮੋਹਾਲੀ, 24 ਜਨਵਰੀ (ਪੱਤਰ ਪ੍ਰੇਰਕ)-ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਵੀਹਵੀਂ ਸਦੀ ਦੇ ਮਹਾਨ, ਕੌਮੀ ਸ਼ਹੀਦ, ਕਹਿਣੀ ਅਤੇ ਕਰਨੀ ਦੇ ਸੂਰੇ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਨ 12 ਫਰਵਰੀ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਸਾਹਮਣੇ ਬਹੁਤ ਵੱਡੇ-ਪੱਧਰ ਤੇ ਧੂਮ-ਧਾਮ ਨਾਲ ਹਰ ਸਾਲ ਦੀ ਤਰਾਂ ਮਨਾਇਆ ਜਾਵੇਗਾ। ਜਿਸ ਵਿੱਚ ਜਿਲ੍ਹਾ ਐਸ.ਏ.ਐਸ. ਨਗਰ ਤੋਂ ਵੱਡੀ ਗਿਣਤੀ ਵਿੱਚ ਕਾਫਲੇ ਜਾਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੀ.ਏ.ਸੀ. ਮੈਂਬਰ ਜਥੇਦਾਰ ਬਲਕਾਰ ਸਿੰਘ ਭੁੱਲਰ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਹੇ। ਜਥੇ ਭੁੱਲਰ ਨੇ ਕਿਹਾ ਕਿ ਸੂਬੇ ਭਰ ਚੋਂ ਸਰਕਲਾਂ ਦੇ ਜਥੇਦਾਰਾਂ ਅਤੇ ਪਿੰਡਾਂ ਦੇ ਆਗੂਆਂ ਦੀਆਂ ਹਰ ਸਾਲ ਦੀ ਤਰ੍ਹਾਂ ਅੱਡ-ਅੱਡ ਡਿਊਟੀਆਂ ਸੰਗਤਾਂ ਨੂੰ ਲਿਜਾਣ ਲਈ ਲਾਈਆਂ ਗਈਆਂ ਹਨ। ਜਿਸ ਨਾਲ ਫਤਿਹਗੜ੍ਹ ਸਾਹਿਬ ਵਿਖੇ 12 ਫਰਵਰੀ 2024 ਨੂੰ ਸਵੇਰੇ 10:00 ਵਜੇ ਬਹੁਤ ਮਹਾਨ ਇੱਕਠ ਹੋਵੇਗਾ, ਜੋ ਕਿ ਦੇਖਣ ਯੋਗ ਦ੍ਰਿਸ਼ ਹੋਵੇਗਾ। ਇਸ ਮੌਕੇ ਤੇ ਪੰਥ ਦੇ ਮਹਾਨ ਢਾਡੀ ਜਥੇ' ਵਾਰਾਂ ਰਾਹੀਂ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਜਥੇ ਭੁੱਲਰ ਨੇ ਸਮੂਹ ਧਾਰਮਿਕ, ਸਮਾਜਿਕ, ਰਾਜਨਿਤਿਕ ਜੱਥੇਬੰਦੀਆਂ ਨੂੰ ਪੁਰਜੋਰ ਅਪੀਲ ਕੀਤੀ ਕਿ ਆਓ ਆਪਾਂ ਪਾਰਟੀਆਂ ਤੋਂ ਉੱਪਰ ਉੱਠ ਕੇ ਇਸ ਮਹਾਨ ਸ਼ਹੀਦੀ ਸਮਾਗਮ ਤੇ ਇੱਕਤਰ ਹੋ ਕੇ ਕੌਮ ਦੇ ਮਹਾਨ ਆਗੂ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਅਤੇ ਪਾਰਟੀ ਦੇ ਜਰਨਲ ਸਕੱਤਰ ਸ. ਕੁਸ਼ਲਪਾਲ ਸਿੰਘ ਮਾਨ ਅਤੇ ਹੋਰ ਆਗੂਆਂ ਦੇ ਵਿਚਾਰ ਸੁਣਨ ਲਈ ਹੁਮ-ਹਮਾ ਕੇ ਪਹੁੰਚੀਏ। ਇਸ ਮੌਕੇ ਤੇ ਜਥੇ. ਭੁੱਲਰ ਦੇ ਨਾਲ ਇਸ ਮੌਕੇ ਉਨ੍ਹਾਂ ਨਾਲ ਦਲਜੀਤ ਸਿੰਘ ਕੁੰਭੜਾ, ਬਲਵੀਰ ਸਿੰਘ ਸੋਹਾਣਾ, ਨੈਬ ਸਿੰਘ ਗੀਗਾਮਾਜਰਾ, ਸੇਵਾ ਸਿੰਘ ਗੀਗਾਮਾਜਰਾ, ਸੁਖਵਿੰਦਰ ਸਿੰਘ ਭਾਟੀਆ, ਗੁਰਮੁਖ ਸਿੰਘ ਮਟੌਰ, ਦਿਲਬਾਗ ਸਿੰਘ, ਅਵਤਾਰ ਸਿੰਘ ਦੈੜੀ, ਪ੍ਰਦੀਪ ਸਿੰਘ ਦੀਪਾ, ਜਗਤਾਰ ਸਿੰਘ ਚੁੰਨੀ, ਚਰਨਜੀਤ ਸਿੰਘ ਪੜਿਆਲਾ, ਤਲਵਿੰਦਰ ਸਿੰਘ ਮੋਹਾਲੀ ਆਦਿ ਹਾਜਰ ਸਨ।

ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਫੁਲਕਾਰੀ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ ਜਾਗਰੂਕਤਾ ਰੈਲੀ ਦਾ ਆਯੋਜਨ

ਤਲਵੰਡੀ ਸਾਬੋ, 24 ਜਨਵਰੀ (ਰਾਮ ਰੇਸ਼ਮ ਸ਼ਰਨ) ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਪਰਫੋਰਮਿੰਗ ਆਰਟਸ ਵੱਲੋਂ "ਰੂਰਲ ਐਜੂਕੇਸ਼ਨ ਐਂਡ ਡਿਵੈਲਪਮੈਂਟ (ਰੀਡ)"ਦੇ ਸਹਿਯੋਗ ਨਾਲ ਚਲਾਏ ਜਾ ਰਹੇ ਫੁਲਕਾਰੀ ਪ੍ਰੋਜੈਕਟ ਤਹਿਤ ਪ੍ਰੋਜੈਕਟ ਦੀ ਪ੍ਰਿੰਸੀਪਲ ਇਨਵੈਸਟੀਗੇਟਰ ਡਾ. ਕੰਵਲਜੀਤ ਕੌਰ ਦੀ ਦੇਖ-ਰੇਖ ਹੇਠ ਫੁਲਕਾਰੀ ਜਾਗਰੂਕਤਾ ਰੈਲੀ ਪਿੰਡ ਮਾਹੀਨੰਗਲ ਅਤੇ ਜਗਾ ਰਾਮ ਤੀਰਥ ਵਿਖੇ ਕੱਢੀ ਗਈ। ਇਸ ਮੌਕੇ ਰੀਡ ਦੇ ਕੰਟਰੀ ਹੈੱਡ ਡਾ. ਗੀਤਾ ਮਲਹੋਤਰਾ ਨੇ ਦੱਸਿਆ ਕਿ ਫੁਲਕਾਰੀ ਪੰਜਾਬੀ ਅਮੀਰ ਵਿਰਸੇ ਦਾ ਅਨਿਖੜਵਾਂ ਅੰਗ ਹੈ, ਪਰ ਹੁਣ ਫੁਲਕਾਰੀ ਕੱਢਣ ਦੀ ਕਲਾ ਆਲੋਪ ਹੁੰਦੀ ਜਾ ਰਹੀ ਹੈ, ਜਿਸ ਨੂੰ ਮੁੜ ਸੁਰਜੀਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਇਸ ਕਲਾ ਤੋਂ ਜਾਣੂ ਕਰਵਾਉਣ ਲਈ ਇਹ ਜਾਗਰੂਕਤਾ ਰੈਲੀ ਆਯੋਜਿਤ ਕੀਤੀ ਗਈ ਹੈ। ਇਸ ਤੋਂ ਇਲਾਵਾ ਪਿੰਡਾਂ ਦੀਆਂ ਸੁਆਣੀਆਂ ਤੇ ਕੁੜੀਆਂ ਨੂੰ ਆਪਣੀ ਇਸ ਕਲਾ ਨਾਲ ਜੁੜ ਕੇ ਰੁਜ਼ਗਾਰ ਵਜੋਂ ਅਪਣਾਉਣ ਲਈ ਪ੍ਰੋਤਸਾਹਿਤ ਕਰਨਾ ਹੈ ਤਾਂ ਕਿ ਕੁੜੀਆਂ ਇਸ ਦੇ ਮਾਧਿਅਮ ਰਾਹੀਂ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ। ਇਸ ਮੌਕੇ ਰੀਡ ਦੇ ਪ੍ਰਤੀਨਿਧੀ ਸਮਿਤਾ ਰਾਏ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਫੁਲਕਾਰੀ ਪ੍ਰੋਜੈਕਟ ਦੀ ਸਫਲਤਾ ਲਈ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਡਾ. ਕੰਵਲਜੀਤ ਕੌਰ ਨੇ ਦੱਸਿਆ ਕਿ ਜਾਗਰੂਕਤਾ ਰੈਲੀ ਦੀ ਪਿੰਡਾਂ ਦੀਆਂ ਪੰਚਾਇਤਾਂ, ਇਲਾਕਾ ਨਿਵਾਸੀਆਂ ਤੇ ਵਿਦਿਆਰਥੀਆਂ ਨੇ ਖੂਬ ਸ਼ਲਾਘਾ ਕੀਤੀ ਤੇ ਪਿੰਡਾ ਦੀਆਂ ਮੁਟਿਆਰਾਂ ਨੇ ਇਸ ਕਲਾ ਨੂੰ ਸਿੱਖਣ ਵਿੱਚ ਖੂਬ ਦਿਲਚਸਪੀ ਵਿਖਾਈ। ਉਨ੍ਹਾਂ ਪਿੰਡ ਵਾਸੀਆਂ ਦੇ ਹੁਨਰ ਨੂੰ ਨਿਖਾਰਨ ਲਈ ਸਹਿਯੋਗ ਦਾ ਵਾਅਦਾ ਵੀ ਦੁਹਰਾਇਆ।

ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਦੇ ਵਿਦਿਆਰਥੀਆਂ ਵੱਲੋਂ 'ਕੰਮ ਦੀ ਸ਼ਾਨ' ਵਿਸ਼ੇ 'ਤੇ ਪ੍ਰੋਗਰਾਮ ਕਰਵਾਇਆ

ਮੰਡੀ ਗੋਬਿੰਦਗੜ੍ਹ , 24 ਜਨਵਰੀ (ਗਿੰਨੀ ਸੂਦ)-ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਦੇ ਵਿਦਿਆਰਥੀਆਂ ਵੱਲੋਂ 'ਕੰਮ ਦੀ ਸ਼ਾਨ' ਵਿਸ਼ੇ 'ਤੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਛੇਵੀਂ ਅਤੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਕਿਰਤ ਦੀ ਸ਼ਾਨ ਨੂੰ ਸਮਝਣ ਲਈ ਨਾਟਕ ਪੇਸ਼ ਕੀਤਾ ਗਿਆ। ਕਿਰਤ ਦੀ ਮਹੱਤਤਾ ਨੂੰ ਗੀਤਾਂ ਅਤੇ ਕਵਿਤਾਵਾਂ ਰਾਹੀਂ ਸਮਝਾਇਆ ਗਿਆ। ਇਕੱਠ ਨੇ ਮਨੁੱਖੀ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨ ਅਤੇ ਇਹ ਸਾਬਤ ਕਰਨ ਦਾ ਬੀੜਾ ਚੁੱਕਿਆ ਕਿ ਕੋਈ ਵੀ ਕੰਮ ਛੋਟਾ ਨਹੀਂ ਹੁੰਦਾ ਹਰ ਕੰਮ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਹ ਸਿੱਧ ਹੋਇਆ ਕਿ ਇਹ ਸਿਧਾਂਤ ਕੇਵਲ ਇੱਕ ਦਾਰਸ਼ਨਿਕ ਪ੍ਰਗਟਾਵਾ ਨਹੀਂ ਹੈ ਸਗੋਂ ਇਹ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਦਾ ਇੱਕ ਮਹੱਤਵਪੂਰਨ ਮਾਪਦੰਡ ਹੈ ਜੋ ਵਿਦਿਆਰਥੀਆਂ ਨੂੰ ਇੱਕ ਖੁਸ਼ਹਾਲ ਅਤੇ ਸਨਮਾਨਜਨਕ ਸਮਾਜ ਵੱਲ ਪ੍ਰੇਰਿਤ ਕਰ ਸਕਦਾ ਹੈ। ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਇਹ ਸਿਖਾਉਣਾ ਜ਼ਰੂਰੀ ਹੈ ਕਿ ਕਿਸੇ ਵੀ ਕੰਮ ਵਿੱਚ ਸਮਰਪਣ ਅਤੇ ਸਹਿਯੋਗ ਜ਼ਰੂਰੀ ਹੈ। ਇਸ ਨਾਲ ਨਾ ਸਿਰਫ ਉਨ ਾਂ ਦਾ ਨਿੱਜੀ ਵਿਕਾਸ ਹੋਵੇਗਾ ਸਗੋਂ ਸਮਾਜ ਵਿੱਚ ਸਮਰਪਣ ਅਤੇ ਖੁਸ਼ਹਾਲੀ ਵੱਲ ਵੀ ਕਦਮ ਪੁੱਟਣਗੇ ਤਾਂ ਜੋ ਵਿਦਿਆਰਥੀ ਇੱਕ ਖੁਸ਼ਹਾਲ ਅਤੇ ਸਨਮਾਨਜਨਕ ਸਮਾਜ ਦੇ ਨਿਰਮਾਣ ਵਿੱਚ ਸਰਗਰਮ ਭੂਮਿਕਾ ਨਿਭਾ ਸਕਣ।

ਸ੍ਰੀ ਗੁਰੂ ਅੰਗਦ ਦੇਵ ਕਾਲਜ,ਖਡੂਰ ਸਾਹਿਬ ਦੇ ਐੱਨ.ਐੱਸ.ਐੱਸ ਵਿਭਾਗ ਵੱਲੋਂ ਕਰਵਾਏ ਗਏ ਸੱਤ ਰੋਜ਼ਾ ਕੈਂਪ ਦੀ ਮੁਕੰਮਲਤਾਂ ਹੋਈ

ਖਡੂਰ ਸਾਹਿਬ, 24 ਜਨਵਰੀ (ਹਰਪਾਲ ਸਿੰਘ ਕੰਗ,ਗੁਲਸ਼ੇਰ ਸਿੰਘ ਸੰਧੂ)-ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਵਿਖੇ ਲਗਾਏ ਗਏ ਐਨ ਐਸ਼ ਐਸ਼ ਕੈਂਪ ਦੀ ਮੁਕੰਮਲਤਾ ਹੋਈ।ਇਸ ਕੈਂਪ ਦੇ ਦੌਰਾਨ ਕਾਲਜ ਵਿਦਿਆਰਥੀਆਂ ਅਤੇ ਸਬੰਧਿਤ ਅਧਿਆਪਕ ਸਾਹਿਬਾਨ ਨੇ ਬੜੀ ਪੁਖਤਗੀ ਅਤੇ ਪੂਰੀ ਤਨ ਦੇਹੀ ਨਾਲ ਹਰੇਕ ਕਾਰਜ ਨੂੰ ਮੁਕੰਮਲ ਕੀਤਾ। ਇਸ ਕੈਂਪ ਦਾ ਮਨੋਰਥ ਵਿਦਿਆਰਥੀਆਂ ਅੰਦਰ ਨੈਤਿਕ ਕਦਰਾਂ ਕੀਮਤਾਂ, ਸੱਭਿਅਕ ਆਚਰਣ ਅਤੇ ਸੇਵਾ ਭਾਵਨਾ ਦੇ ਅਮਲੀ ਗੁਣਾਂ ਨੂੰ ਆਪਣੇ ਜੀਵਨ ਵਿੱਚ ਉਤਾਰਨ ਲਈ ਪ੍ਰੇਰਿਤ ਕਰਨਾ ਸੀ। ਐੱਨ. ਐੱਸ. ਐੱਸ ਵਿੰਗ ਦੇ ਵਿਦਿਆਰਥੀਆਂ ਦੁਆਰਾ ਕਾਲਜ ਦਾ ਸਮੁੱਚਾ ਕੈਂਪਸ, ਖਡੂਰ ਸਾਹਿਬ ਦਾ ਸਿਵਲ ਹਸਪਤਾਲ ਅਤੇ ਮਿਆਵਿੰਡ ਪਿੰਡ ਦੇ ਖੇਡ ਮੈਦਾਨ ਅਤੇ ਹਸਪਤਾਲ ਦੀ ਸਮੁੱਚੀ ਸਫਾਈ ਕਰਕੇ ਵਾਤਾਵਰਨ ਨੂੰ ਖੁਸ਼ਹਾਲ ਰੱਖਣ ਲਈ ਵੱਖ-ਵੱਖ ਬੂਟੇ ਅਤੇ ਫੁੱਲ ਲਗਾਏ ਗਏ। ਇਸ ਕੈਂਪ ਦੇ ਅੰਤਲੇ ਦਿਨ ਕਾਲਜ ਪ੍ਰਿੰਸੀਪਲ ਡਾ.ਬਲਵੰਤ ਸਿੰਘ ਸੰਧੂ ਨੇ ਐੱਨ.ਐੱਸ.ਐੱਸ ਵਿੰਗ ਦੇ ਕੋਆਰਡੀਨੇਟਰ ਪ੍ਰੋ.ਜਸਪਾਲ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਅਤੇ ਆਖਿਆ ਕਿ ਇਸ ਤਰਾਂ ਦੇ ਕੈਂਪਾਂ ਦਾ ਆਯੋਜਨ ਅਸੀਂ ਭਵਿੱਖ ਵਿੱਚ ਵੀ ਕਰਦੇ ਰਹਾਂਗੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਨਾਲ ਜੁੜ ਕੇ ਲਾਭ ਪ੍ਰਾਪਤ ਕਰ ਸਕਣ। ਇਸ ਮੌਕੇ ਪ੍ਰੋ.ਮੇਜਰ ਸਿੰਘ,ਪ੍ਰੋ.ਹਰਦੀਪ ਸਿੰਘ, ਪ੍ਰੋ.ਰਵਿੰਦਰ ਕੌਰ,ਪ੍ਰੋ.ਮਨਪ੍ਰੀਤ ਕੌਰ, ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਸੋਨੂੰ ਚੀਮਾ ਦੇ ਦੇਹਾਂਤ ਤੇ ਵੱਖ ਵੱਖ ਪਿੰਡਾਂ ਤੋਂ ਆਏ ਮੋਹਤਬਰਾਂ ਨੇ ਕੀਤਾ ਦੁੱਖ ਦਾ ਪ੍ਰਗਟਾਵਾ

ਝਬਾਲ 24 ਜਨਵਰੀ (ਰਜਿੰਦਰ ਖੁੱਲਰ)ਅੱਡਾ ਝਬਾਲ ਦੇ ਸੀਨੀਅਰ ਆਗੂ ਸਰਪੰਚ ਸੋਨੂੰ ਦਾ ਪਿਛਲੀ ਦਿਨੀਂ ਦੇਹਾਂਤ ਹੋ ਗਿਆ ਸੀ, ਅੱਜ ਉਹਨਾਂ ਦੇ ਗ੍ਰਹਿ ਵਿਖੇ ਵੱਖ ਵੱਖ ਪਿੰਡਾਂ ਤੋ ਆਏ ਮੋਹਤਬਰਾਂ ਨੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਇਸ ਮੌਕੇ ਭੁੱਸੇ, ਚੀਚਾ, ਭਕਨਾ, ਚੀਮਾਂ ਕਲਾਂ, ਨੌਸ਼ਹਿਰਾ ਢਾਲਾ, ਗਹਿਰੀ, ਸਰਾਏ ਅਮਾਨਤ ਖਾ, ਗੰਡੀਵਿੰਡ, ਦੋ ਦੇ,ਰਸੂਲਪੁਰ, ਭੁੱਚਰ, ਸੋਹਲ, ਪੰਜਵੜ, ਹੀਰ ਪੁਰ,ਭੋਜੀਆ, ਕੋਟ ਧਰਮ ਚੰਦ ਕਲਾਂ, ਲਾਲੂਘੁੰਮਣ, ਮੰਨਣ, ਠੱਠਾ ਆਦਿ ਤੋਂ ਇਲਾਵਾ ਅਨੇਕਾਂ ਪਿੰਡਾਂ ਨੇ ਮੋਨੂੰ ਚੀਮਾਂ ਅਤੇ ਉਹਨਾਂ ਦੇ ਮਾਤਾ ਪਿਤਾ, ਪਤਨੀ, ਪੁੱਤਰ ਆਦਿ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ, ਉਹਨਾਂ ਨੇ ਕਿਹਾ ਕਿ ਉਹਨਾਂ ਦੀ ਹੋਈ ਬੇਵਕਤੀ ਮੌਤ ਤੇ ਸਾਨੂੰ ਤੇ ਚੀਮਾ ਪਰਿਵਾਰ ਨੂੰ ਬਹੁਤ ਘਾਟਾ ਪਿਆ ਹੈ।

ਸੁਖਬੀਰ ਸਿੰਘ ਬਾਦਲ ਦੀਆਂ ਸ਼ੋਸਲ ਮੀਡੀਆ ਤੇ ਪਾਈਆਂ ਪੋਸਟਾਂ ਨੂੰ ਲਾਈਕ ਨਹੀਂ ਕਰਦੇ ਬਹੁਤੇ ਪਾਰਟੀ ਦੇ ਹਲਕਾ ਇੰਚਾਰਜ ਤੇ ਆਹੁਦੇਦਾਰ

ਚੀਮਾ, 24 ਜਨਵਰੀ (ਮੱਖਣ ਸ਼ਾਹਪੁਰ)ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਇਕਲੌਤੀ ਖੇਤਰੀ ਪਾਰਟੀ ਹੈ ਜਿਸ ਦੇ ਮੌਜੂਦਾ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਹਨ । ਸ਼੍ਰੋਮਣੀ ਅਕਾਲੀ ਦਲ ਉਹ ਰਾਜਨੀਤਿਕ ਪਾਰਟੀ ਹੈ ਜਿਸ ਨੇ ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਲੰਬਾ ਸਮਾਂ ਰਾਜ ਕੀਤਾ ਤੇ ਬਹੁਤ ਸਾਰੇ ਪੰਜਾਬ ਹਿੱਤਾਂ ਚ ਕੰਮ ਕਰਕੇ ਪੰਜਾਬ ਨੂੰ ਇੱਕ ਨਵੀਂ ਦਿੱਖ ਵਾਲਾ ਸਰਵੋਤਮ ਸੂਬਾ ਬਣਾਇਆ। ਪਰ ਪਿੱਛਲੇ ਦਸ ਸਾਲ ਤੋਂ ਲਗਾਤਾਰ ਪਾਰਟੀ ਨੂੰ ਸਭ ਤੋਂ ਵੱਧ ਸ਼ੋਸਲ ਮੀਡੀਆ ਤੇ ਕੂੜ ਪ੍ਰਚਾਰ ਰਾਹੀ ਵਿਰੋਧੀ ਪਾਰਟੀਆਂ ਵੱਲੋਂ ਬਦਨਾਮ ਹੀ ਨਹੀ ਕੀਤਾ ਜਾ ਰਿਹਾ ਸਗੋਂ ਇੱਕ ਸੋਚੀ ਸਮਝੀ ਰਾਜਨੀਤੀ ਤਹਿਤ ਸ਼੍ਰੋਮਣੀ ਅਕਾਲੀ ਨੂੰ ਸ਼ੋਸਲ ਮੀਡੀਆ ਤੇ ਬਦਨਾਮ ਕਰਕੇ ਅਕਾਲੀ ਦਲ ਦੀ ਵੱਡੀ ਵੋਟ ਬੈਂਕ ਨੂੰ ਖੋਰਾ ਲਗਾਇਆ ਗਿਆ ਹੈ । ਸੋਸ਼ਲ ਮੀਡੀਆ ਤੇ ਪਾਰਟੀ ਵਿਰੁੱਧ ਕੂੜ ਪ੍ਰਚਾਰ ਖ਼?ਲਾਫ਼ ਤੇ ਪਾਰਟੀ ਦੇ ਹੱਕ ਚ ਪ੍ਰਚਾਰ ਲਈ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਯੂਥ ਦੀ ਇੱਕ ਵੱਡੀ ਰੈਲੀ ਕਰਦਿਆਂ ਕਰਦਿਆਂ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਨਿੱਜੀ ਪੇਜ ਨੂੰ ਲਾਈਕ ,ਕੁਮੈਂਟ ਤੇ ਸ਼ੇਅਰ ਕਰਨ ਲਈ ਕਿਹਾ ਤੇ ਹਰ ਹਲਕਾ ਇੰਚਾਰਜ ਦੀ ਵਿਸ਼ੇਸ ਡਿਊਟੀ ਲਾਈ ਕਿ ਉਹ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਪੇਜ ਨੂੰ ਵੱਧ ਤੋਂ ਵੱਧ ਫਾਲੋ ਕਰਵਾਉਣ ਤੇ ਪਾਰਟੀ ਪ੍ਰਧਾਨ ਵੱਲੋਂ ਸੋਸਲ ਮੀਡੀਆ ਤੇ ਪਾਈ ਪੋਸਟ ਨੂੰ ਲਾਈਕ ਸੇਅਰ ਕਰਨ ਤੇ ਕਰਵਾਉਣ । ਪਰ ਹਕੀਕਤ ਇਹ ਹੈ ਕਿ ਜੋ ਅਕਾਲੀ ਵਰਕਰ ਸੋਸ਼ਲ ਮੀਡੀਆ ਤੇ ਐਕਟਿਵ ਹਨ ,ਪਾਰਟੀ ਦੀ ਚੜ?ਦੀ ਕਲਾ ਲਈ ਸੋਸ਼ਲ ਮੀਡੀਆ ਤੇ ਪਾਰਟੀ ਦਾ ਪ੍ਰਚਾਰ ਕਰਦੇ ਹਨ ਤੇ ਵਿਰੋਧੀਆਂ ਨਾਲ ਪਾਰਟੀ ਵਿਰੁੱਧ ਹੋ ਰਹੇ ਕੂੜ ਪ੍ਰਚਾਰ ਵਿਰੁੱਧ ਮੌਕੇ ਦੀਆਂ ਸਰਕਾਰਾਂ ਨਾਲ ਲੜਦੇ ਹਨ ਉਹਨਾਂ ਨੂੰ ਪਾਰਟੀ ਦੇ ਜਥੇਬੰਦਕ ਢਾਂਚੇ ਤੋਂ ਦੂਰ ਰੱਖਿਆ ਜਾਂਦਾ ਹੈ ਤੇ ਹੈਰਾਨੀ ਹੁੰਦੀ ਹੈ ਜਦੋ ਪਾਰਟੀ ਦੇ ਬਹੁਤ ਸਾਰੇ ਹਲਕਾ ਇੰਚਾਰਜ ਤੇ ਹੋਰ ਆਹੁਦੇਦਾਰ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ ਨੂੰ ਨਾ ਮੰਨਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਪੇਜ ਤੇ ਪਾਈ ਗਈ ਕਿਸੇ ਵੀ ਪੋਸਟ ਨੂੰ ਲਾਈਕ ਤੇ ਕੁਮੈਂਟ ਵੀ ਨਹੀਂ ਕਰਦੇ .ਸ਼ੇਅਰ ਤਾਂ ਦੂਰ ਦੀ ਗੱਲ ਜਿਹੜੇ ਵਿਚਾਰੇ ਪਾਰਟੀ ਦੇ ਜਾਨੂੰਨੀ ਆਮ ਵਰਕਰ ਹਰ ਰੋਜ ਸ਼ੋਸਲ ਮੀਡੀਆ ਤੇ ਸੁਖਬੀਰ ਸਿੰਘ ਬਾਦਲ ਦੇ ਪੇਜ ਤੇ ਪਈ ਹਰ ਪੋਸਟ ਨੂੰ ਲਾਈਕ ਕੁਮੈਂਟ ਤੇ ਸ਼ੇਅਰ ਕਰਕੇ ਆਪਣੀ ਅਕਾਲੀ ਪਾਰਟੀ ਦੇ ਹੱਕ ਚ ਲਿਖਦੇ ਨੇ ,ਪਾਰਟੀ ਦੀਆਂ ਗਤੀਵਿਧੀਆਂ ਨੂੰ ਅੱਗੇ ਤੋਂ ਅੱਗੇ ਸ਼ੇਅਰ ਕਰਦੇ ਨੇ ,,ਉਹਨਾਂ ਵਾਰੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਨਾ ਵਾਕਿਫ ਹਨ ਕਿਉਂਕਿ ਅੱਜ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਗਰਾਂਉਂਡ ਦੀ ਸਥਿਤੀ ਤੋਂ ਅਣਜਾਣ ਹਨ ,ਇਸ ਕਰਕੇ ਉਹ ਆਮ ਤੇ ਮਿਹਨਤੀ ਵਰਕਰਾਂ ਦੀ ਪਹਿਚਾਣ ਨਹੀਂ ਕਰ ਪਾ ਰਹੇ ।

26 ਜਨਵਰੀ ਨੂੰ ਕਿਸਾਨ ਕਰਨਗੇ ਟਰੈਕਟਰ ਪ੍ਰੇਡ

ਤਲਵੰਡੀ ਸਾਬੋ 24 ਜਨਵਰੀ (ਕਮਲਦੀਪ ਬਾਂਸਲ)- ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਤਲਵੰਡੀ ਸਾਬੋ ਅਤੇ ਮੌੜ ਦੀ ਮੀਟਿੰਗ ਤਲਵੰਡੀ ਸਾਬੋ ਵਿਖੇ ਹੋਈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਭਾਈਰੂਪਾ ਅਤੇ ਜ਼ਿਲ੍ਹਾ ਜਰਨਲ ਸਕੱਤਰ ਰਾਜਮਹਿੰਦਰ ਸਿੰਘ ਕੋਟਭਾਰਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਬਲਦੇਵ ਸਿੰਘ ਭਾਈਰੂਪਾ ਨੇ ਦੱਸਿਆ ਕਿ 26 ਜਨਵਰੀ ਵਾਲੇ ਦਿਨ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਤਲਵੰਡੀ ਸਾਬੋ ਵਿਖੇ ਵਿਸ਼ਾਲ ਟਰੈਕਟਰ ਪ੍ਰੇਡ ਕੀਤੀ ਜਾਵੇਗੀ। ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਟਰੈਕਟਰ ਲੈ ਕੇ ਸ਼ਾਮਲ ਹੋਣਗੇ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਰਨਲ ਸਕੱਤਰ ਰਾਜਮਹਿੰਦਰ ਸਿੰਘ ਕੋਟਭਾਰਾ ਨੇ ਦੱਸਿਆ ਕਿ ਕਿਸਾਨਾਂ ਨਾਲ ਦਿੱਲੀ ਅੰਦੋਲਨ ਦੇ ਸਮਾਪਤੀ ਸਮੇਂ ਕੀਤੇ ਗਏ ਵਾਅਦੇ ਪੂਰੇ ਨਾਂ ਕਰਨ ਦੇ ਵਿਰੋਧ 'ਚ ਕਿਸਾਨਾਂ ਵੱਲੋਂ ਫਿਰ ਤੋਂ ਮੋਦੀ ਸਰਕਾਰ ਘੇਰਨ ਲਈ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ , ਜਿਸ ਵਿਚ ਕਰਜ ਮੁਕਤੀ , ਸਾਰੀਆਂ ਫਸਲਾਂ ਤੇ ਐਮ ਐਸ ਪੀ ਗਾਰੰਟੀ ਕ?ਨੂੰਨ , ਫਸਲੀ ਬੀਮਾ ਯੋਜਨਾ , ਬਜ਼ੁਰਗ ਕਿਸਾਨਾਂ ਲਈ ਪੈਨਸ਼ਨ , ਬਿਜਲੀ ਸੋਧ ਬਿਲ ਰੱਦ ਕਰਨ , ਕਿਸਾਨਾਂ ਖ਼?ਲਾਫ਼ ਕੀਤੇ ਸਾਰੇ ਕੇਸ ਵਾਪਸ ਲੈਣ , ਲਖਮੀਰ ਪੁਰ ਖੀਰੀ ਕਤਲ ਕਾਂਡ ਦੇ ਸਾਰੇ ਦੋਸ਼ੀਆਂ ਨੂੰ ਸਜ਼ਾ ਦੇਣ , ਅੰਦੋਲਨ ਦੌਰਾਨ ਸ਼ਹੀਦ ਹੋਏ ਸਾਰੇ ਕਿਸਾਨਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਅਤੇ ਮੁਆਵਜ਼ਾ ਦੇਣ ਆਦਿ ਮੁੱਖ ਮੰਗਾਂ ਹਨ । ਇਸ ਮੌਕੇ ਬਲਾਕ ਤਲਵੰਡੀ ਸਾਬੋ ਪ੍ਰਧਾਨ ਲਛਮਣ ਸਿੰਘ ਭਾਗੀਵਾਂਦਰ , ਮੇਜਰ ਸਿੰਘ ਕੋਟਭਾਰਾ ਬਲਾਕ ਜਰਨਲ ਸਕੱਤਰ , ਸੋਨੂੰ ਅਜ਼ਾਦ ਲਹਿਰੀ ਪ੍ਰੈਸ ਸਕੱਤਰ ਬਲਾਕ , ਪ੍ਰੀਤਮ ਸਿੰਘ ਰਾਮਸਰਾ, ਜਸਪਾਲ ਸਿੰਘ ਰਾਜਗੜ੍ਹ ਕੁੱਬੇ , ਅਵਤਾਰ ਸਿੰਘ ਰਾਜਗੜ ਕੁੱਬੇ , ਬਲਕਰਨ ਸਿੰਘ ਭਾਗੀਵਾਂਦਰ , ਗੁਰਪਿਆਰ ਸਿੰਘ ਭਾਗੀਵਾਂਦਰ , ਜਗਜੀਤ ਸਿੰਘ ਤਰਖਾਣ ਵਾਲਾ , ਬੂਟਾ ਸਿੰਘ ਰਾਮਸਰਾ , ਜਗਜੀਤ ਸਿੰਘ ਘੁੰਮਣ ਅਤੇ ਬਾਬੂ ਸਿੰਘ ਮਲਕਾਣਾ ਆਦਿ ਕਿਸਾਨ ਆਗੂ ਮੌਜੂਦ ਸਨ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਪੈਸ਼ਲ ਮੋਨੀਟਰ ਬਾਲ ਕ੍ਰਿਸ਼ਨ ਗੋਇਲ ਨੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕ ਹੋਣਾ ਬਹੁਤ ਜ਼ਰੂਰੀ -ਬਾਲ ਕ੍ਰਿਸ਼ਨ ਗੋਇਲ

ਫ਼ਤਹਿਗੜ੍ਹ ਸਾਹਿਬ, 24 ਜਨਵਰੀ (ਗਿੰਨੀ ਸੂਦ)-ਭਾਰਤ ਸਰਕਾਰ ਦੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਪੈਸ਼ਲ ਮੋਨੀਟਰ ਬਾਲ ਕ੍ਰਿਸ਼ਨ ਗੋਇਲ ਨੇ ਬੱਚਤ ਭਵਨ ਵਿਖੇ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਸ੍ਰੀ ਗੋਇਲ ਨੇ ਦੱਸਿਆ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੁਨੀਆਂ ਦਾ ਸਭ ਤੋਂ ਵੱਡਾ ਕਮਿਸ਼ਨ ਹੈ ਜਿਸ ਨੂੰ ਯੁਨਾਈਟਿਡ ਨੇਸ਼ਨ ਵੱਲੋਂ ਏ-ਗਰੇਡ ਮਿਲਿਆ ਹੈ। ਉਨ ਾਂ ਦੱਸਿਆ ਕਿ ਕਮਿਸ਼ਨ ਕੋਲ ਕੇਸਾਂ ਦੀ ਨਿਰਪੱਖ ਜਾਂਚ ਕਰਵਾਉਣ ਲਈ ਆਪਣੀਆਂ ਟੀਮਾਂ ਹਨ ਅਤੇ ਕਮਿਸ਼ਨ ਦੇ 12 ਹੋਰ ਮੋਨੀਟਰ ਵੱਖ-ਵੱਖ ਖੇਤਰਾਂ ਨਾਲ ਸਬੰਧਤ ਕੇਸਾਂ ਦੀ ਨਿਗਰਾਨੀ ਕਰਦੇ ਹਨ। ਉਨ ਾਂ ਕਿਹਾ ਕਿ ਅਕਸਰ ਪਬਲਿਕ ਡੀਲਿੰਗ ਵਾਲੇ ਸਰਕਾਰੀ ਅਦਾਰਿਆਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਜਾਂਦੀ ਹੈ ਜੋ ਕਿ ਜਾਗਰੂਕਤਾ ਦੀ ਘਾਟ ਕਾਰਨ ਹੋ ਸਕਦੀ ਹੈ, ਜਿਸ ਨੂੰ ਰੋਕਣ ਲਈ ਹਰੇਕ ਨਾਗਰਿਕ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਹੋਣਾ ਜਰੂਰੀ ਹੈ। ਉਨ ਾਂ ਹਾਜਰ ਅਧਿਕਾਰੀਆਂ ਨੂੰ ਕਿਹਾ ਕਿ ਆਪਸੀ ਤਾਲਮੇਲ ਨਾਲ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਪਰਾਲੇ ਕੀਤੇ ਜਾਣ ਤਾਂ ਜੋ ਕਿਸੇ ਵੀ ਨਾਗਰਿਕ ਦੇ ਹੱਕਾਂ ਦੀ ਉਲੰਘਣਾ ਨਾ ਹੋ ਸਕੇ। ਉਨ ਾਂ ਕਿਹਾ ਕਿ ਹਸਪਤਾਲਾਂ ਅੰਦਰ ਮਰੀਜਾਂ ਲਈ ਸਾਫ-ਸਫਾਈ, ਸਾਫ ਪਖਾਨੇ, ਪੀਣ ਵਾਲਾ ਸਾਫ ਪਾਣੀ ਅਤੇ ਬੈਠਣ ਲਈ ਢੁਕਵੀਂ ਥਾਂ ਹੋਣੀ ਜਰੂਰੀ ਹੈ, ਇਸੇ ਤਰ ਾਂ ਸਕੂਲਾਂ ਅੰਦਰ ਵੀ ਬੱਚਿਆਂ ਲਈ ਅਜਿਹੀਆਂ ਬੁਨਿਆਦੀ ਲੋੜਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਉਨ ਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ ਾਂ ਓਲਡ ਏਜ ਹੋਮ ਵਿੱਚ ਰਹਿ ਰਹੇ ਬਜੁਰਗਾਂ ਦੀ ਨਿਰੰਤਰ ਸਿਹਤ ਜਾਂਚ ਤੇ ਲੋੜੀਂਦੀਆਂ ਦਵਾਈਆਂ ਉਪਲਬਧ ਕਰਵਾਉਣ ਤੇ ਜੋਰ ਵੀ ਦਿੱਤਾ। ਉਨ ਾਂ ਇਹ ਵੀ ਕਿਹਾ ਕਿ ਬਾਲ ਮਜਦੂਰੀ ਨੂੰ ਰੋਕਣ ਲਈ ਸਾਰੇ ਵਿਭਾਗਾਂ ਵੱਲੋਂ ਆਪਸੀ ਸਹਿਯੋਗ ਨਾਲ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਜ਼ਿਲੇ ਦੇ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਭਰੋਸਾ ਦਿੱਤਾ ਕਿ ਕਮਿਸ਼ਨ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕੀਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਈਸ਼ਾ ਸਿੰਗਲ, ਕਪਤਾਨ ਪੁਲੀਸ (ਜਾਂਚ) ਰਾਕੇਸ਼ ਯਾਦਵ, ਉਪ ਪੁਲੀਸ ਕਪਤਾਨ ਡੀ.ਐਸ.ਪੀ. ਕੁਲਬੀਰ ਸਿੰਘ, ਜ਼ਿਲ ਾ ਮਾਲ ਅਫਸਰ ਕਰੁਣ ਗੁਪਤਾ, ਜ਼ਿਲ ਾ ਸਮਾਜਿਕ ਸੁਰੱਖਿਆ ਅਫਸਰ ਜੋਬਨਦੀਪ ਕੌਰ, ਜ਼ਿਲ ਾ ਪ੍ਰੋਗਰਾਮ ਅਫਸਰ ਗੁਰਮੀਤ ਸਿੰਘ ਅਤੇ ਜ਼ਿਲ ਾ ਬਾਲ ਸੁਰੱਖਿਆ ਅਫਸਰ ਹਰਭਜਨ ਸਿੰਘ ਮਹਿਮੀ ਆਦਿ ਹਾਜ਼ਰ ਸਨ।

ਅਯੁੱਧਿਆ ਵਿਚ ਸ੍ਰੀ ਰਾਮ ਮੰਦਿਰ ਪ੍ਰਾਣ ਪ੍ਰਤਿਸ਼ਟਾ ਸਮਾਗਮ ਦੀ ਖੁਸ਼ੀ ਮੌਕੇ ਡੇਰਾ ਬਾਬਾ ਟਿੱਬੀ ਸਾਹਿਬ ਕਾਠਗੜ੍ਹ ਦੇ ਮੁੱਖ ਸੇਵਾਦਾਰ ਸਾਈਂ ਕਾਲੇ ਸ਼ਾਹ ਵਲੋਂ ਮਾਲੇਵਾਲ ਰੋਡ ਤੇ ਖੀਰ ਦਾ ਲੰਗਰ ਲਗਾਇਆ ਗਿਆ।

(ਫੋਟੋ ਤੇ ਵੇਰਵਾ - ਸ਼ੇਰ ਜੰਗ ਰਾਣਾ ਕਾਠਗੜ੍ਹ)

26 ਜਨਵਰੀ ਨੂੰ ਜ਼ਿਲ੍ਹਾ ਹੈਡਕੁਆਰਟਰਾਂ ਤੇ ਕਸਬਿਆਂ ਵਿੱਚ ਟਰੈਕਟਰ ਮਾਰਚ ਕੱਢੇ ਜਾਣਗੇ-ਸ੍ਰ. ਸਤਨਾਮ ਸਿੰਘ ਬਹਿਰੂ

ਦੇਵੀਗੜ੍ਹ 24 ਜਨਵਰੀ (ਵਿਜੈ ਕੁਮਾਰ ਸ਼ਰਮਾ): ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦਿੱਲੀ ਵਿਖੇ ਚੱਲੇਂ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੀਆਂ ਪ੍ਰਮੁੱਖ ਮੰਗਾਂ ਬਾਰੇ ਕੀਤੇ ਲਿਖਤੀ ਸਮਝੌਤੇ ਤੋਂ ਮੁੱਕਰ ਕੇ ਕੀਤੀ ਜਾ ਰਹੀ ਵਾਅਦਾ ਖਿਲਾਫੀ ਦੇ ਰੋਸ਼ ਵੱਜੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਪੂਰੇ ਦੇਸ਼ ਵਿੱਚ 26 ਜਨਵਰੀ ਨੂੰ ਜ਼ਿਲ੍ਹਾ ਹੈਡਕੁਆਰਟਰਾਂ ਤੇ ਕਸਬਿਆਂ ਵਿੱਚ ਵੱਡੇ ਟਰੈਕਟਰ ਮਾਰਚ ਕੀਤੇ ਜਾ ਰਹੇ ਹਨ ਇਹ ਜਾਣਕਾਰੀ ਅੱਜ ਇਥੇ ਆਪਣੇ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੰਦਿਆਂ ਐਸ ਕੇ ਐਮ ਨੈਸ਼ਨਲ ਕੋਡੀਏਸਨ ਕਮੇਟੀ ਦੇ ਮੈਂਬਰ ਸ੍ਰ. ਸਤਨਾਮ ਸਿੰਘ ਬਹਿਰੂ ਨੇ ਕਿਹਾ ਕਿ ਹੁਣ ਤੱਕ ਵੱਖ-ਵੱਖ ਸੂਬਿਆਂ ਵਿੱਚੋ ਮਿਲੀਆਂ ਰਿਪੋਰਟਾਂ ਮੁਤਾਬਿਕ ਟਰੈਕਟਰ ਮਾਰਚ ਵਿੱਚ ਸ਼ਾਮਲ ਹੋਣ ਲਈ ਕਿਸਾਨਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਜਿਸ ਤਰ੍ਹਾਂ 26 ਜਨਵਰੀ 2021 ਨੂੰ ਕਿਸਾਨ ਅੰਦੋਲਨ ਦੌਰਾਨ ਲੱਖਾਂ ਟਰੈਕਟਰ ਮਾਰਚ ਵਿੱਚ ਦਿੱਲੀ ਦੀਆਂ ਸੜਕਾਂ ਤੇ ਆਏ ਸਨ ਉਸੇ ਤਰ੍ਹਾਂ ਹੀ ਜ਼ਿਲ੍ਹਾ ਹੈਡਕੁਆਰਟਰਾਂ ਤੇ ਕਸਬਿਆਂ ਵਿੱਚ ਟਰੈਕਟਰ ਮਾਰਚ ਕਰਨ ਲਈ ਕਿਸਾਨਾਂ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਛੋਟੇ ਕਾਰੋਬਾਰੀਆਂ ਨੂੰ ਅਹਿਸਾਸ ਹੋ ਚੁੱਕਾ ਹੈ ਕੀ ਬੀਜੇਪੀ ਦੀ ਵਿਚਾਰਧਾਰਾ ਕਿਰਤੀ ਲੋਕਾਂ ਦੇ ਖਿਲਾਫ ਅਤੇ ਕਾਰਪੋਰੇਟ ਘਰਾਣਿਆਂ ਦੀ ਹਿੱਤ ਪੂਰਨ ਵਾਲੀ ਹੈ ਅਤੇ ਹੁਣ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਟਰੇਡ ਯੂਨੀਅਨਾਂ ਮਜ਼ਦੂਰ ਜਥੇਬੰਦੀਆਂ ਤੇ ਛੋਟੇ ਕਾਰੋਬਾਰੀਆਂ ਲੋਕ ਇਸੇ ਸਾਲ ਹੋਣ ਵਾਲੀਆਂ ਪਾਰਲੀਮੈਂਟ ਚੋਣਾਂ ਦੌਰਾਨ ਆਰਥਿਕ ਇਨਸਾਫ਼ ਲੈਣ ਲਈ ਆਰ.ਐਸ.ਐਸ. ਤੇ ਬੀਜੇਪੀ ਦੀ ਵਿਚਾਰਧਾਰਾ ਤੋਂ ਦੇਸ਼ ਦੇ ਲੋਕ ਖਹਿੜਾ ਛਡਾਉਣ ਜਾ ਰਹੇ ਹਨ ਉਨ੍ਹਾਂ ਇਹ ਵੀ ਦੱਸਿਆ ਕਿ ਟਰੇਡ ਯੂਨੀਅਨਾਂ ਵੱਲੋਂ 16 ਫਰਵਰੀ ਨੂੰ ਕੀਤੀ ਜਾ ਰਹੀ ਦੇਸ਼ ਵਿਆਪਕ ਹੜਤਾਲ ਦਾ ਸਮਰਥਨ ਵੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤਾ ਜਾਵੇਗਾ ਤਾਂ ਕਿ ਏਕਤਾ ਬਣਾਕੇ ਹੈਂਕੜਬਾਜ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਚੜੇ ਰਾਜਨੀਤਕ ਨਸ਼ੇ ਦਾ ਹੰਕਾਰ ਤੋੜਿਆ ਜਾ ਸਕੇ। ਸ੍ਰ. ਬਹਿਰੂ ਨੇ ਦੱਸਿਆ ਕਿ ਪਿਛਲੇ ਸਮੇਂ ਦਿੱਲੀ ਵਿਖੇ ਚੱਲੇਂ ਦੇਸ਼ ਵਿਆਪਕ ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਨੇ ਦੇਸ਼ ਦੇ ਕਿਸਾਨਾਂ ਨਾਲ ਲਿਖਤੀ ਸਮਝੌਤਾ ਕੀਤਾ ਸੀ ਕਿ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਦੇ ਨਾਲ-ਨਾਲ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਆਰਥਿਕ ਮੱਦਦ ਦੇਣਾ ਅਤੇ ਲਖੀਮਪੁਰ ਖੀਰੀ ਦੇ ਮੁੱਖ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਤੇ 2020 ਵਾਲਾ ਬਿਜਲੀ ਐਕਟ ਰੱਦ ਕਰਨ, ਅੰਦੋਲਨ ਦੌਰਾਨ ਕਿਸਾਨ ਆਗੂਆਂ ਤੇ ਬਣੇਂ ਦੇਸ਼ ਧ੍ਰੋਹੀ ਮੁਕਦਮੇ ਵਾਪਸ ਲੈਣ ਅਤੇ ਕਿਸਾਨਾਂ ਦੀਆਂ ਹੋਰ ਰਹਿੰਦੀਆਂ ਮੰਗਾਂ ਬਾਰੇ ਹੋਏ ਲਿਖਤੀ ਸਮਝੌਤੇ ਤੋਂ ਭੱਜ ਚੁੱਕੀ ਹੈ ਇਸ ਲਈ ਫਰਵਰੀ ਮਹੀਨੇ ਵਿੱਚ ਐਸ ਕੇ ਐਮ ਕੋਡੀਏਸਨ ਕਮੇਟੀ ਦੀ ਹੰਗਾਮੀ ਮੀਟਿੰਗ ਦਿੱਲੀ ਵਿਖੇ ਕਰਕੇ ਆਪਣੀ ਅਗਲੀ ਰਣਨੀਤੀ ਦਾ ਐਲਾਨ ਕਰਾਂਗੇ।



ਐਨ ਆਰ ਆਈ ਦੇ ਘਰ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ-3600 ਅਮਰੀਕਨ ਡਾਲਰ ਅਤੇ 40000 ਦੀ ਭਾਰਤੀ ਕਰੰਸੀ ਅਤੇ ਹੋਰ ਸਮਾਨ ਤੇ ਕੀਤਾ ਹੱਥ ਸਾਫ਼

ਨਕੋਦਰ 24 ਜਨਵਰੀ (ਅਨਿਲ ਐਰੀ/ਅਰਵਿੰਦਰ ਸਿੰਘ)-ਨਕੋਦਰ ਦੇ ਮੁਹੱਲਾ ਗੌਸ ਨੇੜੇ ਕਬੀਰ ਪਾਰਕ ਚੋਰਾਂ ਨੇ ਐਨ ਆਰ ਆਈ ਪਰਿਵਾਰ ਦੇ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਮਰੀਕਨ ਡਾਲਰ, ਭਾਰਤੀ ਕਰੰਸੀ, ਹੋਰ ਸਮਾਨ ਅਤੇ ਟੂਟੀਆਂ ਚੋਰੀ ਕਰ ਲਇਆ ਅਤੇ ਫਰਾਰ ਹੋ ਗਏ ਐਨ ਆਰ ਆਈ ਪਰਿਵਾਰ ਜੋ ਪਿਛਲੇ ਦਿਨੀਂ ਨਕੋਦਰ ਆਇਆ ਹੋਇਆ ਹੈ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਦੋ ਦਿਨਾਂ ਤੋਂ ਗਿਆ ਹੋਇਆ ਸੀ ਸੋਮਵਾਰ ਸਵੇਰੇ ਘਰ ਪਰਤੇ ਤਾਂ ਚੋਰੀ ਦਾ ਪਤਾ ਲਗਾ ਪਰਿਵਾਰ ਨੇ ਥਾਣਾ ਸਿਟੀ ਪੁਲਿਸ ਨੂੰ ਸੂਚਿਤ ਕੀਤਾ ਤੇ ਪੁਲਿਸ ਨੇ ਮੌਕਾ ਦੇਖਿਆ ਅਤੇ ਜਾਂਚ ਸ਼ੁਰੂ ਕੀਤੀ ਅਮੇਰਿਕਾ ਤੋਂ ਆਏ ਮੁਕੇਸ਼ ਭਗਤ ਨੇ ਦੱਸਿਆ ਕਿ ਉਹ ਪਰਿਵਾਰ ਸਮੇਤ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਵਾਸਤੇ ਗਏ ਸਨ ਜਦੋਂ ਦੋ ਦਿਨਾਂ ਬਾਅਦ ਸੋਮਵਾਰ ਸਵੇਰੇ ਘਰ ਪਰਤੇ ਤਾਂ ਦੇਖਿਆ ਘਰ ਦੇ ਦਰਵਾਜੇ ਖੁੱਲ੍ਹੇ ਹੋਏ ਸਨ ਅਤੇ ਕਮਰਿਆ ਵਿਚ ਸਮਾਨ ਖਿਲਰਿਆ ਹੋਇਆ ਸੀ ਅਤੇ ਅਲਮਾਰੀਆਂ ਭੀ ਖੁੱਲਿਆ ਸਨ ਅਤੇ ਸਮਾਨ ਖਿਲਰਿਆ ਹੋਇਆ ਸੀ ਖਿੜਕੀ ਦੀ ਗ੍ਰਿਲ ਪਟੀ ਹੋਈ ਸੀ ਉਨਾਂ ਦੱਸਿਆ ਕਿ 3600 ਡਾਲਰ , ਤਕਰੀਬਨ 40,000 ਦੀ ਭਰਤੀ ਕਰੰਸੀ , ਕਾਫੀ ਗਿਫਟਾਂ ਜੋ ਦੇਣ ਲਈ ਲਿਆਏ ਸਨ ਅਤੇ ਘਰ ਦੀਆ ਟੂਟੀਆਂ ਭੀ ਚੋਰੀ ਹੋਈਆਂ ਹਨ ਉਨ੍ਹਾਂ ਨੇ ਇਸ ਨੂੰ ਡਰ ਪੈਦਾ ਕਰਨ ਵਾਲਾ ਦੱਸਿਆ ਅਤੇ ਸੁਰਖਿਆ ਨੂੰ ਮੁੱਖ ਲੋੜ ਦੱਸਿਆ ਅਤੇ ਕਿਹਾ ਪੁਲਸ ਧਿਆਨ ਦੇ ਠੀਕ ਕਰੇ ਉਨਾਂ ਕਿਹਾ ਅਸੀਂ ਤਾਂ ਦੋ ਚਾਰ ਸਾਲਾਂ ਬਾਅਦ ਆਉਂਦੇ ਹਾਂ , ਮੌਕੇ ਤੇ ਆਏ ਪੁਲਿਸ ਅਧਿਕਾਰੀਆਂ ਨੇ ਆਲੇ ਦੁਆਲੇ ਦੇ ਸੀ ਸੀ ਟੀ ਵੀ ਕੈਮਰੇ ਚੈਕ ਕਰਨ ਅਤੇ ਜਾਂਚ ਦੀ ਗੱਲ ਆਖੀ

ਪ੍ਰਿੰਸੀਪਲ ਹੇਮਰਾਜ ਸਪੋਰਟਸ ਐਂਡ ਵੈਲਫੇਅਰ ਕਲੱਬ ਪਿੰਡ ਡੱਫਰ ਦੀ ਹੋਈ ਅਹਿਮ ਮੀਟਿੰਗ

28 ਵਾਂ ਗੋਲਡ ਕਬੱਡੀ ਕੱਪ ਡੱਫਰ ਨੂੰ ਅੰਤਰ ਰਾਸ਼ਟਰੀ ਪੱਧਰ ਤੇ 5 ਮਾਰਚ 2024 ਨੂੰ ਕਰਵਾਉਣ ਦਾ ਕੀਤਾ ਫੈਸਲਾ-ਮੈਨੇਜਰ ਫ਼ਕੀਰ ਸਿੰਘ ਸਹੋਤਾ

ਗੜ੍ਹਦੀਵਾਲਾ 24 ਜਨਵਰੀ (ਰਾਜਾ)ਪ੍ਰਿੰਸੀਪਲ ਹੇਮਰਾਜ ਸਪੋਰਟਸ ਐਂਡ ਵੈਲਫੇਅਰ ਕਲੱਬ /ਰਜਿ)ਪਿੰਡ ਡੱਫਰ ਜਿਲ੍ਹਾ ਹੁਸ਼ਿਆਰਪੁਰ ਵੱਲੋਂ ਕਲੱਬ ਪ੍ਰਧਾਨ ਮੈਨੇਜਰ ਫ਼ਕੀਰ ਸਿੰਘ ਸਹੋਤਾ ਦੀ ਅਗਵਾਈ ਵਿੱਚ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਜਾਣਕਾਰੀ ਦਿੰਦਿਆਂ ਮੈਨੇਜਰ ਫ਼ਕੀਰ ਸਿੰਘ ਸਹੋਤਾ ਨੇ ਦੱਸਿਆ ਕਿ ਕਬੱਡੀ ਦੇ ਮਹਾਨ ਕੋਚ ਦੇਵੀ ਦਿਆਲ ਸ਼ਰਮਾ ਜੋਕਿ ਪਿਛਲੇ ਦਿਨੀਂ ਸਦੀਵੀ ਵਿਛੋੜੇ ਦੇ ਗਏ ਸਨ ਉਹਨਾਂ ਨੂੰ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।ਇਸ ਮੌਕੇ ਉਨ੍ਹਾਂ ਨੇ ਦੱਸਿਆ ਕਿ ਪਿੰਡ ਡੱਫਰ ਵਿਖੇ ਪਿਛਲੇ ਕਾਫੀ ਸਮੇਂ ਤੋਂ ਕਬੱਡੀ ਕੱਪ ਨੂੰ ਇਸ ਵਾਰ 5 ਮਾਰਚ 2024 ਨੂੰ ਅੰਤਰ ਰਾਸ਼ਟਰੀ ਪੱਧਰ ਤੇ ਪਹਿਲਾਂ ਵਾਂਗ ਕਰਵਾਏ ਜਾਣ ਦਾ ਫੈਸਲਾ ਲਿਆ ਗਿਆ ਹੈ।ਇਸ ਕੱਬਡੀ ਕੱਪ ਵਿੱਚ ਅੱਠ ਅੰਤਰ ਰਾਸ਼ਟਰੀ ਪੱਧਰ ਦੀਆਂ ਅਕੈਡਮੀਆਂ ਦੇ ਪ੍ਰਸਿੱਧ ਖਿਡਾਰੀ ਕੱਬਡੀ ਖੇਡ ਦਾ ਪ੍ਰਦਰਸ਼ਨ ਕਰਨਗੇ।ਇਹ ਗੋਲਡ ਕਬੱਡੀ ਕੱਪ ਐਨ ਆਰ ਆਈ ਸ ਕੁਲਦੀਪ ਸਿੰਘ ਬਿੱਲਾ ਯੂ ਐਸ ਏ,ਕਮਲਜੀਤ ਸਿੰਘ ਚੱਠਾ ਯੂ ਐਸ ਏ ,ਸਰਬਜੀਤ ਸਿੰਘ ਸਾਬੀ ਯੂ ਐਸ ਏ,ਸਨੀ ਸਹੋਤਾ ਕੈਨੇਡਾ ,ਜਸਵੰਤ ਸਿੰਘ ਸਹੋਤਾ ਕੈਨੇਡਾ, ਜੋਨੀ ਸਹੋਤਾ ਆਸਟ?ਰੇਲੀਆ ,ਕਰਨ ਸਹੋਤਾ ਕੈਨੇਡਾ ਵੱਲੋਂ ਵੱਡਾ ਯੋਗਦਾਨ ਪਾਇਆ ਜਾਵੇਗਾ।ਇਸ ਮੌਕੇ ਜਰਨਲ ਸਕੱਤਰ ਡਾਕਟਰ ਸਵਿੰਦਰ ਸਿੰਘ ਲਾਖਾ,ਕੈਸ਼ੀਅਰ ਮਾਸਟਰ ਅਮੀਰ ਸਿੰਘ,ਬਲਵਿੰਦਰ ਸਿੰਘ ਟੈਂਕੀ,ਹਰਜੋਤ ਸਿੰਘ ਸਹੋਤਾ ਪ੍ਰਧਾਨ ਐਸ ਓ ਡੀ ਦਸੂਹਾ,ਦਿਲਬਾਗ ਸਿੰਘ,ਮਾਸਟਰ ਲਖਵਿੰਦਰ ਸਿੰਘ,ਦਲਜੀਤ ਸਿੰਘ,ਪਰਮਜੀਤ ਸਿੰਘ ਪੱਪੂ,ਕਰਮਜੀਤ ਸਿੰਘ ਰਾਜੂ,ਕਰਤਾਰ ਸਿੰਘ ਕਾਰੀ,ਸੁਰਜੀਤ ਸਿੰਘ,ਇੰਦਰਪਾਲ ਸਿੰਘ,ਕਸ਼ਮੀਰ ਸਿੰਘ ਅਟਵਾਲ ,ਨਛੱਤਰ ਸਿੰਘ,ਲਖਵਿੰਦਰ ਸਿੰਘ ਰੰਧਾਵਾ,ਤਨਵੀਰ ਸਹੋਤਾ ਆਦਿ ਹਾਜਰ ਸਨ।

ਪੰਜਾਬੀਆਂ ਦਾ ਤਰਜਮਾਨ
ਅਕਾਲੀ ਪੱਤ੍ਰਕਾ

ਪਰਮੇਸਰ ਤੇ ਭੁਲਿਆਂ
ਵਿਆਪਨਿ ਸਭੇ ਰੋਗ॥

(ਅੰਗ-੧੩੫)

ਪਰਮੇਸਰ ਦੀ ਯਾਦ ਭੁਲਾ ਦੇਣ ਕਰਕੇ ਅਨੇਕਾਂ ਦੁੱਖ-ਕਲੇਸ਼ ਜ਼ੋਰ ਪਾ ਲੈਂਦੇ ਹਨ।

ਸ਼ਾਇਦ ਮੈਂ ਲੌਟ ਆਊਂ, ਦਰਵਾਜ਼ਾ ਖੁਲ੍ਹਾ ਰਖਨਾ....

ਪਿਛਲੇ ਕੁੱਝ ਦਿਨਾਂ ਤੋਂ ਨਿਤੀਸ਼ ਕੁਮਾਰ ਕਾਫ਼ੀ ਚਰਚਾ ਵਿੱਚ ਹਨ। ਵਿਰੋਧੀ ਪਾਰਟੀਆਂ ਵਿੱਚ ਤਾਲਮੇਲ ਪੈਦਾ ਕਰਕੇ ਉਹਨਾਂ ਨੂੰ "ਇੰਡੀਆ" ਦੇ ਬੈਨਰ ਹੇਠਾਂ ਲਿਆਉਣ ਵਾਲੇ ਨਿਤੀਸ਼ ਜੇਕਰ ਅੱਜ ਆਪਣੇ ਬਾਰੇ ਗ਼ੈਰ-ਉਸਾਰੂ ਚਰਚਾ ਵਿੱਚ ਹਨ ਤਾਂ ਇਸਦਾ ਕੀ ਮਤਲਬ ਹੈ, ਪਾਠਕ ਇਸਦਾ ਅੰਦਾਜ਼ਾ ਲਗਾ ਸਕਦੇ ਹਨ। ਨਿਤੀਸ਼ ਦੀ ਰਾਜਪਾਲ ਨਾਲ ਮੁਲਾਕਾਤ ਅਤੇ ਗ੍ਰਹਿ ਮੰਤਰੀ ਅਮਿਤਸ਼ਾਹ ਦੇ ਨਿਤੀਸ਼ ਬਾਰੇ ਸਟੈਂਡ ਵਿੱਚ ਆਈ ਨਰਮੀਂ, ਅਜਿਹੇ ਸੰਕੇਤ ਹਨ ਜਿਹਨਾਂ ਨੂੰ ਵੇਖਕੇ ਕਿਹਾ ਜਾ ਸਕਦਾ ਹੈ ਕਿ ਇੰਡੀਆ ਗਠਜੋੜ ਦਾ ਆਉਣ ਵਾਲਾ ਸਮਾਂ ਸ਼ਾਇਦ ਸ਼ੁੱਭ ਨਹੀਂ। ਜੇਕਰ ਪੱਛਮੀ ਬੰਗਾਲ ਦੀ ਗੱਲ ਕਰੀਏ ਤਾਂ ਮਮਤਾ ਬੈਨਰਜੀ ਨੇ ਸਪਸ਼ਟ ਕਰ ਦਿਤਾ ਹੈ ਕਿ ਉਹ ਇਕੱਲਿਆਂ ਹੀ ਆਪਣੇ ਸੂਬੇ ਵਿੱਚ ਭਾਜਪਾ ਨੂੰ ਹਰਾਉਣ ਦੇ ਸਮਰੱਥ ਹੈ। ਇਸ ਲਈ ਉਹ ਕਿਸੇ ਵੀ ਪਾਰਟੀ ਨਾਲ ਚੋਣ ਗਠਜੋੜ ਨਹੀਂ ਕਰੇਗੀ। ਉਸਦਾ ਤਾਂ ਇਥੋਂ ਤੱਕ ਕਹਿਣਾ ਹੈ ਕਿ ਪੱਛਮੀ ਬੰਗਾਲ ਵਿੱਚ ਕਾਂਗਰਸ ਅਤੇ ਕਮਿਊਨਿਸਟਾਂ ਦੀ "ਕੈਮਿਸਟਰੀ" ਉਸ ਨੂੰ ਪਸੰਦ ਨਹੀਂ। ਇੱਧਰ ਪੰਜਾਬ ਵਿੱਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਸੀਟਾਂ ਦੀ ਵੰਡ ਦਾ ਮਾਮਲਾ ਵੀ ਸਿਰੇ ਨਹੀਂ ਚੜ੍ਹਿਆ ਕਿਉਂਕਿ ਮੁੱਖ ਮੰਤਰੀ ਭਗਵੰਤ ਦੀ ਨਾਂਹ ਉਪਰ ਕੇਜਰੀਵਾਲ ਨੇ ਵੀ ਮੋਹਰ ਲਗਾ ਦਿੱਤੀ ਹੈ। ਜਿੱਥੋਂ ਤੱਕ ਰਾਹੁਲ ਗਾਂਧੀ ਦਾ ਸਵਾਲ ਹੈ ਉਹ ਆਪਣੀ ਭਾਰਤ ਜੋੜੋ ਨਿਆਂ ਯਾਤਰਾ ਵਿੱਚ ਮਸਰੂਫ਼ ਹਨ। ਇਸ ਤਰ੍ਹਾਂ ਇੰਡੀਆ ਦੀਆਂ ਕੁੱਝ ਪ੍ਰਮੁੱਖ ਪਾਰਟੀਆਂ ਆਪੋ ਆਪਣੇ ਹਿਤਾਂ ਉਪਰ ਇਸ ਸ਼ਿੱਦਤ ਨਾਲ ਪਹਿਰਾ ਦੇ ਰਹੀਆਂ ਹਨ ਕਿ ਉਹਨਾਂ ਨੂੰ ਆਪਣੇ ਤੋਂ ਸਿਵਾ ਹੋਰ ਕੁੱਝ ਨਜ਼ਰ ਨਹੀਂ ਆ ਰਿਹਾ। ਬੇਸ਼ਕ ਇਹ ਮੰਜ਼ਰ "ਇੰਡੀਆ" ਦੇ ਸ਼ੁਭ ਚਿੰਤਕਾ ਦੀ ਸੋਚ ਨਾਲ ਮੇਲ ਨਹੀਂ ਖਾਂਦਾ ਪਰ ਇਹ ਮਾਮਲਾ ਭਾਈਵਾਲ ਪਾਰਟੀਆਂ ਲਈ "ਮੈਂ ਨਾ ਮਾਨੂੰ" ਵਾਲੇ ਪਾਸੇ ਤੇਜ਼ੀ ਨਾਲ ਅੱਗੇ ਵਧਦਾ ਨਜ਼ਰ ਆ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖ਼ਿਲਾਫ਼ ਖੁਲ੍ਹ ਕੇ ਸਾਹਮਣੇ ਆਉਣ ਵਾਲੇ ਨਿਤੀਸ਼ ਕੁਮਾਰ ਜੇ ਖ਼ੁਦ ਹਥਿਆਰ ਸੁੱਟਕੇ ਐਨ.ਡੀ.ਏ. ਵਿੱਚ ਵਾਪਸੀ ਦੀ ਚਰਚਾ ਨੂੰ ਹਵਾ ਦੇ ਰਹੇ ਹਨ ਫਿਰ ਇਸ ਹਾਲਤ ਵਿੱਚ ਦੂਜੇ ਦਲ ਕਿਸ ਤਰ੍ਹਾਂ ਆਪਣੇ ਹਿਤਾਂ ਉਪਰ ਪਹਿਰਾ ਦੇਣਗੇ? ਨਿਤੀਸ਼ ਸ਼ਾਇਦ ਦੇਸ਼ ਦੇ ਅਜਿਹੇ ਲੀਡਰ ਹਨ ਜਿਹਨਾਂ ਦੀ ਪਾਰਟੀ ਚੋਣਾਂ ਵਿੱਚ ਘੱਟ ਗਿਣਤੀ 'ਚ ਰਹਿਣ ਦੇ ਬਾਵਜੂਦ ਉਹ ਬਿਹਾਰ ਦੇ ਮੁੱਖ ਮੰਤਰੀ ਬਣਦੇ ਆ ਰਹੇ ਹਨ। ਪਿਛਲੇ ਲਗਭਗ ਦੋ ਦਹਾਕਿਆਂ ਦੌਰਾਨ ਉਹ ਕਦੀ ਐਨ.ਡੀ.ਏ. ਦੀ ਕਿਸ਼ਤੀ 'ਤੇ ਸਵਾਰ ਹੋਏ ਅਤੇ ਕਦੀ ਲਾਲੂ ਯਾਦਵ ਨਾਲ ਹੱਥ ਮਿਲਾਇਆ। ਇਕ ਵਿਅਕਤੀ ਜੋ ਕੁਰਸੀ ਦਾ ਗ਼ੁਲਾਮ ਬਣ ਗਿਆ ਹੈ, ਕਿਸ ਤਰ੍ਹਾਂ ਗਵਾਰਾ ਕਰੇਗਾ ਕਿ ਉਹ ਇੰਡੀਆ ਦਾ "ਬਾਨੀ" ਹੋਣ ਦੇ ਬਾਵਜੂਦ ਕਿਸੇ ਹੋਰ ਦੇ ਪੀ.ਐਮ.ਚਿਹਰਾ ਬਣਨ 'ਤੇ ਉਸਨੂੰ ਵਧਾਈ ਦੇਵੇ? ਉਹਨਾਂ ਨੇ ਜਦ ਵੇਖ ਲਿਆ ਕਿ ਇੰਡੀਆ ਨੂੰ ਉਹ ਆਪਣੇ ਤਰੀਕੇ ਨਾਲ ਨਹੀਂ ਤੋਰ ਸਕੇ ਤਾਂ ਉਹਨਾਂ ਨੇ ਆਪਣੀ ਫ਼ਿਤਰਤ ਨੂੰ ਬੇਨਕਾਬ ਕਰ ਦਿੱਤਾ। ਉਹਨਾਂ ਦੀ ਹਾਲਤ ਹੁਣ ਐਨ.ਡੀ.ਏ. ਨੂੰ ਲੈਕੇ ਬਕੌਲ ਮਸ਼ਹੂਰ ਸ਼ਾਇਰ ਸੁਦਰਸ਼ਨ ਫ਼ਾਕਿਰ ਇਸ ਤਰ੍ਹਾਂ ਹੈ "ਸ਼ਾਇਦ ਮੈਂ ਲੌਟ ਆਊਂ, ਦਰਵਾਜ਼ਾ ਖੁਲਾ ਰਖਨਾ"। ਨਿਤੀਸ਼ ਜਾਣਦੇ ਹਨ ਕਿ ਜੇ ਉਹ ਐਨ.ਡੀ.ਏ. ਵਿੱਚ ਵਾਪਸੀ ਕਰਦੇ ਹਨ ਤਾਂ ਉਹਨਾਂ ਨੂੰ ਸ਼ਾਇਦ ਕੋਈ ਵੱਡਾ ਫ਼ਾਇਦਾ ਨਾ ਮਿਲੇ ਪਰ ਭਾਜਪਾ ਦੇ ਸਮਰਥਨ ਨਾਲ ਬਿਹਾਰ ਵਿੱਚ ਉਹਨਾਂ ਦੀ ਮੁੱਖ ਮੰਤਰੀ ਦੀ ਕੁਰਸੀ ਬਰਕਰਾਰ ਰਹੇਗੀ। ਦਰਅਸਲ ਦੇਸ਼ ਦੀ ਰਾਜਨੀਤੀ ਇਸ ਵੇਲੇ ਖ਼ਾਸ ਤੌਰ 'ਤੇ ਅਯੁਧਿਆ ਵਿੱਚ ਰਾਮ ਮੰਦਿਰ ਦੇ ਉਦਘਾਟਨ ਤੋਂ ਬਾਦ ਇਸ ਮੁਕਾਮ 'ਤੇ ਆ ਗਈ ਹੈ ਜਿਥੇ ਹਰ ਪਾਸੇ ਮੋਦੀ ਹੀ ਨਜ਼ਰ ਆ ਰਹੇ ਹਨ। ਬੇਸ਼ਕ ਦੇਸ਼ ਇਸ ਵੇਲੇ ਰਾਮ-ਮਈ ਹੈ ਪਰ ਇਸਨੂੰ ਜੇ ਇਸ ਤਰ੍ਹਾਂ ਕਿਹਾ ਜਾਵੇ ਕਿ ਰਾਮ ਦੀ ਓਟ ਲੈਕੇ ਮੋਦੀ ਨੇ ਦੇਸ਼ ਨੂੰ ਮੋਦੀ-ਮਈ ਕਰ ਦਿੱਤਾ ਤਾਂ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ। ਅਧੂਰੇ ਮੰਦਿਰ ਦਾ ਜੇ ਉਦਘਾਟਨ ਕੀਤਾ ਗਿਆ ਤਾਂ ਉਸਦਾ ਕੇਵਲ ਅਤੇ ਕੇਵਲ ਮਕਸਦ ਇਹੀ ਸੀ। ਮੋਦੀ ਨੇ ਆਪਣੀ ਨਿਸ਼ਠਾ ਨਾਲ ਦੇਸ਼ ਵਿੱਚ ਅਜਿਹਾ ਮਾਹੌਲ ਤਿਆਰ ਕਰ ਲਿਆ ਹੈ ਜਿਸ ਵਿਚ ਹਾਲ ਦੀ ਘੜੀ ਕਿਸੇ ਹੋਰ ਮਾਹੌਲ ਲਈ ਕੋਈ ਜਗ੍ਹਾ ਨਹੀਂ। ਨਿਤੀਸ਼ ਜਾਣਦੇ ਹਨ ਇਸ ਮਾਹੌਲ ਵਿੱਚ ਇੰਡੀਆ ਗਠਜੋੜ ਦਾ ਪਾਰ ਉਤਾਰਾ ਬਹੁਤ ਮੁਸ਼ਕਿਲ ਹੈ। ਇਸ ਲਈ ਆਪਣੀ ਆਦਤ ਮੁਤਾਬਕ ਉਹ ਆਪਣੀ ਕੁਰਸੀ ਬਚਾਉਣ ਬਾਰੇ ਸੋਚਣ ਲਈ ਮਜਬੂਰ ਹੋ ਗਏ ਹਨ। ਜਿਥੋਂ ਤੱਕ ਰਾਹੁਲ ਗਾਂਧੀ ਦਾ ਸਵਾਲ ਉਹਨਾਂ ਦਾ ਭਵਿੱਖ ਉਹਨਾਂ ਦੀ ਯਾਤਰਾ ਦੀ ਕਾਮਯਾਬੀ ਉਪਰ ਨਿਰਭਰ ਕਰਦਾ ਹੈ। ਇਸ ਲਿਹਾਜ਼ ਨਾਲ ਅੱਜ ਜੋ ਨਜ਼ਰ ਆ ਰਿਹਾ ਹੈ ਉਸ ਵਿੱਚ ਕੁੱਝ ਵੀ ਓਹਲਾ ਨਹੀਂ। ਹਾਂ, ਇਸਨੂੰ ਵੇਖਣ ਵਾਲੇ ਆਪੋ-ਆਪਣੇ ਤੌਰ 'ਤੇ ਇਸਦੇ ਅਰਥ ਜ਼ਰੂਰ ਕੱਢ ਸਕਦੇ ਹਨ।

ਰਾਸ਼ਟਰੀ ਵੋਟਰ ਦਿਵਸ 'ਤੇ ਵਿਸ਼ੇਸ਼ — ਲੋਕਾਂ ਦੀ ਹਿੱਤਕਾਰੀ ਸਰਕਾਰ ਬਣਾਅ ਸਕਦਾ ਹੈ ਇੱਕ ਜਾਗਰੂਕ ਵੋਟਰ

ਦਿਨੇਸ਼ ਦਮਾਥੀਆ
94177-14390

ਨੌਜਵਾਨਾਂ ਨੂੰ ਚੋਣ ਪ੍ਰਕਿਰਿਆ ਵਿੱਚ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਲਈ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਂਦਾ ਹੈ। ਇਹ ਨਾ ਸਿਰਫ਼ ਨੌਜਵਾਨਾਂ ਨੂੰ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦਾ ਹੈ ਸਗੋਂ ਇਸ ਤੱਥ 'ਤੇ ਵੀ ਧਿਆਨ ਕੇਂਦਰਤ ਕਰਦਾ ਹੈ ਕਿ ਵੋਟ ਦਾ ਅਧਿਕਾਰ ਇਕ ਬੁਨਿਆਦੀ ਅਧਿਕਾਰ ਹੈ। ਰਾਸ਼ਟਰੀ ਵੋਟਰ ਦਿਵਸ ਦੇ ਇਤਿਹਾਸ, ਮਹੱਤਵ ਅਤੇ ਭਾਰਤ ਵਿੱਚ ਇਸਨੂੰ ਕਿਉਂ ਮਨਾਇਆ ਜਾਂਦਾ ਹੈ ਬਾਰੇ ਜਾਣਕਾਰੀ ਹੋਣਾ ਬਹੁਤ ਹੈ। ਇਹ 25 ਜਨਵਰੀ ਨੂੰ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਵਿਸ਼ੇਸ਼ ਤੌਰ 'ਤੇ ਨਵੇਂ ਵੋਟਰਾਂ ਲਈ ਨਾਮਾਂਕਣ ਨੂੰ ਉਤਸ਼ਾਹਿਤ ਕਰਨਾ, ਸਹੂਲਤ ਪ੍ਰਦਾਨ ਕਰਨਾ ਅਤੇ ਵੱਧ ਤੋਂ ਵੱਧ ਕਰਨਾ ਹੈ। ਇਹ ਦਿਨ 2011 ਤੋਂ ਭਾਰਤ ਦੇ ਚੋਣ ਕਮਿਸ਼ਨ ਦੀ ਨੀਂਹ ਭਾਵ 25 ਜਨਵਰੀ 1950 ਨੂੰ ਪੂਰੇ ਦੇਸ਼ ਵਿੱਚ ਮਨਾਇਆ ਜਾ ਰਿਹਾ ਹੈ। ਇਹ ਨਾ ਸਿਰਫ਼ ਨੌਜਵਾਨਾਂ ਨੂੰ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦਾ ਹੈ ਬਲਕਿ ਇਸ ਗੱਲ 'ਤੇ ਵੀ ਧਿਆਨ ਦਿੰਦਾ ਹੈ ਕਿ ਵੋਟ ਪਾਉਣ ਦਾ ਅਧਿਕਾਰ ਇੱਕ ਬੁਨਿਆਦੀ ਅਧਿਕਾਰ ਹੈ। 25 ਜਨਵਰੀ ਭਾਰਤੀ ਚੋਣ ਕਮਿਸ਼ਨ (539) ਦਾ ਸਥਾਪਨਾ ਦਿਵਸ ਹੈ ਜੋ 1950 ਵਿੱਚ ਹੋਂਦ ਵਿੱਚ ਆਇਆ ਸੀ। ਇਹ ਦਿਨ ਪਹਿਲੀ ਵਾਰ 2011 ਵਿੱਚ ਨੌਜਵਾਨ ਵੋਟਰਾਂ ਨੂੰ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਲਈ ਮਨਾਇਆ ਗਿਆ ਸੀ। ਬਿਨਾਂ ਸ਼ੱਕ ਇਹ ਵੋਟ ਦੇ ਅਧਿਕਾਰ ਅਤੇ ਭਾਰਤ ਦੇ ਲੋਕਤੰਤਰ ਦੇ ਮਹੱਤਵ ਨੂੰ ਸਮਝਣ ਦਾ ਦਿਨ ਹੈ। ਚੋਣ ਕਮਿਸ਼ਨ ਦਾ ਮੁੱਖ ਉਦੇਸ਼ ਵੋਟਰਾਂ ਦੀ ਗਿਣਤੀ ਨੂੰ ਵਧਾਉਣਾ ਹੈ, ਖਾਸ ਕਰਕੇ ਯੋਗ ਵਿਅਕਤੀਆਂ ਦੀ। ਪਹਿਲਾਂ ਵੋਟਰ ਦੀ ਯੋਗਤਾ ਉਮਰ 21 ਸਾਲ ਸੀ ਪਰ 1988 'ਚ ਇਸ ਨੂੰ ਘਟਾ ਕੇ 18 ਸਾਲ ਕਰ ਦਿੱਤਾ ਗਿਆ ਸੀ। 1998 ਦੇ ਸੱਠਵੇਂ ਸੋਧ ਬਿੱਲ ਨੇ ਭਾਰਤ ਵਿੱਚ ਵੋਟਰਾਂ ਦੀ ਯੋਗਤਾ ਦੀ ਉਮਰ ਘਟਾ ਦਿੱਤੀ। ਭਾਰਤ ਇੱਕ ਲੋਕਤੰਤਰੀ ਦੇਸ਼ ਹੈ। ਹਰ ਨਾਗਰਿਕ ਨੂੰ ਵੋਟ ਪਾਉਣ ਦਾ ਮੁੱਢਲਾ ਅਧਿਕਾਰ ਹੈ। ਉਸਨੂੰ ਆਪਣਾ ਨੇਤਾ ਚੁਣਨ ਦਾ ਅਧਿਕਾਰ ਹੈ ਜਿਸਨੂੰ ਉਹ ਦੇਸ਼ ਦੀ ਅਗਵਾਈ ਕਰਨ, ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ, ਤਬਦੀਲੀ ਲਿਆਉਣ ਆਦਿ ਦੇ ਮਨੋਰਥ ਵਜੋਂ ਜਾਣਦਾ ਅਤੇ ਸਮਝਦਾ ਹੈ। ਰਾਸ਼ਟਰੀ ਵੋਟਰ ਦਿਵਸ ਭਾਰਤ ਦੀ ਇੱਕ ਮਹੱਤਵਪੂਰਨ ਜੜ੍ਹ ਹੈ ਅਤੇ ਦੇਸ਼ ਦਾ ਭਵਿੱਖ ਹੈ। ਜ਼ਰਾ ਇਕ ਵਾਰ ਸੋਚੋ ਕਿ ਜੇਕਰ ਅਸੀਂ ਅੱਗੇ ਆ ਕੇ ਸਹੀ ਨੇਤਾ ਦੀ ਚੋਣ ਨਾ ਕੀਤੀ ਤਾਂ ਦੇਸ਼ ਦੀ ਤਰੱਕੀ ਅਤੇ ਵਿਕਾਸ ਵਿਚ ਰੁਕਾਵਟ ਆਵੇਗੀ ਅਤੇ ਦੇਸ਼ ਦੇ ਲੋਕਾਂ 'ਤੇ ਵੀ ਅਸਰ ਪਵੇਗਾ। ਇਹ ਦੇਸ਼ ਦਾ ਨੇਤਾ ਹੀ ਹੈ ਜੋ ਵੱਖ-ਵੱਖ ਬੁਨਿਆਦੀ ਵੱਡੇ ਪ੍ਰੋਜੈਕਟਾਂ ਅਤੇ ਕਈ ਗੱਲਾਂ ਦਾ ਫੈਸਲਾ ਕਰਦਾ ਹੈ। ਜੇਕਰ ਬੁਨਿਆਦੀ ਪ੍ਰਣਾਲੀ ਨੂੰ ਸਹੀ ਢੰਗ ਨਾਲ ਵਿਕਸਤ ਨਹੀਂ ਕੀਤਾ ਜਾਵੇਗਾ ਤਾਂ ਇਸ ਨਾਲ ਸੜਕਾਂ ਦਾ ਨਿਰਮਾਣ, ਬਿਜਲੀ ਕੁਨੈਕਸ਼ਨ ਆਦਿ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਇਸ ਲਈ ਸਾਨੂੰ ਨੌਜਵਾਨਾਂ ਨੂੰ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਆਉਣ ਵਾਲੀ ਪੀੜ੍ਹੀ ਲਈ ਇੱਕ ਮਜ਼ਬੂਤ ??ਨੈਟਵਰਕ ਬਣਾਉਣਾ ਚਾਹੀਦਾ ਹੈ ਜੋ ਬਿਨਾਂ ਕਿਸੇ ਵੋਟ ਦੇ ਆਪਣੀ ਵੋਟ ਪਾਉਣਾ ਯਕੀਨੀ ਬਣਾਉਣਗੇ। ਸਾਲ 2023 ਵਿੱਚ ਰਾਸ਼ਟਰੀ ਵੋਟਰ ਦਿਵਸ ਲਈ ਥੀਮ 'ਵੋਟਿੰਗ ਵਰਗਾ ਕੁਝ ਨਹੀਂ, ਮੈਂ ਨਿਸ਼ਚਤ ਤੌਰ 'ਤੇ ਵੋਟ ਕਰਦਾ ਹਾਂ' ਵੋਟਰਾਂ ਨੂੰ ਸਮਰਪਿਤ ਹੈ ਅਤੇ ਉਹਨਾਂ ਦੀ ਵੋਟ ਦੀ ਸ਼ਕਤੀ ਦੁਆਰਾ ਚੋਣ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਵਿਅਕਤੀਆਂ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਨੂੰ ਪ੍ਰਗਟ ਕਰਦਾ ਹੈ। ਇਸ ਸਾਲ, ਭਾਰਤ ਦੇ ਮਾਣਯੋਗ ਰਾਸ਼ਟਰਪਤੀ, ਦ੍ਰੋਪਦੀ ਮੁਰਮੂ ਸਾਲ 2022 ਲਈ ਰਾਸ਼ਟਰੀ ਪੁਰਸਕਾਰ ਪੇਸ਼ ਕਰਨਗੇ। ਇਸ ਮੌਕੇ 'ਤੇ ਰਾਜ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਨੂੰ ਸਾਲ 2022-23 ਲਈ ਸਰਵੋਤਮ ਚੋਣ ਅਮਲਾਂ ਲਈ ਰਾਸ਼ਟਰੀ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। 9" ਪਹਿਲਕਦਮੀਆਂ, ਸੁਰੱਖਿਆ ਪ੍ਰਬੰਧਨ, ਚੋਣ ਪ੍ਰਬੰਧਨ, ਪਹੁੰਚਯੋਗ ਚੋਣਾਂ, ਵੋਟਰ ਜਾਗਰੂਕਤਾ ਅਤੇ ਆਊਟਰੀਚ ਦੇ ਖੇਤਰ ਵਿੱਚ ਯੋਗਦਾਨ ਸਮੇਤ ਵੱਖ-ਵੱਖ ਖੇਤਰਾਂ ਵਿੱਚ ਚੋਣਾਂ ਦੇ ਸੰਚਾਲਨ ਵਿੱਚ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਪੁਰਸਕਾਰ ਦਿੱਤੇ ਜਾਂਦੇ ਹਨ। ਇਹ ਪੁਰਸਕਾਰ ਸਰਕਾਰੀ ਵਿਭਾਗਾਂ, ਈਸੀਆਈ ਆਈਕਨਾਂ ਅਤੇ ਮੀਡੀਆ ਸਮੂਹਾਂ ਵਰਗੇ ਮਹੱਤਵਪੂਰਨ ਹਿੱਸੇਦਾਰਾਂ ਨੂੰ ਵੋਟਰਾਂ ਦੀ ਜਾਗਰੂਕਤਾ ਲਈ ਉਨ੍ਹਾਂ ਦੇ ਵੱਡਮੁੱਲੇ ਯੋਗਦਾਨ ਲਈ ਵੀ ਦਿੱਤੇ ਜਾਣਗੇ। ਨਵੇਂ ਵੋਟਰਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਵੋਟਰ ਫੋਟੋ ਸ਼ਨਾਖਤੀ ਕਾਰਡ ਸੌਂਪੇ ਜਾਣਗੇ। ਵਿਸ਼ਵ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵੱਧ ਜੀਵੰਤ ਲੋਕਤੰਤਰ ਵਿੱਚ ਸੰਮਲਿਤ, ਪਹੁੰਚਯੋਗ, ਨੈਤਿਕ, ਭਾਗੀਦਾਰੀ ਅਤੇ ਤਿਉਹਾਰੀ ਚੋਣਾਂ ਦੀ ਭਾਵਨਾ ਦਾ ਜਸ਼ਨ ਮਨਾਉਂਦਾ ਹੈ। ਆਮ ਤੌਰ 'ਤੇ ਚੋਣ ਕਮਿਸ਼ਨ ਕਿਸੇ ਵਿਅਕਤੀ ਨੂੰ ਉਸ ਥਾਂ 'ਤੇ ਵੋਟ ਪਾਉਣ ਦੀ ਇਜਾਜ਼ਤ ਦਿੰਦਾ ਹੈ ਜਿੱਥੇ ਉਹ ਰਹਿੰਦਾ ਹੈ। ਜੇਕਰ ਵੋਟਿੰਗ ਦੋ ਜਾਂ ਦੋ ਤੋਂ ਵੱਧ ਵੱਖ-ਵੱਖ ਥਾਵਾਂ ਤੋਂ ਕੀਤੀ ਜਾਂਦੀ ਹੈ ਤਾਂ ਇਸ ਨੂੰ ਅਪਰਾਧ ਮੰਨਿਆ ਜਾਂਦਾ ਹੈ ਅਤੇ ਜਦੋਂ ਵੀ ਉਹ ਆਪਣਾ ਰਹਿਣ ਦਾ ਸਥਾਨ ਬਦਲਦਾ ਹੈ ਤਾਂ ਇਸ ਬਾਰੇ ਚੋਣ ਕਮਿਸ਼ਨ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਹ ਇੱਕ ਅਪਰਾਧ ਹੈ। ਜਦੋਂ ਕੋਈ ਵਿਅਕਤੀ 18 ਸਾਲ ਦੀ ਉਮਰ ਦਾ ਹੋ ਜਾਂਦਾ ਹੈ ਤਾਂ ਭਾਰਤ ਦੇ ਨਾਗਰਿਕ ਵਜੋਂ, ਉਹ ਆਪਣੇ ਆਪ ਨੂੰ ਵੋਟਰ ਵਜੋਂ ਦਰਜ ਕਰਵਾ ਸਕਦਾ ਹੈ। ਨਾਲ ਹੀ ਚੋਣ ਕਮਿਸ਼ਨ ਹਰ ਪੰਜ ਸਾਲ ਬਾਅਦ ਅਤੇ ਚੋਣ ਤੋਂ ਪਹਿਲਾਂ ਵੋਟਰ ਸੂਚੀਆਂ ਦੀ ਸੋਧ ਕਰਦਾ ਹੈ। ਵੋਟ ਪਾਉਣ ਸਮੇਂ ਵੋਟਰ ਆਈ.ਡੀ. ਲੈ ਕੇ ਜਾਣਾ ਜ਼ਰੂਰੀ ਨਹੀਂ ਹੈ, ਤੁਸੀਂ ਆਪਣਾ ਪੈਨ ਕਾਰਡ, ਡਰਾਈਵਿੰਗ ਲਾਇਸੈਂਸ, ਆਧਾਰ ਕਾਰਡ ਆਦਿ ਨਾਲ ਲੈ ਕੇ ਜਾ ਸਕਦੇ ਹੋ ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਰਾਸ਼ਟਰੀ ਵੋਟਰ ਦਿਵਸ ਭਾਰਤ ਵਿੱਚ ਹਰ ਸਾਲ ਮਨਾਇਆ ਜਾਣ ਵਾਲਾ ਇੱਕ ਮਹੱਤਵਪੂਰਨ ਦਿਨ ਹੈ। 25 ਜਨਵਰੀ ਨੂੰ ਨੌਜਵਾਨਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਕੰਮ ਕੀਤੇ ਜਾਂਦੇ ਹਨ ਤਾਂ ਜੋ ਉਹ ਆਪਣੀ ਵੋਟ ਇੱਕ ਜ਼ਿੰਮੇਵਾਰ ਵਿਅਕਤੀ ਨੂੰ ਪਾ ਸਕਣ ਅਤੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਲੈ ਸਕਣ।

ਸੁਰਾਂ ਦੀ ਇਬਾਦਤ ਕਰਨ ਵਾਲਾ ਗਾਇਕ ਸੀ ਸਾਬਰ ਕੋਟੀ — ਜਨਮ ਦਿਨ 'ਤੇ ਵਿਸ਼ੇਸ਼

ਅਮਰਬੀਰ ਸਿੰਘ ਚੀਮਾ
ਮੋ. 98889 40211

ਸਾਬਰ ਕੋਟੀ ਦਾ ਜਨਮ 20 ਜਨਵਰੀ 1960 ਨੂੰ ਕਪੂਰਥਲਾ ਜ਼ਿਲੇ ਦੇ ਪਿੰਡ ਕੋਟ ਕਰਾਰ ਖਾਨ ਵਿਖੇ ਪਿਤਾ ਅਮਰਨਾਥ ਦੇ ਘਰ ਮਾਤਾ ਛਤੀ ਦੇਵੀ ਦੀ ਕੁਖੋਂ ਹੋਇਆ। ਉਸ ਨੇ ਸੰਗੀਤ ਸਮਰਾਟ ਚਰਨਜੀਤ ਆਹੂਜਾ, ਸੁਰਿੰਦਰ ਬਚਨ, ਜੈਦੇਵ ਕੁਮਾਰ, ਗੁਰਮੀਤ ਸਿੰਘ, ਜੱਸੀ ਬਰਦਰਜ਼ ਵਰਗੇ ਸੰਗੀਤਕਾਰਾਂ ਨਾਲ ਕੰਮ ਕੀਤਾ। ਆਪਣੇ ਸਮੇਂ ਦੀਆਂ ਮਸ਼ਹੂਰ ਕੰਪਨੀਆਂ ਐਚ.ਐਮ.ਵੀ., ਟੀ. ਸੀਰੀਜ਼, ਵੀਨਸ, ਟਿਪਸ ਮਿਊਜਿਕ ਰਾਹੀ ਉਸਦੀਆਂ ਕੈਸਟਾਂ ਆਈਆਂ, ਜਿਨ ਾਂ ਰਾਹੀ ਉਹ ਸਰੋਤਿਆਂ ਦਾ ਭਰਪੂਰ ਮਨੋਰੰਜਨ ਕਰਨ 'ਚ ਸਫਲ ਰਿਹਾ। 1995 ਤੋਂ ਸ਼ੁਰੂ ਹੋਇਆ ਉਸ ਦਾ ਸੰਗੀਤਕ ਸਫਰ ਉਸ ਦੀ ਮੌਤ ਤੱਕ ਜਾਰੀ ਰਿਹਾ। ਉਸਦੀਆਂ ਹਿੱਟ ਕੈਸਟਾਂ ਜਿਵੇਂ ਕਿ 'ਮੇਰਾ ਦਿਲ ਖੋ ਗਿਆ', ਸੋਨੇ ਦਿਆ ਕੰਗਨਾ', 'ਮੁੰਦਰਾਂ ਵਾਲਾ ਜੋਗੀ', 'ਇੱਕ ਚੰਨ ਅੰਬਰਾਂ 'ਤੇ', 'ਹੰਝੂ', 'ਤਨਹਾਈਆਂ', 'ਫਰਮਾਇਸ਼', 'ਗਮ ਨਹੀਂ ਮੁੱਕਦੇ', 'ਖੈਰ ਖੁਵਾ', 'ਦੁੱਖ ਦੇਣ ਦਾ', 'ਅਸੀਂ ਏਸੇ ਜੋਗੇ ਰਹਿ ਜਾਣਾ' ਆਦਿ ਦੀ ਲਿਸਟ ਬਹੁਤ ਲੰਬੀ ਹੈ। ਉਸ ਨੇ ਆਪਣਾ ਹਰ ਗੀਤ ਪੂਰੀ ਰੂਹ ਨਾਲ ਦਿਲੋਂ ਗਾਇਆ। ਅੰਤਾਂ ਦਾ ਰਿਆਜ਼ ਉਸਦੀ ਸਫਲਤਾ ਦਾ ਕਾਰਨ ਸੀ, ਜਿਸਨੂੰ ਉਹ ਆਪਣੀ ਰੂਹ ਦੀ ਖੁਰਾਕ ਮੰਨਦਾ ਸੀ। ਰਿਆਜ਼ ਕੀਤੇ ਬਿਨ ਉਸਦਾ ਦਿਨ ਹੀ ਨਹੀਂ ਸੀ ਲੰਘਦਾ। ਆਪਣੇ ਪਿਤਾ ਤੇ ਉਸਤਾਦ ਅਮਰਨਾਥ ਦੀ ਸੰਗਤ ਉਸ ਨੇ ਸਿਰਫ 9 ਸਾਲ ਦੀ ਉਮਰ 'ਚ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਸਨੇ ਉਸਤਾਦ ਪੂਰਨ ਸ਼ਾਹ ਕੋਟੀ ਤੋਂ ਵੀ ਸੰਗੀਤ ਦੀ ਤਾਮੀਲ ਹਾਸਲ ਕੀਤੀ। ਇਸ ਤੋਂ ਇਲਾਵਾ ਸੰਗੀਤ ਸਮਰਾਟ ਚਰਨਜੀਤ ਆਹੂਜਾ ਦਾ ਵੀ ਉਸ ਦੇ ਸਿਰ 'ਤੇ ਹੱਥ ਸੀ, ਜਿਸ ਕਾਰਨ ਦਿਨ-ਬ-ਦਿਨ ਉਸਦੀ ਗਾਇਕੀ 'ਚ ਨਿਖਾਰ ਆਉਂਦਾ ਗਿਆ। ਉਸ ਦੇ ਹਿੱਟ ਗੀਤ 'ਅਸੀਂ ਧੁਰ ਅੰਦਰ ਤੱਕ', 'ਸਾਉਣ ਦਾ ਮਹੀਨਾ', 'ਉਹ ਮੌਸਮ ਵਾਂਗੂ', 'ਤੈਨੂੰ ਕੀ ਦੱਸੀਏ', 'ਕੰਡੇ', 'ਜ਼ਹਿਰ', 'ਮੁੱਕਦੇ ਜਾਨੇ ਆਂ', 'ਹੰਝੂ' ਅੱਜ ਵੀ ਫਿਜ਼ਾਵਾਂ 'ਚ ਰਸ ਘੋਲ ਰਹੇ ਹਨ ਤੇ ਰਹਿੰਦੀ ਦੁਨੀਆ ਤੱਕ ਕਿਤੇ ਨਾ ਕਿਤੇ ਸੁਣਾਈ ਦਿੰਦੇ ਰਹਿਣਗੇ। ਉਦਾਸ ਗੀਤ ਗਾਉਣ 'ਚ ਉਸਦੀ ਪਕੜ ਇੰਨੀ ਮਜ਼ਬੂਤ ਸੀ ਕਿ ਜਦੋਂ ਉਹ ਕੋਈ ਉਦਾਸ ਗੀਤ ਗਾਉਣ ਲੱਗ ਜਾਂਦਾ ਸੀ ਤਾਂ ਮਜ਼ਾਲ ਹੈ ਕਿ ਕੋਈ ਸਰੋਤਾ ਵਿੱਚੋਂ ਉੱਠ ਕੇ ਚੱਲਿਆ ਜਾਵੇ। ਗਾਉਣ ਲੱਗਿਆਂ ਸੁਰਾਂ ਨਾਲ ਇਕਮਿਕ ਹੋ ਜਾਂਦਾ ਸੀ ਉਹ, ਚੱਲਦੀ ਹਵਾ 'ਚ ਹਿੱਲਦੇ ਦਰੱਖਤਾਂ ਦੇ ਪੱਤੇ ਵੀ ਉਸਦੇ ਗੀਤਾਂ 'ਤੇ ਝੂੰਮਦੇ ਪ੍ਰਤੀਤ ਹੁੰਦੇ ਸਨ। ਉਸਨੇ ਝੂਠੀ ਸ਼ੋਹਰਤ ਲਈ ਆਪਣੀ ਗਾਇਕੀ ਨਾਲ ਕਦੇ ਵੀ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ, ਸ਼ਾਇਦ ਤਾਂ ਹੀ ਅੱਜ ਵੀ ਉਹ ਪਹਿਲਾਂ ਜਿੰਨਾ ਹੀ ਮਕਬੂਲ ਹੈ। ਸਾਬਰ ਕੋਟੀ ਆਪਣੇ ਆਪ 'ਚ ਗਾਇਕੀ ਦੀ ਇੱਕ ਸੰਸਥਾ ਹੀ ਤਾਂ ਸੀ, ਕਿਉਂਕਿ ਗਾਇਕੀ ਉਸਦੇ ਸਾਹਾਂ 'ਚ ਵੱਸੀ ਹੋਈ ਸੀ। ਉਸਦੇ ਅਖੀਰੀ ਸਮੇਂ ਡਾਕਟਰਾਂ ਨੇ ਉਸਨੂੰ ਗਾਉਣਾ ਬੰਦ ਕਰਨ ਦੀ ਸਲਾਹ ਦਿੱਤੀ ਸੀ ਪਰ ਉਹ ਗਾਏ ਬਿਨਾਂ ਰਹਿ ਨਹੀਂ ਸੀ ਸਕਦਾ। ਅੰਤ ਲੰਬੀ ਬਿਮਾਰੀ ਕਾਰਨ 25 ਜਨਵਰੀ 2018 ਨੂੰ ਜਲੰਧਰ ਦੇ ਇੱਕ ਹਸਪਤਾਲ 'ਚ ਉਸ ਦੀ ਮੌਤ ਹੋ ਗਈ। ਉਹ ਆਪਣੇ ਪਿੱਛੇ ਪਤਨੀ ਗੀਟਾ, 4 ਬੱਚੇ ਤੇ ਲੱਖਾਂ ਚਾਹੁਣ ਵਾਲਿਆਂ ਨੂੰ ਛੱਡ ਗਿਆ ਹੈ।

ਉੱਘੇ ਰਾਜਨੀਤਕ ਨੇਤਾ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਜਨ ਨਾਇਕ ਕਰਪੂਰੀ ਠਾਕੁਰ ਦੇ 100ਵੇਂ ਜਨਮ ਦਿਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸ਼ਰਧਾਂਜਲੀ

ਸ਼੍ਰੀ ਨਰੇਂਦਰ ਮੋਦੀ
ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ

ਅੱਜ ਲੋਕ ਨਾਇਕ ਕਰਪੂਰੀ ਠਾਕੁਰ ਜੀ ਦੀ ਜਨਮ ਸ਼ਤਾਬਦੀ ਹੈ, ਜਿਨ੍ਹਾਂ ਦੀ ਸਮਾਜਿਕ ਨਿਆਂ ਦੀ ਅਣਥੱਕ ਕੋਸ਼ਿਸ਼ ਨੇ ਕਰੋੜਾਂ ਲੋਕਾਂ ਦੇ ਜੀਵਨ ਵਿੱਚ ਸਕਾਰਾਤਮਕ ਪ੍ਰਭਾਵ ਪਾਇਆ। ਮੈਨੂੰ ਕਦੇ ਵੀ ਕਰਪੂਰੀ ਜੀ ਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ ਪਰ, ਮੈਂ ਉਨ੍ਹਾਂ ਦੇ ਨਾਲ ਨੇੜਿਓਂ ਕੰਮ ਕਰਨ ਵਾਲੇ ਕੈਲਾਸ਼ਪਤੀ ਮਿਸ਼ਰਾ ਜੀ ਤੋਂ ਉਨ੍ਹਾਂ ਬਾਰੇ ਬਹੁਤ ਕੁਝ ਸੁਣਿਆ। ਉਹ ਸਮਾਜ ਦੇ ਸਭ ਤੋਂ ਪਿਛੜੇ ਵਰਗਾਂ ਵਿੱਚੋਂ ਇੱਕ, ਨਾਈ ਸਮਾਜ ਨਾਲ ਸਬੰਧਿਤ ਸਨ। ਬਹੁਤ ਸਾਰੀਆਂ ਰੁਕਾਵਟਾਂ ਨੂੰ ਪਾਰ ਕਰਦੇ ਹੋਏ, ਉਨ੍ਹਾਂ ਬਹੁਤ ਕੁਝ ਪ੍ਰਾਪਤ ਕੀਤਾ ਅਤੇ ਸਮਾਜ ਦੀ ਬਿਹਤਰੀ ਲਈ ਕੰਮ ਕੀਤਾ। ਜਨ ਨਾਇਕ ਕਰਪੂਰੀ ਠਾਕੁਰ ਜੀ ਦਾ ਜੀਵਨ ਸਾਦਗੀ ਅਤੇ ਸਮਾਜਿਕ ਨਿਆਂ ਦੇ ਦੋਹਰੇ ਥੰਮ?ਾਂ ਦੇ ਇਰਦ-ਗਿਰਦ ਘੁੰਮਦਾ ਹੈ। ਆਖਰੀ ਸਾਹ ਤੱਕ ਉਨ੍ਹਾਂ ਦੀ ਸਾਦਾ ਜੀਵਨ ਸ਼ੈਲੀ ਅਤੇ ਨਿਮਰ ਸੁਭਾਅ ਆਮ ਲੋਕਾਂ ਨਾਲ ਡੂੰਘਾ ਜੁੜਿਆ ਰਿਹਾ। ਉਨ੍ਹਾਂ ਦੀ ਸਾਦਗੀ ਨੂੰ ਉਜਾਗਰ ਕਰਨ ਵਾਲੇ ਕਈ ਕਿੱਸੇ ਹਨ। ਉਨ੍ਹਾਂ ਦੇ ਨਾਲ ਕੰਮ ਕਰਨ ਵਾਲੇ ਲੋਕ ਯਾਦ ਕਰਦੇ ਹਨ ਕਿ ਕਿਵੇਂ ਉਨ੍ਹਾਂ ਨੇ ਆਪਣੀ ਬੇਟੀ ਦੇ ਵਿਆਹ ਸਮੇਤ ਕਿਸੇ ਵੀ ਵਿਅਕਤੀਗਤ ਮਾਮਲੇ ਲਈ ਆਪਣਾ ਪੈਸਾ ਖਰਚਣ ਨੂੰ ਤਰਜੀਹ ਦਿੱਤੀ। ਬਿਹਾਰ ਦੇ ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਰਾਜਨੀਤਕ ਨੇਤਾਵਾਂ ਲਈ ਕਾਲੋਨੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਖ਼ੁਦ ਇਸ ਲਈ ਕੋਈ ਜ਼ਮੀਨ ਜਾਂ ਪੈਸਾ ਨਹੀਂ ਲਿਆ। ਸੰਨ 1988 ਵਿੱਚ ਜਦੋਂ ਉਨ੍ਹਾਂ ਦਾ ਦੇਹਾਂਤ ਹੋਇਆ ਤਾਂ ਕਈ ਆਗੂ ਸ਼ਰਧਾਂਜਲੀ ਦੇਣ ਲਈ ਉਨ੍ਹਾਂ ਦੇ ਪਿੰਡ ਗਏ। ਉਨ੍ਹਾਂ ਦੇ ਘਰ ਦੀ ਹਾਲਤ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ- ਇਤਨੇ ਬੜੇ ਵਿਅਕਤੀ ਦਾ ਘਰ ਇਤਨਾ ਸਾਦਾ ਕਿਵੇਂ ਹੋ ਸਕਦਾ ਹੈ! ਉਨ੍ਹਾਂ ਦੀ ਸਾਦਗੀ ਦਾ ਇੱਕ ਹੋਰ ਕਿੱਸਾ 1977 ਦਾ ਹੈ ਜਦੋਂ ਉਨ੍ਹਾਂ ਨੇ ਬਿਹਾਰ ਦੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲ਼ਿਆ ਸੀ। ਦਿੱਲੀ ਅਤੇ ਪਟਨਾ ਵਿੱਚ ਜਨਤਾ ਸਰਕਾਰ ਸੀ। ਉਸ ਸਮੇਂ, ਜਨਤਾ ਨੇਤਾ ਲੋਕਨਾਇਕ ਜੇਪੀ ਦੇ ਜਨਮ ਦਿਨ ਨੂੰ ਮਨਾਉਣ ਲਈ ਪਟਨਾ ਵਿੱਚ ਇਕੱਠੇ ਹੋਏ ਸਨ। ਮੁੱਖ ਮੰਤਰੀ ਕਰਪੂਰੀ ਠਾਕੁਰ ਜੀ ਫਟੇ ਹੋਏ ਕੁੜਤੇ ਵਿੱਚ ਚੋਟੀ ਦੇ ਨੇਤਾਵਾਂ ਦੇ ਸਮੂਹ ਵਿੱਚ ਘੁੰਮ ਰਹੇ ਸਨ। ਚੰਦਰਸ਼ੇਖਰ ਜੀ ਨੇ ਆਪਣੇ ਅੰਦਾਜ਼ ਵਿੱਚ ਲੋਕਾਂ ਨੂੰ ਕੁਝ ਪੈਸੇ ਦਾਨ ਕਰਨ ਲਈ ਕਿਹਾ ਤਾਂ ਜੋ ਕਰਪੂਰੀ ਜੀ ਨਵਾਂ ਕੁੜਤਾ ਖਰੀਦ ਸਕਣ। ਪਰ, ਕਰਪੂਰੀ ਜੀ ਕਰਪੂਰੀ ਜੀ ਸਨ- ਉਨ੍ਹਾਂ ਨੇ ਪੈਸੇ ਸਵੀਕਾਰ ਕੀਤੇ ਪਰ ਇਸ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚ ਦਾਨ ਕਰ ਦਿੱਤਾ। ਜਨ ਨਾਇਕ ਕਰਪੂਰੀ ਠਾਕੁਰ ਜੀ ਨੂੰ ਸਮਾਜਿਕ ਨਿਆਂ ਸਭ ਤੋਂ ਪਿਆਰਾ ਸੀ। ਉਨ੍ਹਾਂ ਦੀ ਰਾਜਨੀਤਕ ਯਾਤਰਾ ਇੱਕ ਅਜਿਹੇ ਸਮਾਜ ਨੂੰ ਬਣਾਉਣ ਦੇ ਮਹਾਨ ਯਤਨਾਂ ਦੁਆਰਾ ਚਿੰਨ੍ਹ?ਤ ਸੀ ਜਿੱਥੇ ਸੰਸਾਧਨਾਂ ਦੀ ਨਿਰਪੱਖ ਵੰਡ ਕੀਤੀ ਗਈ ਹੋਵੇ, ਅਤੇ ਹਰਕੇ ਦੀ, ਆਪਣੀ ਸਮਾਜਿਕ ਸਥਿਤੀ ਦੀ ਪਰਵਾਹ ਕੀਤੇ ਬਿਨਾ, ਮੌਕਿਆਂ ਤੱਕ ਪਹੁੰਚ ਹੋਵੇ। ਉਹ ਭਾਰਤੀ ਸਮਾਜ ਨੂੰ ਪ੍ਰਭਾਵਿਤ ਕਰਨ ਵਾਲੀਆਂ ਪ੍ਰਣਾਲੀਗਤ ਅਸਮਾਨਤਾਵਾਂ ਨੂੰ ਹੱਲ ਕਰਨਾ ਚਾਹੁੰਦੇ ਸੀ। ਆਪਣੇ ਆਦਰਸ਼ਾਂ ਦੇ ਪ੍ਰਤੀ ਉਨ੍ਹਾਂ ਦੀ ਅਜਿਹੀ ਪ੍ਰਤੀਬੱਧਤਾ ਸੀ ਕਿ ਇੱਕ ਅਜਿਹੇ ਯੁਗ ਵਿੱਚ ਰਹਿਣ ਦੇ ਬਾਵਜੂਦ ਜਿੱਥੇ ਕਾਂਗਰਸ ਪਾਰਟੀ ਸਰਬ ਵਿਆਪਕ ਸੀ, ਉਨ੍ਹਾਂ ਨੇ ਸਪਸ਼ਟ ਤੌਰ 'ਤੇ ਕਾਂਗਰਸ ਵਿਰੋਧੀ ਲਾਈਨ ਅਪਣਾ ਲਈ ਕਿਉਂਕਿ ਉਨ੍ਹਾਂ ਨੂੰ ਬਹੁਤ ਪਹਿਲਾਂ ਹੀ ਯਕੀਨ ਹੋ ਗਿਆ ਸੀ ਕਿ ਕਾਂਗਰਸ ਆਪਣੇ ਸਥਾਪਨਾ ਸਿਧਾਂਤਾਂ ਤੋਂ ਭਟਕ ਗਈ ਹੈ। ਉਨ੍ਹਾਂ ਦਾ ਚੋਣ ਕਰੀਅਰ 1950 ਦੇ ਦਹਾਕੇ ਦੇ ਸ਼ੁਰੂ ਵਿੱਚ ਸ਼ੁਰੂ ਹੋਇਆ ਅਤੇ ਉਦੋਂ ਤੋਂ ਹੀ ਉਹ ਵਿਧਾਨਕ ਸਦਨਾਂ ਵਿਚ ਅਜਿਹੀ ਤਾਕਤ ਬਣ ਗਏ, ਜਿਨ੍ਹਾਂ ਨੇ ਮਜ਼ਦੂਰ ਜਮਾਤ, ਮਜ਼ਦੂਰਾਂ, ਛੋਟੇ ਕਿਸਾਨਾਂ ਅਤੇ ਨੌਜਵਾਨਾਂ ਦੇ ਸੰਘਰਸ਼ਾਂ ਨੂੰ ਸ਼ਕਤੀਸ਼ਾਲੀ ਆਵਾਜ਼ ਦਿੱਤੀ। ਸਿੱਖਿਆ ਉਨ੍ਹਾਂ ਦੇ ਦਿਲ ਦੇ ਬਹੁਤ ਨੇੜੇ ਦਾ ਵਿਸ਼ਾ ਸੀ। ਆਪਣੇ ਪੂਰੇ ਰਾਜਨੀਤਕ ਜੀਵਨ ਦੌਰਾਨ ਉਨ੍ਹਾਂ ਨੇ ਗ਼ਰੀਬਾਂ ਲਈ ਸਿੱਖਿਆ ਸੁਵਿਧਾਵਾਂ ਵਿੱਚ ਸੁਧਾਰ ਕਰਨ ਲਈ ਕੰਮ ਕੀਤਾ। ਉਹ ਸਥਾਨਕ ਭਾਸ਼ਾਵਾਂ ਵਿੱਚ ਸਿੱਖਿਆ ਦੇ ਸਮਰਥਕ ਸਨ ਤਾਂ ਜੋ ਛੋਟੇ ਕਸਬਿਆਂ ਅਤੇ ਪਿੰਡਾਂ ਦੇ ਲੋਕ ਵੀ ਪੌੜੀਆਂ ਚੜ੍ਹ ਸਕਣ ਅਤੇ ਸਫ਼ਲਤਾ ਪ੍ਰਾਪਤ ਕਰ ਸਕਣ। ਮੁੱਖ ਮੰਤਰੀ ਵਜੋਂ ਉਨ੍ਹਾਂ ਨੇ ਸੀਨੀਅਰ ਨਾਗਰਿਕਾਂ ਦੀ ਭਲਾਈ ਲਈ ਵੀ ਕਈ ਕਦਮ ਉਠਾਏ। ਲੋਕਤੰਤਰ, ਵਾਦ-ਵਿਵਾਦ ਅਤੇ ਚਰਚਾ ਕਰਪੂਰੀ ਜੀ ਦੀ ਸ਼ਖ਼ਸੀਅਤ ਦਾ ਅਭਿੰਨ ਅੰਗ ਸਨ। ਇਹ ਭਾਵਨਾ ਉਦੋਂ ਦਿਖਾਈ ਦਿੱਤੀ ਜਦੋਂ ਉਨ੍ਹਾਂ ਨੇ ਇੱਕ ਯੁਵਾ ਦੇ ਰੂਪ ਵਿੱਚ ਆਪਣੇ ਆਪ ਨੂੰ ਭਾਰਤ ਛੱਡੋ ਅੰਦੋਲਨ ਵਿੱਚ ਲੀਨ ਕਰ ਦਿੱਤਾ ਅਤੇ ਇਹ ਫਿਰ ਦੇਖੀ ਗਈ ਜਦੋਂ ਉਨ੍ਹਾਂ ਨੇ ਐਮਰਜੈਂਸੀ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਦੇ ਵਿਲੱਖਣ ਦ੍ਰਿਸ਼ਟੀਕੋਣ ਨੂੰ ਜੇਪੀ, ਡਾ. ਲੋਹੀਆ ਅਤੇ ਚਰਨ ਸਿੰਘ ਜੀ ਜਿਹੇ ਲੋਕਾਂ ਨੇ ਬਹੁਤ ਸਲਾਹਿਆ। ਸ਼ਾਇਦ ਭਾਰਤ ਲਈ ਜਨ ਨਾਇਕ ਕਰਪੂਰੀ ਠਾਕੁਰ ਜੀ ਦੇ ਸਭ ਤੋਂ ਮਹੱਤਵਪੂਰਨ ਯੋਗਦਾਨਾਂ ਵਿੱਚੋਂ ਇੱਕ ਪਿਛੜੀਆਂ ਸ਼੍ਰੇਣੀਆਂ ਲਈ ਸਕਾਰਾਤਮਕ ਕਾਰਵਾਈ ਉਪਕਰਣ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਸੀ, ਇਸ ਉਮੀਦ ਨਾਲ ਕਿ ਉਨ੍ਹਾਂ ਨੂੰ ਉਹ ਪ੍ਰਤੀਨਿਧਤਾ ਅਤੇ ਮੌਕੇ ਦਿੱਤੇ ਗਏ ਸਨ ਜਿਸ ਦੇ ਉਹ ਹੱਕਦਾਰ ਸਨ। ਉਨ੍ਹਾਂ ਦੇ ਇਸ ਫ਼ੈਸਲੇ ਦਾ ਭਾਰੀ ਵਿਰੋਧ ਹੋਇਆ ਪਰ ਉਹ ਕਿਸੇ ਦਬਾਅ ਅੱਗੇ ਨਹੀਂ ਝੁੱਕੇ। ਉਨ੍ਹਾਂ ਦੀ ਅਗਵਾਈ ਹੇਠ, ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ ਜਿਨ੍ਹਾਂ ਨੇ ਇੱਕ ਵਧੇਰੇ ਸਮਾਵੇਸ਼ੀ ਸਮਾਜ ਲਈ ਅਧਾਰ ਬਣਾਇਆ, ਜਿੱਥੇ ਕਿਸੇ ਦਾ ਜਨਮ ਕਿਸੇ ਦੀ ਕਿਸਮਤ ਨੂੰ ਨਿਰਧਾਰਿਤ ਨਹੀਂ ਕਰਦਾ ਸੀ। ਉਹ ਸਮਾਜ ਦੇ ਸਭ ਤੋਂ ਪਿਛੜੇ ਵਰਗ ਨਾਲ ਸਬੰਧਿਤ ਸਨ ਪਰ ਉਨ੍ਹਾਂ ਨੇ ਸਾਰੇ ਲੋਕਾਂ ਲਈ ਕੰਮ ਕੀਤਾ। ਉਨ੍ਹਾਂ ਅੰਦਰ ਕੁੜੱਤਣ ਦਾ ਕੋਈ ਨਿਸ਼ਾਨ ਨਹੀਂ ਸੀ, ਜੋ ਉਨ੍ਹਾਂ ਨੂੰ ਸੱਚਮੁੱਚ ਮਹਾਨ ਬਣਾਉਂਦਾ ਹੈ। ਪਿਛਲੇ 10 ਵਰ੍ਹ?ਆਂ ਵਿੱਚ, ਸਾਡੀ ਸਰਕਾਰ ਜਨ ਨਾਇਕ ਕਰਪੂਰੀ ਠਾਕੁਰ ਜੀ ਦੇ ਮਾਰਗ 'ਤੇ ਚਲੀ ਹੈ, ਜੋ ਸਾਡੀਆਂ ਯੋਜਨਾਵਾਂ ਅਤੇ ਨੀਤੀਆਂ ਤੋਂ ਪ੍ਰਤੀਤ ਹੁੰਦਾ ਹੈ ਜਿਨ੍ਹਾਂ ਨਾਲ ਪਰਿਵਰਤਨਕਾਰੀ ਸ਼ਕਤੀਕਰਣ ਆਇਆ ਹੈ। ਸਾਡੀ ਰਾਜਨੀਤੀ ਦੀ ਸਭ ਤੋਂ ਬੜੀ ਤ੍ਰਾਸਦੀ ਇਹ ਰਹੀ ਹੈ ਕਿ ਕਰਪੂਰੀ ਜੀ ਜਿਹੇ ਕੁਝ ਨੇਤਾਵਾਂ ਨੂੰ ਛੱਡ ਕੇ ਸਮਾਜਿਕ ਨਿਆਂ ਦੀ ਮੰਗ ਸਿਰਫ਼ ਰਾਜਨੀਤਕ ਨਾਅਰੇ ਤੱਕ ਹੀ ਸੀਮਿਤ ਰਹੀ। ਕਰਪੂਰੀ ਜੀ ਦੇ ਵਿਜ਼ਨ ਤੋਂ ਪ੍ਰੇਰਿਤ ਹੋ ਕੇ ਅਸੀਂ ਇਸ ਨੂੰ ਇੱਕ ਪ੍ਰਭਾਵਸ਼ਾਲੀ ਸ਼ਾਸਨ ਮਾਡਲ ਵਜੋਂ ਲਾਗੂ ਕੀਤਾ ਹੈ। ਮੈਂ ਵਿਸ਼ਵਾਸ ਅਤੇ ਮਾਣ ਨਾਲ ਕਹਿ ਸਕਦਾ ਹਾਂ ਕਿ ਜਨ ਨਾਇਕ ਕਰਪੂਰੀ ਠਾਕੁਰ ਜੀ ਨੇ ਪਿਛਲੇ ਕੁਝ ਸਾਲਾਂ ਵਿੱਚ ਭਾਰਤ ਦੇ 25 ਕਰੋੜ ਲੋਕਾਂ ਨੂੰ ਗ਼ਰੀਬੀ ਦੇ ਚੁੰਗਲ ਤੋਂ ਮੁਕਤ ਕਰਨ ਦੇ ਕਾਰਨਾਮੇ 'ਤੇ ਬਹੁਤ ਮਾਣ ਮਹਿਸੂਸ ਕੀਤਾ ਹੋਵੇਗਾ। ਇਹ ਸਮਾਜ ਦੇ ਸਭ ਤੋਂ ਪਿਛੜੇ ਵਰਗਾਂ ਦੇ ਲੋਕ ਹਨ, ਜਿਨ੍ਹਾਂ ਨੂੰ ਬਸਤੀਵਾਦੀ ਸ਼ਾਸਨ ਤੋਂ ਆਜ਼ਾਦੀ ਦੇ ਕਰੀਬ ਸੱਤ ਦਹਾਕਿਆਂ ਬਾਅਦ ਬੁਨਿਆਦੀ ਸੁਵਿਧਾਵਾਂ ਤੋਂ ਵਾਂਝੇ ਰੱਖਿਆ ਗਿਆ ਸੀ। ਇਸ ਦੇ ਨਾਲ ਹੀ, ਸੰਤ੍ਰਿਪਤਾ ਵੱਲ ਸਾਡੀਆਂ ਕੋਸ਼ਿਸ਼ਾਂ- ਹਰ ਸਕੀਮ 100% ਕਵਰੇਜ ਤੱਕ ਪਹੁੰਚਣ ਨੂੰ ਯਕੀਨੀ ਬਣਾਉਣ ਲਈ ਸਮਾਜ ਭਲਾਈ ਲਈ ਉਸ ਦੀ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ। ਅੱਜ, ਜਦੋਂ ਓਬੀਸੀ, ਐੱਸਸੀ ਅਤੇ ਐੱਸਟੀ ਭਾਈਚਾਰਿਆਂ ਦੇ ਲੋਕ ਮੁਦਰਾ ਲੋਨ ਦੇ ਕਾਰਨ ਉੱਦਮੀ ਬਣ ਰਹੇ ਹਨ, ਇਹ ਕਰਪੂਰੀ ਠਾਕੁਰ ਜੀ ਦੇ ਆਰਥਿਕ ਸੁਤੰਤਰਤਾ ਦੇ ਸੰਕਲਪ ਨੂੰ ਪੂਰਾ ਕਰਦਾ ਹੈ। ਇਸੇ ਤਰ੍ਹਾਂ, ਇਹ ਸਾਡੀ ਸਰਕਾਰ ਸੀ ਜਿਸ ਨੂੰ ਐੱਸਸੀ, ਐੱਸਟੀ ਅਤੇ ਓਬੀਸੀ ਰਾਖਵਾਂਕਰਣ ਵਧਾਉਣ ਦਾ ਸਨਮਾਨ ਮਿਲਿਆ। ਸਾਨੂੰ ਓਬੀਸੀ ਕਮਿਸ਼ਨ ਦੀ ਸਥਾਪਨਾ ਦਾ ਮਾਣ ਵੀ ਮਿਲਿਆ (ਦੁਖ ਦੀ ਗੱਲ ਹੈ ਕਿ ਕਾਂਗਰਸ ਨੇ ਇਸ ਦਾ ਵਿਰੋਧ ਕੀਤਾ ਸੀ), ਜੋ ਕਿ ਕਰਪੂਰੀ ਜੀ ਦੇ ਦਰਸਾਏ ਮਾਰਗ 'ਤੇ ਚਲ ਰਿਹਾ ਹੈ। ਸਾਡੀ ਪ੍ਰਧਾਨ ਮੰਤਰੀ-ਵਿਸ਼ਵਕਰਮਾ ਯੋਜਨਾ ਭਾਰਤ ਭਰ ਵਿੱਚ ਓਬੀਸੀ ਭਾਈਚਾਰਿਆਂ ਨਾਲ ਸਬੰਧਿਤ ਕਰੋੜਾਂ ਲੋਕਾਂ ਲਈ ਸਮ੍ਰਿੱਧੀ ਦੇ ਨਵੇਂ ਰਾਹ ਵੀ ਲਿਆਵੇਗੀ। ਖ਼ੁਦ ਪਿਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਵਿਅਕਤੀ ਹੋਣ ਦੇ ਨਾਤੇ, ਮੈਂ ਜਨ ਨਾਇਕ ਕਰਪੂਰੀ ਠਾਕੁਰ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ। ਬਦਕਿਸਮਤੀ ਨਾਲ, ਅਸੀਂ 64 ਵਰ੍ਹ?ਆਂ ਦੀ ਮੁਕਾਬਲਤਨ ਛੋਟੀ ਉਮਰ ਵਿੱਚ ਕਰਪੂਰੀ ਜੀ ਨੂੰ ਗੁਆ ਦਿੱਤਾ। ਅਸੀਂ ਉਨ੍ਹਾਂ ਨੂੰ ਉਦੋਂ ਗੁਆ ਦਿੱਤਾ ਜਦੋਂ ਸਾਨੂੰ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਸੀ। ਫਿਰ ਵੀ ਉਹ ਆਪਣੇ ਕੰਮ ਕਰਕੇ ਕਰੋੜਾਂ ਲੋਕਾਂ ਦੇ ਦਿਲਾਂ-ਦਿਮਾਗ਼ਾਂ ਵਿਚ ਵਸੇ ਹੋਏ ਹਨ। ਉਹ ਸੱਚੇ ਲੋਕ ਨਾਇਕ ਸਨ!

ਭਾਰਤ ਦੀ ਪੈਰਾਗਲਾਈਡਿੰਗ ਰਾਜਧਾਨੀ : ਬੀਰ - ਬਿਲਿੰਗ



ਮਾਸਟਰ ਸੰਜੀਵ ਧਰਮਾਣੀ
ਮੋ. 9478561356.

ਪਿਆਰੇ ਬੱਚਿਓ ! ਸੰਨ 2022 ਦੀਆਂ ਗਰਮੀਆਂ ਦੀਆਂ ਛੁੱਟੀਆਂ ਦੇ ਦੌਰਾਨ ਮੈਨੂੰ ਹਿਮਾਚਲ - ਪ੍ਰਦੇਸ਼ ਦੇ ਵਿਸ਼ਵ - ਪ?ਸਿੱਧ ਪੈਰਾਗਲਾਈਡਿੰਗ ਸਥਾਨ ਅਤੇ ਭਾਰਤ ਦੀ ਪੈਰਾਗਲਾਈਡਿੰਗ ਰਾਜਧਾਨੀ ਬੀਰ - ਬਿਲਿੰਗ ਵਿਖੇ ਪਰਿਵਾਰ ਸਮੇਤ ਕੁੱਝ ਦਿਨ ਘੁੰਮਣ - ਫਿਰਨ ਦਾ ਮੌਕਾ ਮਿਲਿਆ। ਜੂਨ ਮਹੀਨੇ ਦੇ ਆਖਰੀ ਹਫਤੇ ਅਚਾਨਕ ਹੀ ਕਿਸੇ ਪਹਾੜੀ ਅਤੇ ਅਲੌਕਿਕ ਸਥਾਨ 'ਤੇ ਘੁੰਮਣ ਲਈ ਜਾਣ ਦਾ ਪਰਿਵਾਰ ਵਿੱਚ ਵਿਚਾਰ ਬਣਿਆ। ਕਾਫੀ ਸੋਚ - ਵਿਚਾਰ ਤੋਂ ਬਾਅਦ ਅਸੀਂ ਬੀਰ - ਬੀਲਿੰਗ ਜਾਣ ਲਈ ਫੈਸਲਾ ਕੀਤਾ। ਸਫ਼ਰ ਲਈ ਸ੍ਰੀ ਅਨੰਦਪੁਰ ਸਾਹਿਬ (ਪੰਜਾਬ) ਤੋਂ ਊਨਾ , ਭੋਟਾ , ਹਮੀਰਪੁਰ (ਹਿਮਾਚਲ - ਪ੍ਰਦੇਸ਼) ਹੁੰਦੇ ਹੋਏ ਅਸੀਂ ਪਾਲਮਪੁਰ ਵੱਲ ਰਵਾਨਾ ਹੋਏ। ਖਾਣ - ਪੀਣ ਦਾ ਕੁਝ ਸਮਾਨ ਤਾਂ ਗੱਡੀ ਵਿੱਚ ਸਾਡੇ ਕੋਲ ਪਹਿਲਾਂ ਹੀ ਸੀ ਤੇ ਜ਼ਰੂਰਤ ਅਨੁਸਾਰ ਰਸਤੇ ਵਿੱਚ ਵੀ ਖਰੀਦਦਾਰੀ ਕਰਦੇ ਹੋਏ ਅਸੀਂ ਬੜੇ ਅਰਾਮ ਨਾਲ ਕੁਦਰਤੀ ਨਜ਼ਾਰਿਆਂ , ਮਨਮੋਹਕ ਉੱਚੀਆਂ - ਉੱਚੀਆਂ ਚੋਟੀਆਂ , ਹਰੇ - ਭਰੇ ਚੀਲ , ਦੇਵਦਾਰ ਤੇ ਹੋਰ ਪਹਾੜੀ ਰੁੱਖਾਂ ਅਤੇ ਨਜ਼ਾਰਿਆਂ ਨੂੰ ਦੇਖਦੇ - ਮਾਣਦੇ ਹੋਏ ਅਸੀਂ ਸਫ਼ਰ ਕਰਦੇ ਅੱਗੇ ਵੱਧਦੇ ਰਹੇ। ਜਦੋਂ ਜ਼ਰੂਰਤ ਪੈਂਦੀ ਤਾਂ ਅਸੀਂ ਗੱਡੀ ਰੁਕਵਾ ਕੇ ਉਥੋਂ ਦੀ ਪ੍ਰਕ੍ਰਿਤੀ ਦਾ ਅਨੰਦ ਲੈਂਦੇ ਤੇ ਫੋਟੋਆਂ ਆਦਿ ਵੀ ਖਿੱਚਦੇ ਰਹੇ। ਬਾਅਦ ਦੁਪਹਿਰ ਲਗਭਗ ਦੋ ਕੁ ਵਜੇ ਅਸੀਂ "ਸੌਰਭ ਵਨ ਵਿਹਾਰ " ਪਾਲਮਪੁਰ ਵਿਖੇ ਪਹੁੰਚ ਗਏ। ਉਦੋਂ ਹਲਕੀ ਜਿਹੀ ਬੱਦਲਵਾਈ ਹੋਈ ਪਈ ਸੀ। ਆਸਮਾਨ ਨੂੰ ਛੂਹ ਰਹੇ ਪਰਬਤ ਆਪਣੀ ਵੱਖਰੀ ਹੀ ਹੋਂਦ ਦਰਜ ਕਰਵਾ ਰਹੇ ਸੀ। ਅਸੀਂ ਨਿਊਗਲ ਨਦੀ ਦੇ ਕਿਨਾਰੇ 'ਤੇ ਬਣਾਏ ਗਏ ' ਸੌਰਭ ਵਨ ਵਿਹਾਰ ' ਵਿਖੇ ਘੁੰਮਣ ਲਈ ਤੀਹ ਰੁਪਏ ਪ੍ਰਤੀ ਵਿਅਕਤੀ ਟਿਕਟ ਲੈ ਲਈ। ਇੱਥੇ ਮੀਨ ਵਾਟਿਕਾ ਮੱਛੀ ਕੇਂਦਰ , ਮਨਮੋਹਕ ਤਲਾਅ , ਕੈਪਟਨ ਸੌਰਭ ਕਾਲੀਆ ਯਾਦਗਾਰੀ ਪਾਰਕ ਆਦਿ ਦੇਖੇ। ਇਸ ਪਾਰਕ ਵਿੱਚ ਵੱਡੇ - ਵੱਡੇ ਭਾਰੀ - ਭਰਕਮ ਪੱਥਰ ਆਪਣੇ ਆਪ ਵਿੱਚ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰ ਰਹੇ ਸਨ। ਇੱਥੇ ਇੱਕ ਤਲਾਬ ਵੀ ਬਣਿਆ ਹੋਇਆ ਹੈ , ਜਿੱਥੇ ਤੁਸੀਂ ਪਰਿਵਾਰ ਸਮੇਤ ਬੋਟਿੰਗ ਦਾ ਅਨੰਦ ਵੀ ਲੈ ਸਕਦੇ ਹੋ। ਸਫ਼ਰ ਦੌਰਾਨ ਅਸੀਂ ਪਾਣੀ ਦੀਆਂ ਬੋਤਲਾਂ ਨਾਲ ਲੈ ਕੇ ਗਏ ਅਤੇ ਰਸਤੇ ਵਿੱਚ ਵੀ ਨਿਰੰਤਰ ਪਾਣੀ ਖਰੀਦਦੇ ਰਹੇ। ਫਿਰ ਅਸੀਂ ਨਿਊਗਲ ਨਦੀ 'ਤੇ ਬਣੇ ਲੋਹੇ ਦੇ ਝੂਲਦੇ ਪੁਲ 'ਤੇ ਘੁੰਮ - ਫਿਰ ਕੇ ਅਨੰਦ ਮਾਣਿਆ। ਇੱਥੇ ਹਵਾ ਥੋੜ੍ਹੀ ਤੇਜ਼ ਅਤੇ ਠੰਡੀ ਚੱਲ ਰਹੀ ਸੀ। ਫਿਰ ਅਸੀਂ ਪਾਲਮਪੁਰ ਵਿਖੇ ਚਾਹ ਦੇ ਬਾਗ ਦੇਖਣ ਲਈ ਗੱਡੀ ਵਿੱਚ ਬੈਠ ਕੇ ਅੱਗੇ ਲਈ ਰਵਾਨਾ ਹੋ ਗਏ। ਸੜਕ ਦੇ ਕਿਨਾਰੇ - ਕਿਨਾਰੇ ਛੋਟੇ - ਮੋਟੇ ' ਟੀ - ਗਾਰਡਨ' ਦੇਖਦੇ ਹੋਏ ਅਸੀਂ ਚਾਹ ਦੇ ਵਿਸ਼ਵ ਪ੍ਰਸਿੱਧ ਬਾਗ਼ "ਵਾਹ ਚਾਹ ਐਸਟੇਟ" ਵਿਖੇ ਪਹੁੰਚੇ। ਇੱਥੇ ਬਹੁਤ ਵੱਡਾ ਚਾਹ ਦਾ ਬਾਗ ਦੇਖਿਆ ਤੇ ਚਾਹ ਦੇ ਬਾਗ ਵਿੱਚ ਕੰਮ ਕਰਦੇ ਔਰਤਾਂ ਤੇ ਮਰਦਾਂ ਨੂੰ ਮਿਲੇ ਤੇ ਉਨ੍ਹਾਂ ਦੇ ਜੀਵਨ ਬਾਰੇ ਜਾਣਿਆ ਤੇ ਸਮਝਿਆ ਵੀ। ਇੱਥੇ "ਵਾਹ ਚਾਹ ਐਸਟੇਟ" ਵਾਲਿਆਂ ਨੇ ਚਾਹ ਬਾਰੇ ਜਾਣਕਾਰੀ ਦੇਣ ਲਈ ਇੱਕ ਵਿੱਕਰੀ ਕੇਂਦਰ ਵੀ ਖੋਲ੍ਹਿਆ ਹੋਇਆ ਹੈ। ਇੱਥੇ ਅਲੱਗ - ਅਲੱਗ ਸੁਆਦਾਂ ਵਾਲੀ ਚਾਹ ਦਾ ਅਨੰਦ ਵੀ ਤੁਸੀਂ ਮਾਣ ਸਕਦੇ ਹੋ। ਇੱਥੇ ਅਸੀਂ ਬਿਨਾਂ ਦੁੱਧ ਤੋਂ ਬਣਾਈ ਚਾਹ ਪੀਤੀ ਅਤੇ ਕੁਝ ਖਰੀਦਦਾਰੀ ਵੀ ਕੀਤੀ। ਇਸ ਤੋਂ ਬਾਅਦ ਅਸੀਂ ਪਾਲਮਪੁਰ ਦੇ "ਤਾਸ਼ੀਯੋਂਗ ਮੋਨੈਸਟਰੀ "(ਬੋਧੀ ਮੱਠ) ਦੇਖਣ ਲਈ ਗੱਡੀ 'ਚ ਅੱਗੇ ਵੱਲ ਚੱਲ ਪਏ। ਇਸ ਧਾਰਮਿਕ ਸਥਾਨ 'ਤੇ ਅਸੀਂ ' ਤਾਸ਼ੀਯੋਂਗ ਮੋਨੈਸਟਰੀ ' (ਬੋਧੀ ਮੱਠ) ਦੇਖੀ ਅਤੇ ਇੱਕ ਬੋਧੀ ਮਹਾਤਮਾ ਜੀ ਨੂੰ ਮਿਲੇ ਤੇ ਉਨ੍ਹਾਂ ਬਾਰੇ ਕਾਫ਼ੀ ਕੁਝ ਜਾਣਿਆਂ ਤੇ ਪੁੱਛਿਆ ਵੀ। ਉਹਨਾਂ ਨੇ ਲਗਭਗ 1960 ਈਸਵੀ ਵਿੱਚ ਤਿੱਬਤ ਤੋਂ ਇੱਥੇ ਭਾਰਤ ਵਿੱਚ ਆਉਣ ਦੀ ਸਾਰੀ ਗੱਲ ਵੀ ਸਾਨੂੰ ਦੱਸੀ। ਬੋਧੀ ਮਹਾਤਮਾ ਜੀ ਸਾਡੇ ਨਾਲ ਗੱਲਬਾਤ ਕਰਕੇ ਬਹੁਤ ਖੁਸ਼ ਹੋਏ। ਉਹਨਾਂ ਸਾਡੇ ਬਾਰੇ ਵੀ ਕਾਫੀ ਜਾਣਿਆ ਤੇ ਪੁੱਛਿਆ ਵੀ। ਜਦੋਂ ਅਸੀਂ ਦੱਸਿਆ ਕਿ ਅਸੀਂ ਪੰਜਾਬ ਦੀ ਵਿਸ਼ਵ ਪ੍ਰਸਿੱਧ ਧਾਰਮਿਕ ਅਤੇ ਇਤਿਹਾਸਕ ਪਾਵਨ - ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਤੋਂ ਆਏ ਹਾਂ ਤਾਂ ਉਨ੍ਹਾਂ ਨੇ ਬਹੁਤ ਖੁਸ਼ੀ ਮਹਿਸੂਸ ਕੀਤੀ ਤਾਂ ਉਹਨਾਂ ਨੇ ਕਿਹਾ , "ਵਹਾਂ ਸਿੱਖੋਂ ਕਾ ਏਕ ਬਹੁਤ ਬੜਾ ਮੰਦਿਰ ਭੀ ਹੈ।" ਉਹ ਬੋਧੀ ਮਹਾਤਮਾ ਪਾਵਨ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਗੱਲ ਕਰ ਰਿਹਾ ਸੀ। ਬੋਧੀ ਮਹਾਤਮਾ ਜੀ ਦੇ ਮੂੰਹੋਂ ਇਹ ਗੱਲ ਸੁਣ ਕੇ ਸਾਨੂੰ ਬਹੁਤ ਖੁਸ਼ੀ ਤੇ ਉਤਸ਼ਾਹ ਮਿਲਿਆ ਅਤੇ ਸਾਨੂੰ ਬਹੁਤ ਮਾਣ ਵੀ ਮਹਿਸੂਸ ਹੋਇਆ ਕਿ ਅਸੀਂ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਹਾਂ। ਉਹ ਵੀ ਬਹੁਤ ਖੁਸ਼ ਹੋਏ ਤੇ ਉਹਨਾਂ ਨੇ ਸਾਨੂੰ ਪ੍ਰਸਾਦ ਸਰੂਪ ਆਪਣੇ ਧਾਰਮਿਕ ਗੁਰੂ ਜੀ ਦਾ ਦਿੱਤਾ ਹੋਇਆ ਪ੍ਰਸਾਦ ਦਾ ਇੱਕ ਵੱਡਾ ਡੱਬਾ ਦਿੱਤਾ। ਫਿਰ ਅਸੀਂ ਇੱਥੋਂ ਵਿਦਾ ਲਈ ਅਤੇ ਇਸ ਤੋਂ ਬਾਅਦ "ਪਾਲਮਪੁਰ ਵਿਗਿਆਨ ਕੇਂਦਰ" ਵੱਲ ਰਵਾਨਾ ਹੋ ਗਏ। ਸ਼ਾਮ ਦੇ ਲਗਭਗ ਛੇ ਵੱਜ ਚੁੱਕੇ ਸਨ ਅਤੇ ' ਪਾਲਮਪੁਰ ਵਿਗਿਆਨ ਕੇਂਦਰ ' ਬੰਦ ਹੋ ਚੁੱਕਾ ਸੀ। ਇਸ ਤੋਂ ਬਾਅਦ ਅਸੀਂ ਵਿਸ਼ਵ ਪ੍ਰਸਿੱਧ "ਬੈਜਨਾਥ ਮੰਦਿਰ" ਦੇਖਣ ਲਈ ਰਵਾਨਾ ਹੋ ਗਏ। ਇਹ ਸ਼ਿਵ ਮੰਦਿਰ ਕਾਫੀ ਪੁਰਾਣਾ ਅਤੇ ਵਿਸ਼ਵ ਪ੍ਰਸਿੱਧ ਮੰਦਿਰ ਹੈ। ਇੱਥੇ ਘੁੰਮਦੇ ਹੋਏ ਹਨੇਰਾ ਹੋ ਚੁੱਕਾ ਸੀ। ਉੱਚੇ - ਉੱਚੇ ਪਰਬਤ ਮਨ ਨੂੰ ਮੋਹਿਤ ਕਰ ਰਹੇ ਸਨ.ਫੇਰ ਅਸੀਂ ਭਾਰਤ ਦੀ ਪੈਰਾਗਲਾਈਡਿੰਗ ਰਾਜਧਾਨੀ ਬੀਰ - ਬਿਲਿੰਗ ਲਈ ਅੱਗੇ ਵੱਧ ਗਏ। ਦੱਸਣਯੋਗ ਹੈ ਕਿ ਬੀਰ ਅਤੇ ਬਿਲਿੰਗ ਦੋ ਅਲੱਗ - ਅਲੱਗ ਥਾਵਾਂ ਹਨ। ਬਿਲਿੰਗ ਉੱਚੀ ਪਹਾੜੀ 'ਤੇ ਸਥਿਤ ਸਥਾਨ ਹੈ। ਬਿਲਿੰਗ ਦੀ ਦੂਰੀ ਬੀਰ ਤੋਂ ਲਗਭਗ 14 ਕਿਲੋਮੀਟਰ ਹੈ। ਬੀਰ - ਬਿਲਿੰਗ ਪਹਾੜੀ ਸਥਾਨ 'ਤੇ ਰਾਸ਼ਟਰੀ ਪੱਧਰ ਦੇ ਪੈਰਾਗਲਾਈਡਿੰਗ ਮੁਕਾਬਲੇ ਕਰਵਾਏ ਗਏ ਸਨ। ਫਿਰ ਇਹ ਸਥਾਨ ਪੈਰਾਗਲਾਈਡਿੰਗ ਲਈ ਵਿਸ਼ਵ ਪ੍ਰਸਿੱਧ ਹੋ ਗਿਆ। ਬਿਲਿੰਗ ਭਾਰਤ ਦਾ ਪਹਿਲਾ ਸਭ ਤੋਂ ਵੱਡਾ ਅਤੇ ਏਸ਼ੀਆ ਦਾ ਦੂਸਰਾ ਸਭ ਤੋਂ ਵੱਡਾ ਪੈਰਾਗਲਾਈਡਿੰਗ ਸਥਾਨ ਹੈ। ਇੱਥੇ ਸੈਲਾਨੀ ਅਧਿਆਤਮਕ ਸਟੱਡੀ , ਮੈਡੀਟੇਸ਼ਨ , ਟਰੈਕਿੰਗ , ਸਾਈਕਲਿੰਗ ਕਰਨ , ਘੁੰਮਣ - ਫਿਰਨ ਅਤੇ ਕੁਦਰਤ ਨੂੰ ਨਿਹਾਰਨ ਲਈ ਆਉਂਦੇ ਹਨ। ਇਹ ਕੁਦਰਤ - ਪ੍ਰੇਮੀਆਂ ਦਾ ਮਨਭਾਉਂਦਾ ਸਥਾਨ ਹੈ। ਪੈਰਾਗਲਾਈਡਿੰਗ ਕਰਨ ਲਈ ਬੀਰ ਵਿਖੇ ਬੁਕਿੰਗ ਕਰਵਾਈ ਜਾਂਦੀ ਹੈ। ਕੁਝ ਕਾਗਜ਼ੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਲਗਭਗ ਤਿੰਨ ਹਜ਼ਾਰ ਇੱਕ ਸੌ ਪੰਜਾਹ ਰੁਪਏ ਜਮਾਂ ਕਰਵਾ ਕੇ ਪ੍ਰਬੰਧਕ ਤੁਹਾਨੂੰ ਬਿਲਿੰਗ ਦੇ ਪਹਾੜੀ ਸਥਾਨ 'ਤੇ ਲੈ ਜਾਂਦੇ ਹਨ। ਬੀਰ - ਬੀਲਿੰਗ ਹਿਮਾਚਲ - ਪ੍ਰਦੇਸ਼ ਦੇ ਕਾਂਗੜਾ ਜ਼ਿਲੇ ਵਿੱਚ ਸਥਿਤ ਹੈ। ਬੈਜਨਾਥ ਮੰਦਿਰ ਦੇਖਣ ਤੋਂ ਬਾਅਦ ਅਸੀਂ ਬੀਰ ਵਿਖੇ ਰਾਤ ਠਹਿਰਨਾ ਸੀ , ਪਰ ਅਸੀਂ ਰਸਤਾ ਭਟਕ ਗਏ ਤੇ ਰਾਤ ਦੇ ਗਹਿਰੇ ਹਨੇਰੇ ਵਿੱਚ ਬਿਲਿੰਗ ਦੀ ਉੱਚੀ ਪਹਾੜੀ 'ਤੇ ਚੜ੍ਹਨ ਲੱਗ ਪਏ। ਇਹ ਰਸਤਾ ਬਹੁਤ ਸੁੰਨਸਾਨ ਹੈ। ਫਿਰ ਇੱਕ ਗੱਡੀ ਵਾਲੇ ਤੋਂ ਸਲਾਹ ਲੈ ਕੇ ਵਾਪਸ ਬੀਰ ਲਈ ਹੇਠਾਂ ਵੱਲ ਆਪਣੀ ਗੱਡੀ ਸਮੇਤ ਚੱਲ ਪਏ ; ਬਿਲਿੰਗ ਦੇ ਉੱਚੇ ਪਹਾੜੀ ਸਥਾਨ 'ਤੇ ਰਾਤ ਨੂੰ ਠਹਿਰਣ ਦਾ ਕੋਈ ਪ੍ਰਬੰਧ ਨਹੀਂ ਹੈ। ਹਾਂ ! ਬਿਲਿੰਗ ਪਿਕਨਿਕ ਮਨਾਉਣ ਲਈ ਵਧੀਆ ਥਾਂ ਹੈ। ਸਾਡੀ ਗੱਡੀ ਦਾ ਡਰਾਈਵਰ ਮਾਨ ਸਿੰਘ ਪਹਾੜੀ ਰਸਤਿਆਂ ਦਾ ਬਹੁਤ ਤਜ਼ਰਬੇਕਾਰ ਸੀ। ਰਾਤ ਲੱਗਭੱਗ 10 ਵਜੇ ਅਸੀਂ ਬੀਰ ਵਿਖੇ ਪਹੁੰਚ ਗਏ ਤੇ ਰਾਤ ਠਹਿਰਣ ਲਈ ਸਥਾਨ ਲੱਭਣ ਲੱਗੇ। ਰਾਤ ਲਗਭਗ 11 ਕੁ ਵਜੇ ਅਸੀਂ ਇੱਥੋਂ ਦੇ "ਮੰਕੀ ਮੱਡ ਕੈਫ਼ੇ" 'ਤੇ ਪਹੁੰਚੇ। ਇੱਥੇ ਇੱਕ ਹਜ਼ਾਰ ਰੁਪਏ ਪ੍ਰਤੀ ਵਿਅਕਤੀ ਦੇ ਖਰਚ 'ਤੇ ਕੈਂਪ ਵਿੱਚ ਰਹਿਣ ਅਤੇ ਰਾਤ ਤੇ ਸਵੇਰ ਦੇ ਰੋਟੀ - ਟੁੱਕ ਦਾ ਪ੍ਰਬੰਧ ਹੁੰਦਾ ਹੈ। ਸੰਗੀਤ ਦੇ ਨਾਲ਼ - ਨਾਲ਼ ਰਾਤ ਨੂੰ " ਬੋਨ - ਫਾਇਰ " ਦਾ ਅਨੰਦ ਇੱਥੇ ਲਿਆ ਜਾ ਸਕਦਾ ਹੈ। ਮੰਕੀ ਮੱਡ ਕੈਫ਼ੇ ਦਾ ਰਾਤ ਦਾ ਸ਼ਾਂਤ - ਇਕਾਂਤ ਤੇ ਸੰਗੀਤਮਈ ਮਨਮੋਹਕ ਮਾਹੌਲ ਸਾਨੂੰ ਇੱਕ ਵੱਖਰੇ ਸੰਸਾਰ ਦਾ ਅਨੁਭਵ ਕਰਵਾ ਰਿਹਾ ਸੀ। ਮੰਕੀ ਮੱਡ ਕੈਫ਼ੇ 'ਤੇ ਤੁਸੀਂ ਰਾਤ ਨੂੰ ਸੰਗੀਤਮਈ ਪਾਰਟੀ ਕਰ ਸਕਦੇ ਹੋ ਤੇ ਸਾਲਗਿਰਹਾ ਜਾਂ ਜਨਮ - ਦਿਨ ਆਦਿ ਵੀ ਬਹੁਤ ਵਧੀਆ ਤੇ ਸੁਚੱਜੇ ਢੰਗ ਨਾਲ ਰਾਤ ਦੀ ਸ਼ਾਂਤੀ ਵਿੱਚ ਮਨਾ ਸਕਦੇ ਹੋ। ਮੰਕੀ ਮੱਡ ਕੈਫ਼ੇ ਇੱਕ ਕੈਂਪਿੰਗ ਸਾਈਟ ਹੈ। ਤੁਸੀਂ ਇੱਥੇ ਰਾਤ ਦੇ ਸੁਹਾਵਣੇ ਮਾਹੌਲ 'ਚ ਗੀਤ ਗਾਉਣ ਦਾ ਆਪਣਾ ਸ਼ੌਕ ਵੀ ਪੂਰਾ ਕਰ ਸਕਦੇ ਹੋ। ਕੁਝ ਵੱਖਰਾ ਖਾਣ ਜਾਂ ਕਰਨ ਲਈ ਤੁਸੀਂ ਵੱਖਰੇ ਤੌਰ 'ਤੇ ਆਰਡਰ ਕਰ ਸਕਦੇ ਹੋ। ਕਈ ਲੋਕ ਘੁਮੱਕੜੀ ਕਰਦੇ ਹੋਏ ਇਨ੍ਹਾਂ ਸ਼ਾਂਤ ਸਥਾਨਾਂ 'ਤੇ ਪ੍ਰਬੰਧਕਾਂ ਨਾਲ਼ ਹੈਂਕੜਬਾਜੀ ਦਿਖਾਉਣ ਤੋਂ ਗੁਰੇਜ਼ ਨਹੀਂ ਕਰਦੇ ,

(ਚੱਲਦਾ)

ਕਾਲਜ ਵਿਖੇ ਵੋਟਰ ਦਿਵਸ ਮਨਾਇਆ ਗਿਆ

ਧੂਰੀ, 24 ਜਨਵਰੀ, (ਹਰਨੇਕ ਸਿੰਘ ਪੇਧਨੀ)- ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਦੀ ਅਗਵਾਈ ਵਿੱਚ ਵੋਟਰ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਤਹਿਤ ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਰਾਜਨੀਤੀ ਸਾਸ਼ਤਰ ਵਿਸ਼ੇ ਦੇ ਅਧਿਆਪਕ ਡਾ. ਸੁਭਾਸ਼ ਕੁਮਾਰ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੇ ਜੀਵਨ ਵਿੱਚ ਸਹੀ ਵਿਅਕਤੀ ਨੂੰ ਵੋਟ ਕਰਨ ਦੇ ਮਹੱਤਵ ਬਾਰੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਭਾਸ਼ਣ ਮੁਕਾਬਲੇ ਵਿੱਚ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਅਮਨਦੀਪ ਕੌਰ ਅਤੇ ਚਹਿਲ ਨੇ ਪ੍ਰਾਪਤ ਕੀਤਾ। ਜਦੋਂ ਕਿ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪ੍ਰਭਜੋਤ ਕੌਰ ਅਤੇ ਉਨੀਸ਼ਾ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ।

ਮੰਚ ਸੰਚਾਲਨ ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਡਾ. ਅਸ਼ੋਕ ਕੁਮਾਰ ਵੱਲੋਂ ਕੀਤਾ ਗਿਆ। ਇਸ ਸਮੇਂ ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਡਾ. ਊਸ਼ਾ ਰਾਣੀ ਅਤੇ ਕੋਆਰਡੀਨੇਟਰ ਰੈਡ ਰਿਬਨ ਕਲੱਬ ਡਾ. ਰਾਕੇਸ਼ ਕੁਮਾਰ ਮੌਜੂਦ ਰਹੇ।

ਜੈ ਮਾਂ ਜਵਾਲਾ ਜੀ ਮੰਦਿਰ ਵਿੱਚ ਕਰਵਾਇਆ ਹਵਨ ਯੱਗ

ਸਰਦੂਲਗੜ੍ਹ, 24 ਜਨਵਰੀ (ਗੁਰਜੀਤ ਸਿੰਘ ਸੰਧੂ)- ਸ਼ਹਿਰ ਦੇ ਜੈ ਮਾਂ ਜਵਾਲਾ ਮਾਇਸਰ ਮੰਦਿਰ ਦੇ ਸੰਸਥਾਪਕ ਮਹਿਰੂਮ ਪੁਜਾਰੀ ਹਰਭਗਵਾਨ ਦਾਸ ਦੇ ਪੁੱਤਰ ਪੁਜਾਰੀ ਭੁਪੇਸ਼ ਸ਼ਰਮਾ, ਕਮਲ ਸ਼ਰਮਾ ਵਲੋਂ ਸਥਾਨਕ ਮੰਦਿਰ ਵਿੱਚ ਕਮੇਟੀ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਭਗਵਾਨ ਸ੍ਰੀ ਰਾਮਚੰਦਰ ਜਨਮ ਭੂਮੀ ਅਯੁੱਧਿਆ ਵਿੱਚ 500 ਸਾਲਾਂ ਬਾਅਦ ਪ੍ਰੰਭੂ ਦੇ ਘਰ ਵਾਪਿਸੀ ਨੂੰ ਲੈ ਕੇ ਹਵਨ ਯੱਗ ਅਤੇ ਮੰਤਰ ਦੇਵ ਪੂਜਾ ਕੀਤੀ ਗਈ। ਮੰਦਿਰ ਸੰਭਾਲ ਕਮੇਟੀ ਪ੍ਰਬੰਧਕ ਬ੍ਰਿਸ਼ਭਾਨ ਗਰਗ ਅਤੇ ਲਕਸ਼ਮੀ ਨਰਾਇਣ ਰੀਟਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਹਾਉਤਸਵ ਤੇ ਮੰਦਿਰ ਵਿੱਚ ਦਾ ਹਵਨ ਯੱਗ ਅਤੇ ਵਿਸ਼ਾਲ ਲੰਗਰ ਦੀ ਵਿਵਸਥਾ ਕੀਤੀ ਗਈ । ਇਸ ਮੌਕੇ ਮਹਿਲਾਂ ਕੀਰਤਨ ਮੰਡਲੀ ਭੈਣਾਂ ਵਲੋਂ ਭਗਵਾਨ ਸ੍ਰੀ ਰਾਮ ਦਾ ਗੁਣਗਾਣ ਕੀਤਾ ਗਿਆ। ਇਸ ਮੌਕੇ ਅਗਰਵਾਲ ਸਭਾ ਸਰਦੂਲਗੜ੍ਹ ਪ੍ਰਧਾਨ ਸੰਜੀਵ ਸਿੰਗਲਾ, ਦੀਪੂ ਜਿੰਦਲ,ਪਾਰਸ਼ ਉਪਲ, ਅਸ਼ੋਕ ਬਰੇਟਾ ਆਦਿ ਸੇਵਾਦਾਰਾਂ ਤੋ ਇਲਾਵਾ ਸੈਕੜੇ ਰਾਮ ਭਗਤਾਂ ਨੇ ਹਾਜਰੀ ਦਿੱਤੀ।

ਸਤਨਾਮ ਜਲਾਲਪੁਰ ਨੇ ਪਿੰਡ ਮਜਾਰਾ ਅਤੇ ਮਾਜਰੀ ਨੂੰ ਦਿੱਤੀ ਇੱਕ ਇੱਕ ਲੱਖ ਦੀ ਗ੍ਰਾਂਟ

ਬਲਾਚੌਰ , ਕਾਠਗੜ੍ਹ 24 ਜਨਵਰੀ (ਜਸਵਿੰਦਰ ਮਜਾਰਾ)- ਸਤਨਾਮ ਚੇਚੀ ਜਲਾਲਪੁਰ,ਚੇਅਰਮੈਨ ਜ਼ਿਲਾ ਯੋਜਨਾ ਕਮੇਟੀ ਅਤੇ ਜ਼ਿਲਾ ਪ੍ਰਧਾਨ, ਆਮ ਆਦਮੀ ਪਾਰਟੀ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਖੇਡਾਂ ਦੇ ਸਾਮਾਨ ਅਤੇ ਓਪਨ ਜਿਮ ਲਈ ਪਿੰਡ ਮਜਾਰਾ ਅਤੇ ਮਾਜਰੀ ਦੀ ਪੰਚਾਇਤ ਨੂੰ ਇੱਕ ਲੱਖ ਰੁਪਏ ਦੀ ਗ੍ਰਾਂਟ ਦਿੱਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਆਮ ਲੋਕਾਂ ਨੂੰ ਸਿਹਤਮੰਦ ਰੱਖਣ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਹੈ। ਪੰਜਾਬ ਸਰਕਾਰ ਨੇ ਨਵੀਂ ਖੇਡ ਪਾਲਿਸੀ ਲਿਆਂਦੀ ਹੈ ।ਜਿਸ ਵਿਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਸਾਰਥਕ ਕਦਮ ਚੁੱਕੇ ਜਾ ਰਹੇ ਹਨ । ਅਤੇ ਖਿਡਾਰੀਆਂ ਨੂੰ ਖੇਡਾਂ ਦੀ ਤਿਆਰੀ ਕਰਨ ਲਈ ਵੀ ਮਾਲੀ ਮਦਦ ਕੀਤੀ ਜਾ ਰਹੀ ਹੈ। ਇਸ ਮੌਕੇ ਤੇ ਉਹਨਾਂ ਨਾਲ ਦਿਲਾਵਰ ਸਿੰਘ ਸਰਪੰਚ ਮਜਾਰਾ, ਬਲਵੀਰ ਸਿੰਘ ਯੂ ਐੱਸ ਏ, ਜੋਗਿੰਦਰ ਪਾਲ ਚਾਂਦਲਾਂ, ਜਗਜੀਤ ਸਿੰਘ ਗਿੱਲ, ਦਿਲਵਰ ਸਿੰਘ ਖਟਕੜ,ਸੁਰਿੰਦਰ ਸਿੰਘ,ਜੋਗਾ ਸਿੰਘ ਹੀਰ, ਨਰਿੰਦਰ ਸਿੰਘ ਰਾਜਾ, ਤਾਰਾ ਸਿੰਘ, ਮੱਖਣ ਸਿੰਘ, ਸਤਨਾਮ ਸਿੰਘ ਦਿਆਲ, ਤੇਜਵੀਰ ਰੱਕੜ,ਹਰਭਜਨ ਸਿੰਘ ਅਤੇ ਮਜਾਰੀ ਤੋਂ ਕਰਮਪਾਲ ਸਿੰਘ ਬਲਾਕ ਪ੍ਰਧਾਨ, ਸਰਪੰਚ ਅਵਤਾਰ ਸਿੰਘ , ਬਲਜੀਤ ਸਿੰਘ ਬੱਲੀ, ਸੁਖਵਿੰਦਰ ਸਿੰਘ ਸੁੱਖਾ, ਸੁਖਵਿੰਦਰ ਸਿੰਘ ਪਨੇਸਰ, ਹਰਪਾਲ ਸਿੰਘ , ਰੁਪਿੰਦਰ ਸਿੰਘ ਗਿੱਲ, ਬਹਾਦਰ ਸਿੰਘ ਗਿੱਲ , ਅਜ਼ਮੇਰ ਸਿੰਘ ਰੱਕੜ ਆਦਿ ਹਾਜਿਰ ਸਨ।

ਸਮੁੱਚੇ ਕਲੱਬ ਮੈਂਬਰ ਇੱਕ ਪਰਿਵਾਰ ਦੀ ਤਰ੍ਹਾਂ ਹਨ - ਹਰਪ੍ਰੀਤ ਸੰਧੂ

ਪਟਿਆਲਾ, 24 ਜਨਵਰੀ, (ਜਸਵਿੰਦਰ ਜੁਲਕਾ)— ਜਿਮਖਾਨਾ ਚੋਣਾਂ ਵਿੱਚ ਲਗਾਤਾਰ ਦੂਜੀ ਵਾਰ ਤੇ ਤੀਜੀ ਵਾਰ ਸਕੱਤਰ ਬਣੇ ਹਰਪ੍ਰੀਤ ਸੰਧੂ ਨੇ ਕਿਹਾ ਕਿ ਕਲੱਬ ਅੰਦਰ ਵਧੀਆ ਸੁਵਿਧਾਵਾਂ ਦੇਣਾ ਅਤੇ ਕਲੱਬ ਮੈਂਬਰਾਂ ਦੀ ਹਰ ਸੁੱਖ ਸੁਵਿਧਾ ਦਾ ਧਿਆਨ ਰੱਖਣਾ ਅਤੇ ਉਨ੍ਹਾਂ ਦੀ ਹਰ ਗੱਲ ਦਾ ਧਿਆਨ ਰੱਖਣਾ, ਉਹਨਾਂ ਦੀ ਟੀਮ ਦਾ ਮੁੱਖ ਏਜੰਡਾ ਹੈ। ਕਿਉਂਕਿ ਸਮੁੱਚੇ ਕਲੱਬ ਮੈਂਬਰ ਉਨਾਂ ਲਈ ਇੱਕ ਪਰਿਵਾਰ ਦੀ ਤਰ੍ਹਾਂ ਹਨ। ਅੱਜ ਇਸ ਮੌਕੇ ਐਡ. ਦਵਿੰਦਰ ਸਿੰਘ ਧੂਰੀ ਰਿਟਾਇਰਡ ਡੀ.ਆਈ.ਜੀ ਪੰਜਾਬ ਪੁਲਿਸ ਅਤੇ ਹਰਮਨਜੀਤ ਸਿੰਘ ਨੇ ਹਰਪ੍ਰੀਤ ਸੰਧੂ ਨੂੰ ਕਲੱਬ ਦਾ ਲਗਾਤਾਰ ਦੂਜੀ ਵਾਰ ਕਲੱਬ ਦਾ ਸਕੱਤਰ ਬਣਨ ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ। ਉਹਨਾਂ ਅੱਗੇ ਕਿਹਾ ਕਲੱਬ ਮੈਂਬਰਾਂ ਨੇ ਬੜੀ ਸੂਝ- ਬੂਝ ਨਾਲ ਵੋਟਾਂ ਪਾਕੇ ਜਿਮਖਾਨਾ ਕਲੱਬ ਦੀ ਐਗਜ਼ੀਕਿਊਟਿਵ ਟੀਮ ਨੂੰ ਚੁਣਿਆ ਹੈ। ਜਿਸ ਲਈ ਸਾਰੇ ਹੀ ਕਲੱਬ ਮੈਂਬਰ ਵਧਾਈ ਦੇ ਪਾਤਰ ਹਨ।

ਸਿੱਖਿਆ ਦੇ ਖੇਤਰ ਵਿੱਚ ਪੰਜਾਬ ਮਾਰ ਰਿਹਾ ਮੱਲਾਂ: ਪ੍ਰਭਜੋਤ ਕੌਰ

ਮੋਹਾਲੀ, 24 ਜਨਵਰੀ (ਗੁਰਵਿੰਦਰ ਸਿੰਘ)- ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ- ਨਿਰਦੇਸ਼ਾਂ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਸਰਕਾਰੀ ਹਾਈ ਸਕੂਲ ਫੇਜ਼-5, ਮੋਹਾਲੀ ਵਿਖੇ ਪੇਵਰ ਬਲਾਕ ਲਾਉਣ ਦੀ ਸ਼ੁਰੂਆਤ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਨ ਸ਼੍ਰੀਮਤੀ ਪ੍ਰਭਜੋਤ ਕੌਰ ਨੇ ਕਰਵਾਈ, ਜਿਸ ਲਈ ਉਹਨਾਂ ਨੇ ਡੀ.ਪੀ.ਸੀ. ਫੰਡ ਵਿਚੋਂ 04.5 ਲੱਖ ਰੁਪਏ ਦਿੱਤੇ ਹਨ। ਇਸ ਮੌਕੇ ਸ਼੍ਰੀਮਤੀ ਪ੍ਰਭਜੋਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਸਕੂਲ ਦੇ ਮੁੱਖ ਗੇਟ ਤੋਂ ਲੈ ਕੇ ਕਲਾਸ ਰੂਮਜ਼ ਤੱਕ ਦੀ ਥਾਂ ਕੱਚੀ ਹੋਣ ਕਾਰਨ ਬਰਸਾਤਾਂ ਵਿੱਚ ਵਿਦਿਆਰਥੀਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਦੇ ਮੱਦੇਨਜ਼ਰ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਨ ਨੇ ਦੱਸਿਆ ਕਿ ਸਿੱਖਿਆ ਦੇ ਪੱਧਰ ਵਿੱਚ ਸੁਧਾਰ ਕਰਨ ਦੇ ਲਈ ਦੇਸ਼ ਵਿੱਚ ਪਹਿਲੀ ਵਾਰ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਵਿਖੇ ਪੜ੍ਹਾਈ ਦਾ ਮਿਆਰ ਅਤੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਹਾਸਿਲ ਕਰਨ ਦੇ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਭੇਜਿਆ ਗਿਆ, ਤਾਂ ਜੋ ਪੰਜਾਬ ਦੇ ਵਿਦਿਆਰਥੀਆਂ ਦੇ ਆਤਮ - ਵਿਸ਼ਵਾਸ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਉਹ ਸਫਲਤਾ ਹਾਸਿਲ ਕਰ ਸਕਣ। ਸ਼੍ਰੀਮਤੀ ਪ੍ਰਭਜੋਤ ਕੌਰ ਨੇ ਕਿਹਾ ਕਿ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਇਨਕਲਾਬੀ ਤਬਦੀਲੀਆਂ ਲਿਆਉਣ ਵਾਸਤੇ ਯਤਨਸ਼ੀਲ ਹੈ, ਜਿਸ ਵਿੱਚ ਸਕੂਲਾਂ ਦੀਆਂ ਇਮਾਰਤਾਂ ਦੇ ਸੁੰਦਰੀਕਰਨ ਦੇ ਨਾਲ-ਨਾਲ ਸਿੱਖਿਆ ਦੀ ਗੁਣਵੱਤਾ ਦੇ ਸੁਧਾਰ ਵਾਸਤੇ ਵੀ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਪ੍ਰਿੰਸੀਪਲ ਭਾਰਤ ਭੂਸ਼ਨ ਬੇਰੀ, ਯੂਥ ਪ੍ਰਧਾਨ ਅਨੂ ਬੱਬਰ, ਪ੍ਰਭਜੋਤ ਕੌਰ ਜੋਤੀ, ਜਸਪਾਲ ਕਾਉਣੀ, ਰਣਜੀਤਪਾਲ ਸਿੰਘ, ਸੁਰਿੰਦਰ ਸਿੰਘ, ਨਿਰਪਜੀਤ ਸਿੰਘ, ਬਲਬੀਰ ਸਿੰਘ ਆਦਿ ਹਾਜ਼ਰ ਸਨ।

ਸੜਕ ਸੁਰੱਖਿਆ ਮਹੀਨਾ ਤਹਿਤ ਬਾਬਾ ਭਾਈ ਗੁਰਦਾਸ ਟਰੱਕ ਯੂਨੀਅਨ ਵਿਖੇ ਅੱਖਾਂ ਦੀ ਸਕਰੀਨਿੰਗ ਟੈਸਟ ਲਈ ਲਗਾਇਆ ਕੈਂਪ

ਮਾਨਸਾ, 24 ਜਨਵਰੀ (ਨਰੇਸ਼ ਕੁਮਾਰ ਰਿੰਪੀ)- ਪੰਜਾਬ ਸਰਕਾਰ ਵੱਲੋਂ 15 ਜਨਵਰੀ ਤੋਂ 14 ਫਰਵਰੀ 2024 ਤੱਕ ਸੜਕ ਸੁਰੱਖਿਆ ਮਹੀਨਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਸਿਵਲ ਸਰਜਨ ਡਾ.ਰਣਜੀਤ ਸਿੰਘ ਰਾਏ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਬਾਬਾ ਭਾਈ ਗੁਰਦਾਸ ਟਰੱਕ ਯੂਨੀਅਨ ਮਾਨਸਾ ਵਿਖੇ ਜ਼ਿਲਾ ਪੁਲਿਸ ਮਾਨਸਾ ਦੇ ਸਹਿਯੋਗ ਨਾਲ ਅੱਖਾਂ ਦਾ ਸਕਰੀਨਿੰਗ ਕੈਂਪ ਲਗਾਇਆ ਗਿਆ। ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਉਪ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ ਕਿ ਧੁੰਦ ਦੇ ਮੌਸਮ ਨੂੰ ਦੇਖਦਿਆਂ ਟਰੱਕ ਚਾਲਕ ਦੀ ਦ੍ਰਿਸ਼ਟੀ ਬਹੁਤ ਮਹੱਤਵਪੂਰਨ ਹੈ। ਉਨ ਾਂ ਕਿਹਾ ਕਿ ਜੇਕਰ ਚਾਲਕ ਨੂੰ ਸਾਫ ਦਿਖਾਈ ਦੇ ਰਿਹਾ ਹੈ, ਤਾਂ ਹਾਦਸਿਆਂ ਤੋਂ ਬਚਿਆ ਜਾ ਸਕਦਾ ਹੈ। ਇਸ ਲਈ ਟਰੱਕ ਚਾਲਕਾਂ ਨੂੰ ਸਮੇਂ ਸਮੇਂ ਸਿਰ ਮਾਹਿਰ ਡਾਕਟਰ ਕੋਲ ਅੱਖਾਂ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਟਰੱਕ ਚਾਲਕਾਂ ਨੂੰ ਟਰੈਫਿਕ ਨਿਯਮਾਂ ਤੋਂ ਜਾਣੂ ਕਰਵਾਉਣ ਲਈ ਵਿੱਢੀ ਮੁਹਿੰਮ ਤਹਿਤ ਕੈਂਪ ਦੌਰਾਨ ਏ.ਐਸ.ਆਈ. ਸੁਰੇਸ਼ ਕੁਮਾਰ ਵੱਲੋਂ ਮਾਨਸਾ ਦੇ ਟਰੱਕ ਚਾਲਕਾਂ ਨੂੰ ਟ੍ਰੈਫ਼ਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਗਿਆ। ਉਨ ਾਂ ਕਿਹਾ ਕਿ ਆਵਾਜਾਈ ਦੇ ਨਿਯਮਾਂ ਸਬੰਧੀ ਹਰ ਵਿਅਕਤੀ ਨੂੰ ਜਾਣਕਾਰੀ ਹੋਣੀ ਲਾਜਮੀ ਹੈ। ਸਾਨੂੰ ਸਾਰਿਆਂ ਨੂੰ ਆਵਾਜਾਈ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਵਾਹਨ ਚਲਾਉਣੇ ਚਾਹੀਦੇ ਹਨ, ਤਾਂ ਜੋ ਕਿਸੇ ਵੀ ਅਣਗਹਿਲੀ ਨਾਲ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਉਨ ਾਂ ਕਿਹਾ ਕਿ ਸੜ ਕੀ ਹਾਦਸਿਆਂ ਨੂੰ ਰੋਕਣ ਲਈ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।

ਇਸ ਦੌਰਾਨ ਉਨ ਾਂ ਆਟੋ ਚਾਲਕਾਂ ਨੂੰ ਦੱਸਿਆ ਕਿ ਸਾਨੂੰ ਹਮੇਸ਼ਾਂ ਆਪਣੀ ਲਾਈਨ ਵਿੱਚ ਹੀ ਗੱਡੀ ਚਲਾਉਣੀ ਚਾਹੀਦੀ ਹੈ ਅਤੇ ਕਿਸੇ ਵੀ ਤਰ ਾਂ ਦੀ ਜਲਦਬਾਜ਼ੀ ਨਾਲ ਵਾਹਨ ਨਹੀਂ ਚਲਾਉਣਾ ਚਾਹੀਦਾ ਕਿਉਂਕ ਜਲਦਬਾਜ਼ੀ ਨਾਲ ਦੁਰਘਟਨਾਵਾਂ ਹੋਣ ਦਾ ਖ਼ਤਰਾ ਹਮੇਸ਼ਾਂ ਬਣਿਆ ਰਹਿੰਦਾ ਹੈ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ, ਮੈਂਬਰ, ਮੁਨਸ਼ੀ ਬੰਟੀ ਕੁਮਾਰ ਅਤੇ ਐਪਥਾਲਮਿਕ ਅਫ਼ਸਰ ਇੰਦਰਾਜ ਕੁਮਾਰ ਵੱਲੋਂ ਟਰੱਕ ਚਾਲਕਾਂ ਦੀ ਅੱਖਾਂ ਦੀ ਸਕਰੀਨਿੰਗ ਕੀਤੀ ਗਈ।

ਸਟੇਟ ਪਬਲਿਕ ਸਕੂਲ ਨਕੋਦਰ ਵਿਖੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ ਦੇ ਸ਼ੁਭ ਮੌਕੇ 'ਤੇ ਸਕੂਲ 'ਚ ਹੋਈ ਪ੍ਰਾਰਥਨਾ ਸਭਾ

ਨਕੋਦਰ, 24 ਜਨਵਰੀ, (ਅਨਿਲ ਐਰੀ/ ਅਰਵਿੰਦਰ ਸਿੰਘ)- ਸਟੇਟ ਪਬਲਿਕ ਸਕੂਲ ਨਕੋਦਰ ਵਿਖੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ ਦੇ ਸ਼ੁਭ ਮੌਕੇ 'ਤੇ ਸਕੂਲ 'ਚ ਹੋਈ ਪ੍ਰਾਰਥਨਾ ਸਭਾ 'ਚ ਸਕੂਲ ਦੀ ਪ੍ਰਿੰਸੀਪਲ ਡਾ: ਸੋਨੀਆ ਸਚਦੇਵਾ ਨੇ ਸੁਭਾਸ਼ ਚੰਦਰ ਬੋਸ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਦੇ ਜੀਵਨ, ਉਨ੍ਹਾਂ ਦੁਆਰਾ ਕੀਤੇ ਕੰਮਾਂ ਬਾਰੇ ਦੱਸਿਆ। ਦੇਸ਼ ਦੀ ਆਜ਼ਾਦੀ ਅਤੇ ਯੋਗਦਾਨ ਬਾਰੇ ਵੀ ਵਿਦਿਆਰਥੀਆਂ ਨੂੰ ਸਵਾਲ ਪੁੱਛੇ ਗਏ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੇ ਦੇਸ਼ ਭਗਤਾਂ ਦੇ ਜੀਵਨ ਅਤੇ ਕੰਮਾਂ ਤੋਂ ਪ੍ਰੇਰਨਾ ਲੈਣ ਲਈ ਕਿਹਾ।ਇਸ ਮੌਕੇ ਪਹਿਲੀ ਤੋਂ ਤੀਜੀ ਜਮਾਤ ਦੇ ਵਿਦਿਆਰਥੀਆਂ ਦੇ ਪਤੰਗ ਮੇਕਿੰਗ ਅਤੇ ਕਾਰਡ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ। ਵਿਦਿਆਰਥੀਆਂ ਨੇ ਬਹੁਤ ਹੀ ਖ਼ੂਬਸੂਰਤ ਪਤੰਗਾਂ ਅਤੇ ਕਾਰਡ ਬਣਾ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਰਾਸ਼ਟਰੀ ਬਾਲਿਕਾ ਦਿਵਸ ਮੌਕੇ ਪ੍ਰਿੰਸੀਪਲ ਡਾ: ਸੁਮਨ ਡਡਵਾਲ ਨੇ ਬੱਚਿਆਂ ਨੂੰ ਸਰਟੀਫਿਕੇਟ ਵੰਡੇ

ਭਿੱਖੀਵਿੰਡ, 24 ਜਨਵਰੀ, (ਨੀਟੂ ਅਰੋੜਾ ਜਗਤਾਰ ਸਿੰਘ)- ਸ਼ਿਪਸ ਗਰੁੱਪ ਆਫ ਇੰਸਟੀਟਿਊਟ ਰਾਣੀ ਵਲਾਹ ਵਿਖੇ ਚੇਅਰਮੈਨ ਗੁਲਵਿੰਦਰ ਸਿੰਘ ਸੰਧੂ ਅਤੇ ਐਜੂਕੇਸ਼ਨਲ ਡਾਇਰੈਕਟਰ ਸ਼ਰੀਮਤੀ ਨਵਦੀਪ ਕੌਰ ਸੰਧੂ ਦੀ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੁਮਨ ਡਡਵਾਲ ਵੱਲੋਂ ਨੈਸ਼ਨਲ ਸਿੰਗਲ ਗਰਲ ਚਾਇਲਡ ਦਿਨ ਮਨਾਇਆ ਗਿਆ। ਜਿਸ ਵਿਚ ਉਹਨਾਂ ਨੇ ਸਿੰਗਲ ਗਰਲ ਚਾਇਲਡ ਨੂੰ ਐਪਰੀਸੀਏਸ਼ਨ ਸਰਟੀਫਿਕੇਟ ਵੰਡੇ ਤੇ ਉਹਨਾਂ ਦਾ ਹੋਸਲਾ ਅਫਜਾਈ ਕੀਤੀ ਕਿ ਤੁਸੀ ਆਪਣੇ ਮਾਤਾ ਪਿਤਾ ਦੀਆ ਇੱਕਲੀਆਂ ਕੁੜੀਆਂ ਹੋ ਇਸ ਲਈ ਤੁਹਾਨੂੰ ਜਾਂ ਤੁਹਾਡੇ ਮਾਤਾ ਪਿਤਾ ਨੂੰ ਘਬਰਾਉਣ ਦੀ ਜਰੂਰਤ ਨਹੀਂ। ਜੇਕਰ ਤੁਸੀ ਸਹੀ ਰਸਤੇ ਤੇ ਚਲਦਿਆਂ ਵਧੀਆ ਸਿਖਿਆ ਲੈਕੇ ਤੁਸੀ ਕਿਸੇ ਮੁਕਾਮ ਤੇ ਪੁਹੰਚ ਜਾਓ ਤਾਂ ਤੁਸੀ ਇੱਕਲਿਆਂ ਹੀ ਸਵਾ ਲੱਖ ਦੇ ਬਰਾਬਰ ਹੋ ਕਿਉਂਕਿ ਇੱਕ ਬੱਚਾ ਹੀ ਕਾਫੀ ਹੁੰਦਾ ਹੈ ਮਾਂ-ਪਿਉ ਦਾ ਨਾਮ ਬਣਾਉਣ ਲਈ ਜਾਂ ਖ਼ਰਾਬ ਕਰਨ ਲਈ। ਇਸ ਮੌਕੇ ਤੇ ਪ੍ਰਿੰਸੀਪਲ ਡਾਕਟਰ ਸੁਮਨ ਡਡਵਾਲ ਨੇ ਦੱਸਿਆ ਕਿ ਹਰ ਸਾਲ 24 ਜਨਵਰੀ ਨੂੰ, ਰਾਸ਼ਟਰੀ ਬਾਲਿਕਾ ਦਿਵਸ ਮਨਾਉਂਦੇ ਹਨ, ਜੋ ਕਿ 22 ਜਨਵਰੀ, 2015 ਨੂੰ ਪ੍ਰਧਾਨ ਮੰਤਰੀ ਦੀ ਬੇਟੀ ਬਚਾਓ, ਬੇਟੀ ਪੜ੍ਹਾਓ ਯੋਜਨਾ ਦੀ ਸ਼ੁਰੂਆਤੀ ਵਰ੍ਹੇਗੰਢ ਦੀ ਯਾਦ ਦਿਵਾਉਂਦਾ ਹੈ। ਇਸ ਦਿਨ ਦਾ ਮੁੱਖ ਮਕਸਦ ਇਹ ਹੈ ਕਿ ਅਸੀਂ ਸਾਰੇ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰੀਏ, ਔਰਤਾਂ ਦੇ ਅਧਿਕਾਰਾਂ ਦਾ ਸਮਰਥਨ ਕਰੀਏ , ਆਮ ਲੋਕਾਂ ਵਿਚ ਜਾਗਰੂਕਤਾ ਫੈਲਾਈਏ , ਔਰਤ ਸਸ਼ਕਤੀਕਰਨ ਅਤੇ ਸਿੱਖਿਆ, ਸਿਹਤ ਦੇਖ-ਰੇਖ, ਅਤੇ ਇੱਕ ਸੁਰੱਖਿਅਤ ਵਾਤਾਵਰਣ ਲਈ ਉਹਨਾਂ ਦੇ ਅਧਿਕਾਰਾਂ ਨੂੰ ਯਕੀਨੀ ਬਨਾਇਏ । ਉਹਨਾਂ ਦੱਸਿਆ ਕਿ ਬੇਸ਼ਕ ਔਰਤਾਂ ਨੇ ਕਾਫੀ ਤਰੱਕੀ ਕਰ ਲਈ ਹੈ ਪਰ ਵੀ ਅਸੀਂ ਜਿੱਥੇ ਕੁੜੀਆਂ ਨਾਲ ਲਿੰਗ ਅਸਮਾਨਤਾ, ਸਿੱਖਿਆ ਵਿੱਚ ਰੁਕਾਵਟਾਂ, ਸਕੂਲ ਛੱਡਣਾ , ਬਾਲ ਵਿਆਹ ਅਤੇ ਲਿੰਗ-ਅਧਾਰਤ ਹਿੰਸਾ, ਦਾਜ ਵਗੈਰਾਂ ਮੁੱਦੇ ਆਮ ਹਨ। ਉਹਨਾ ਭਾਈਚਾਰੇ, ਸਥਾਨਕ ਸੰਸਥਾਵਾਂ ਅਤੇ ਮੁਖ ਅਗੁਅਆ ਨੂੰ ਅਪੀਲ ਵੀ ਕੀਤੀ ਉਹ ਸਾਰੇ ਇਕੱਲੀਆਂ ਕੁੜੀਆਂ ਦੀ ਸਹਾਇਤਾ ਅਤੇ ਸ਼ਕਤੀਕਰਨ ਲਈ ਪ੍ਰੋਗਰਾਮ, ਹੁਨਰ-ਨਿਰਮਾਣ ਵਰਕਸ਼ਾਪਾਂ, ਆਦਿ ਲਗਾ ਕੇ ਔਰਤ ਨੂੰ ਆਤਮ ਨਿਰਭਰ ਕਰਨ ਵਿਚ ਮਦਦ ਕਰ ਸਕਦੇ ਹਨ । ਇਸ ਮੌਕੇ ਤੇ ਸਾਹ ਹਰਬੰਸ ਸਿੰਘ ਦੇ ਪ੍ਰਿੰਸੀਪਲ ਨਿਰਭੈ ਸਿੰਘ ਸਟਾਫ਼ ਤੇ ਵਿਦਿਆਰਥੀ ਹਾਜਿਰ ਸਨ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਬਲਾਕ ਮਹਿਲ ਕਲਾਂ ਵਲੋਂ 26 ਜਨਵਰੀ ਨੂੰ ਟਰੈਕਟਰ ਮਾਰਚ ਵਿੱਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨਗ

ਮਹਿਲ ਕਲਾਂ, 24 ਜਨਵਰੀ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਬਲਾਕ ਮਹਿਲ ਕਲਾਂ ਵਲੋਂ 26 ਜਨਵਰੀ ਨੂੰ ਟਰੈਕਟਰ ਮਾਰਚ ਵਿੱਚ ਕਿਸਾਨ ਪਿੰਡਾਂ ਵਿੱਚੋਂ ਆਪ ਮੁਹਾਰੇ ਹੋਣਗੇ ਸ਼ਾਮਲ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਬਲਾਕ ਪ੍ਰਧਾਨ ਸ਼ਿੰਗਾਰਾ ਸਿੰਘ ਛੀਨੀਵਾਲ ਅਤੇ ਮੀਤ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਕਿਸਾਨਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ ਜਿਸ ਕਰਕੇ ਲੋਕਾਂ ਵਿੱਚ ਭਾਰੀ ਰੋਸ ਹੈ। ਕਿਸਾਨ ਸੜਕਾਂ ਤੇ ਆਪਣੇ ਟਰੈਕਟਰਾਂ ਰਾਹੀਂ ਦੇਸ਼ ਦੇ ਅਜ਼ਾਦੀ ਵਾਲੇ ਦਿਨ ਨੂੰ ਖ਼ੁਸ਼ੀ ਵਜੋਂ ਨਹੀਂ ਸਗੋਂ ਰੋਸ ਵਜੋਂ ਮਨਾਉਣਗੇ। ਜਦੋਂ ਤੱਕ ਫਸਲਾਂ ਦੀ ਐਮ ਐਸ ਪੀ ਨੂੰ ਲਾਗੂ ਨਹੀਂ ਕੀਤਾ ਜਾਂਦਾ ਅਤੇ ਬਜ਼ੁਰਗਾਂ ਦੀਆਂ ਪੈਨਸ਼ਨਾਂ ਨਹੀਂ ਲਗਾਈਆਂ ਜਾਂਦੀਆਂ ਸੰਘਰਸ਼ ਜਾਰੀ ਰਹੇਗਾ। ਖੇਤੀ ਟੈਕਸ ਲਗਾਉਣ ਵਰਗੇ ਕਿਸਾਨਾਂ ਨੂੰ ਡਰਾਵੇ ਦੇਣੇ ਸਰਕਾਰ ਬੰਦ ਕਰੇ। ਬਿਜਲੀ ਚੈਪ ਵਾਲੇ ਮੀਟਰਾਂ ਦੀ ਨੀਤੀ ਲੋਕਾਂ ਲਈ ਖਤਰਨਾਕ ਹੈ ਜਿਸ ਨੂੰ ਤੁਰੰਤ ਰੱਦ ਕੀਤਾ ਜਾਵੇ। ਸੋ ਕਿਸਾਨ 26 ਜਨਵਰੀ ਨੂੰ ਹਰ ਘਰ ਤੋਂ ਟਰੈਕਟਰ ਲੈਕੇ ਸ਼ਾਂਤ ਮਈ ਮਾਰਚ ਵਿੱਚ ਸ਼ਾਮਲ ਹੋਣ। ਹਾਕਮ ਸਿੰਘ ਛੀਨੀਵਾਲ ਕਲਾਂ ਸੂਬਾ ਆਗੂ ,ਇਕਾਈ ਚੰਨਣਵਾਲ ਦੇ ਪ੍ਰਧਾਨ ਹਰਬੰਸ ਸਿੰਘ, ਕਰਨ ਸਿੰਘ ਮਹਿਲ ਕਲਾਂ, ਜਸਵੀਰ ਸਿੰਘ ਵਜੀਦਕੇ, ਗੁਰਚਰਨ ਸਿੰਘ ਮੂੰਮ, ਪਾਲ ਸਿੰਘ ਛੀਨੀਵਾਲ,ਮੰਦਰ ਸਿੰਘ, ਕੁਲਦੀਪ ਸਿੰਘ,ਬਿੰਦਰ ਸਿੰਘ, ਜਸਵੀਰ ਸਿੰਘ, ਹਾਜ਼ਰ ਸਨ।

ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ

ਲੁਧਿਆਣਾ, 24 ਜਨਵਰੀ (ਕਰਨੈਲ ਸਿੰਘ ਐੱਮ.ਏ.) - ਗੁਰਦੁਆਰਾ ਸ਼ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੀਤੀ ਸ਼ਾਮ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਦਸ਼ਮੇਸ਼ ਪਿਤਾ ਸ਼ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਭਾਈ ਕੰਵਲਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਕੀਰਤਨ ਸਮਾਗਮ ਨੂੰ ਇੱਕ ਉਪਦੇਸ਼ਕ ਸਮਾਗਮ ਦੱਸਦਿਆਂ ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਧਰਮ ਦੇ ਮਾਰਗ ਉੱਪਰ ਚੱਲਣ ,ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ। ਇਸ ਦੌਰਾਨ ਭਾਈ ਗੁਰਦਿੱਤ ਸਿੰਘ ਦੇ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਓ ਬਖਸ਼ਿਸ਼ ਕਰਕੇ ਸਨਮਾਨਿਤ ਵੀ ਕੀਤਾ ਗਿਆ।

ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍.ਇੰਦਰਜੀਤ ਸਿੰਘ ਮੱਕੜ ,ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਦੇ ਪ੍ਰਮੁੱਖ ਮੈਂਬਰ ਇੰਦਰਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ, ਰਵਿੰਦਰਦਰਪਾਲ ਸਿੰਘ ਡੰਗ, ਗੁਰਦੀਪ ਸਿੰਘ ਡੀਮਾਰਟੇ, ਰਜਿੰਦਰ ਸਿੰਘ ਡੰਗ,ਨਰਿੰਦਰਪਾਲ ਸਿੰਘ, ਭੁਪਿੰਦਰ ਸਿੰਘ ਜੁਨੇਜਾ, ਸੁਰਿੰਦਰਪਾਲ ਸਿੰਘ ਭੁਟੀਆਨੀ, ਮਨਜੀਤ ਸਿੰਘ ਨਾਟੀ ,ਗੁਰਬਚਨ ਸਿੰਘ, ਹਰਪ੍ਰੀਤ ਸਿੰਘ ਨੀਟਾ, ਸ੍.ਪ੍ਰੇਮ ਸਿੰਘ , ਅਵਤਾਰ ਸਿੰਘ ਮਿੱਡਾ, ਦਵਿੰਦਰ ਸਿੰਘ ਬਿੱਟੂ , ਹਰਚਰਨ ਸਿੰਘ ਕਾਲੜਾ, ਕੰਵਲਪ੍ਰੀਤ ਸਿੰਘ ਸੋਢੀ,ਚਰਨਜੀਤ ਸਿੰਘ ਚੰਨਾ, ਇੰਦਰਜੀਤ ਸਿੰਘ ਛਾਬੜਾ, ਹਰਮੀਤ ਸਿੰਘ ਡੰਗ, ਵਿਜੈ ਕੁਮਾਰ ਸੂਦ, ਹਰਮੀਤ ਸਿੰਘ ਡੰਗ, ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ, ਜਗਜੀਤ ਸਿੰਘ ਆਹੂਜਾ, ਜਗਦੇਵ ਸਿੰਘ ਕਲਸੀ, ਬਲਜੀਤ ਸਿੰਘ ਬਾਵਾ ,ਪਰਮਜੀਤ ਸਿੰਘ ਸੇਠੀ, ਹਰਬੰਸ ਸਿੰਘ ਰਾਜਾ, ਅਵਤਾਰ ਸਿੰਘ ਬੀ.ਕੇ, ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

ਡਰੋਨ ਕੈਮਰਾ ਚਲਾਉਣ ਤੇ ਉਡਾਉਣ ਉੱਤੇ ਰੋਕ : ਜ਼ਿਲ੍ਹਾ ਮੈਜਿਸਟਰੇਟ

ਬਠਿੰਡਾ, 24 ਜਨਵਰੀ (ਸੁਖਵਿੰਦਰ ਸਿੰਘ ਸਰਾਂ)- ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਸ਼ਰੀ ਸ਼ੌਕਤ ਅਹਿਮਦ ਪਰੇ ਨੇ ਧਾਰਾ 144 ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹੇ ਅੰਦਰ ਡਰੋਨ ਕੈਮਰਾ ਚਲਾਉਣ/ਉਡਾਉਣ ਤੇ ਮੁਕੰਮਲ ਰੋਕ ਲਗਾਈ ਗਈ ਹੈ। ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਸ਼ਰੀ ਸ਼ੌਕਤ ਅਹਿਮਦ ਪਰੇ ਵੱਲੋਂ ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹੇ ਅੰਦਰ ਲਾਇਟ ਏਅਰਕਰਾਫ਼ਟ ਸਮੇਤ ਹੈਂਗ ਗਲਾਈਡਰ, ਮਾਈਕਰੋ ਲਾਇਟ ਏਅਰਕਰਾਫ਼ਟ, ਯੂਏਵੀਜ਼ ਆਦਿ ਡਰੋਨ ਕੈਮਰਾ ਚਲਾਉਣ/ਉਡਾਉਣ ਤੇ ਮੁਕੰਮਲ ਰੋਕ ਲਗਾਈ ਗਈ ਹੈ। ਇਹ ਹੁਕਮ ਅਨੁਸਾਰ 26 ਜਨਵਰੀ 2024 ਗਣਤੰਤਰਤਾ ਦਿਵਸ ਮੌਕੇ ਵੀਆਈਪੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਜਾਰੀ ਕੀਤੇ ਹਨ ਜੋ 25 ਜਨਵਰੀ ਸਵੇਰ ਤੋਂ 26 ਜਨਵਰੀ 2024 ਰਾਤ ਤੱਕ ਲਾਗੂ ਰਹਿਣਗੇ।

ਡਿਪਟੀ ਕਮਿਸ਼ਨਰ ਨੇ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਕੀਤਾ ਸਨਮਾਨਿਤ

ਅੰਮ੍ਰਿਤਸਰ 24 ਜਨਵਰੀ (ਸੰਜੀਵ ਪੁੰਜ, ਹਰਸ਼ ਪੁੰਜ) ਸਾਉਣੀ ਸੀਜਨ 2023 ਦੌਰਾਨ ਜਿਲ੍ਹਾ ਅੰਮ੍ਰਿਤਸਰ ਵਿੱਚ ਪੰਜਾਬ ਰੀਮੋਟ ਸੈਂਸਿੰਗ ਸੈਂਟਰ ਲੁਧਿਆਣਾ ਵੱਲੋਂ ਕੀਤੀ ਰਿਪੋਰਟਿੰਗ ਅਨੁਸਾਰ ਜੀਰੋ ਬਰਨਿੰਗ ਵਾਲੇ ਪਿੰਡਾਂ ਦੀ ਗਿਣਤੀ 280 ਹੈ ਇਹਨਾਂ ਪਿੰਡਾਂ ਵਿੱਚ ਪਰਾਲੀ ਨੂੰ ਅੱਗ ਲਗਾਉਣ ਦਾ ਇੱਕ ਵੀ ਮਾਮਲਾ ਸਾਹਮਣੇ ਨਹੀ ਆਇਆ। ਇਸ ਸਬੰਧੀ ਅੱਜ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਪਿੰਡਾ ਦੇ 50 ਕਿਸਾਨ ਜਿੰਨਾਂ ਨੇ ਝੋਨੇ ਦੀ ਪਰਾਲੀ ਨੂੰ ਅੱਗ ਨਹੀ ਲਗਾਈ ਸੀ ਨੂੰ ਪ੍ਰਸ਼ੰਸ਼ਾ ਪੱਤਰ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ। ਉਹਨਾਂ ਨੇ ਆਏ ਹੋਏ ਕਿਸਾਨਾਂ ਦੀ ਪ੍ਰਸ਼ੰਸ਼ਾ ਕਰਦਿਆ ਕਿਹਾ ਕਿ ਇਹ ਅਗਾਂਹਵਧੂ ਕਿਸਾਨ ਹੋਰਨਾਂ ਕਿਸਾਨਾਂ ਲਈ ਚਾਨਣ ਮੁਨਾਰਾ ਹਨ। ਉਹਨਾਂ ਕਿਸਾਨਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ ਦੁਆਲੇ ਦੇ ਹੋਰਨਾਂ ਕਿਸਾਨਾਂ ਨੂੰ ਵੀ ਪ੍ਰੇਰਿਤ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ ਅਤੇ ਵਾਤਾਵਰਨ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਿਆ ਜਾਵੇ। ਪਰਾਲੀ ਨੂੰ ਬੇਲਰ ਰਾਂਹੀ ਗੱਟਾਂ ਬਣਾ ਕੇ ਖੇਤ ਤੋਂ ਬਾਹਰ ਕੱਢਿਆ ਜਾਵੇ ਜਾਂ ਖੇਤ ਦੇ ਵਿੱਚ ਵਾਹ ਕੇ ਅਗਲੀ ਫਸਲ ਦੀ ਬਿਜਾਈ ਕੀਤੀ ਜਾਵੇ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਜਤਿੰਦਰ ਸਿੰਘ ਗਿੱਲ, ਐਕਸੀਅਨ ਪ੍ਰਦੂਸ਼ਨ ਕੰਟਰੋਲ ਬੋਰਡ ਸੁਖਦੇਵ ਸਿੰਘ, ਬਲਾਕ ਖੇਤੀਬਾੜੀ ਅਫਸਰ ਰਮਨ ਕੁਮਾਰ, ਕਿਸਾਨ ਜਸਵੰਤ ਸਿੰਘ ਭਲੋਟ, ਬਲਦੇਵ ਸਿੰਘ ਮੱਲੂ ਨੰਗਲ, ਸਿਕੰਦਰ ਸਿੰਘ ਪੰਡੋਰੀ, ਹਰਿੰਦਰ ਸਿੰਘ ਪੂੰਗਾ, ਗੁਰਦੇਵ ਸਿੰਘ ਮੱਧ, ਦੇਸ਼ਪਾਲ ਸਿੰਘ ਤਲਵੰਡੀ ਡੋਗਰਾਂ, ਬਲਵਿੰਦਰ ਸਿੰਘ ਬਹਿੜਵਾਲ, ਬਖਸ਼ਿੰਦਰ ਸਿੰਘ ਕੱਥੂਨੰਗਲ, ਬਲਕਾਰ ਸਿੰਘ ਰਾਜਾਤਾਲ ਅਤੇ ਹੋਰ ਕਿਸਾਨ ਹਾਜਰ ਸਨ।

ਬਾਬਾ ਸਾਹਿਬ ਡਾ: ਬੀ. ਆਰ. ਅੰਬੇਡਕਰ ਸੋਸਾਇਟੀ ਰਜਿ. ਰੇਲ ਕੋਚ ਫੈਕਟਰੀ ਵੱਲੋਂ ਮੀਟਿੰਗ ਕੀਤੀ

ਕਪੂਰਥਲਾ, 24 ਜਨਵਰੀ, (ਇੰਦਰਜੀਤ)- ਬਾਬਾ ਸਾਹਿਬ ਡਾ: ਬੀ. ਆਰ. ਅੰਬੇਡਕਰ ਸੋਸਾਇਟੀ ਰਜਿ. ਰੇਲ ਕੋਚ ਫੈਕਟਰੀ ਦੀ ਵੱਲੋਂ ਮੀਟਿੰਗ ਕੀਤੀ ਗਈ, ਜਿਸ ਦੀ ਪ੍ਰਧਾਨਗੀ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਕੀਤੀ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਦੀ ਖੁਸ਼ੀ ਵਿੱਚ 75ਵਾਂ ਗਣਤੰਤਰ ਦਿਵਸ/ਸੰਵਿਧਾਨ ਦਿਵਸ 26 ਜਨਵਰੀ ਨੂੰ ਬਾਅਦ ਦੁਪਹਿਰ 2 ਵਜੇ ਆਰ ਸੀ ਐਫ ਦੀ ਵੈਸਟ ਕਲੋਨੀ ਦੇ ਵਰਕਰ ਕਲੱਬ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸਮਾਗਮ ਦੇ ਮੁਖ ਮਹਿਮਾਨ ਮਾਨਯੋਗ ਸ਼੍ਰੀ ਲਾਲ ਵਿਸ਼ਵਾਸ ਐਸ.ਡੀ.ਐਮ. ਕਪੂਰਥਲਾ, ਮੁੱਖ ਬੁਲਾਰੇ ਮਾਨਯੋਗ ਸ਼੍ਰੀ ਚਮਨ ਲਾਲ ਚਣਕੋਆ ਮਿਸ਼ਨਰੀ ਲੇਖਕ ਅਤੇ ਚਿੰਤਕ ਹੋਣਗੇ। ਸ੍ਰੀ ਜੱਸਲ ਅਤੇ ਪੈਂਥਰ ਨੇ ਦੱਸਿਆ ਕਿ ਪ੍ਰਬੁੱਧ ਭਾਰਤ ਸੰਸਥਾ ਵੱਲੋਂ ਡਾ.ਅੰਬੇਡਕਰ ਦਾ ਸੁਨੇਹਾ ਪੁਸਤਕ 'ਤੇ ਕਰਵਾਏ ਗਏ ਮੁਕਾਬਲੇ ਵਿੱਚ 50 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸੋਸਾਇਟੀ ਵੱਲੋਂ ਯਾਦਗਾਰੀ ਚਿੰਨ੍ਹ ਅਤੇ 250/- ਰੁਪਏ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਿਸ਼ਨਰੀ ਕਵੀ ਦਰਬਾਰ ਅਤੇ ਬਹੁਜਨ ਮਹਾਪੁਰਖਾਂ ਦੇ ਜੀਵਨ ਅਤੇ ਮਿਸ਼ਨ ਨੂੰ ਸਮਰਪਿਤ ਕੋਰੀਓਗ੍ਰਾਫੀ ਵੀ ਹੋਵੇਗੀ। ਮੀਟਿੰਗ ਵਿੱਚ ਸ੍ਰੀ ਸੰਤੋਖ ਰਾਮ ਜਨਾਗਲ, ਪੂਰਨ ਸਿੰਘ, ਨਿਰਵੈਰ ਸਿੰਘ, ਪੂਰਨ ਚੰਦ ਬੋਧ, ਅਮਰਜੀਤ ਸਿੰਘ, ਝਲਮਣ ਸਿੰਘ, ਦੇਸ ਰਾਜ, ਅਸ਼ੋਕ ਭਾਰਤੀ, ਅਨਿਲ ਕੁਮਾਰ ਅਤੇ ਰੋਸ਼ਨ ਲਾਲ ਆਦਿ ਹਾਜਿਰ ਹੋਏ।

ਆਈਟੀਆਈ ਨੰਗਲ ਵਿਖੇ 'ਪੁਲਿਸ ਮਹਿਲਾ ਮਿੱਤਰ' ਤਹਿਤ ਇਸਤਰੀ ਜਾਗਰੂਕਤਾ ਕੈਂਪ ਦਾ ਕੀਤਾ ਆਯੋਜਨ

ਨੰਗਲਨੂਰਪੁਰਬੇਦੀ, 24 ਜਨਵਰੀ (ਜਗਤਾਰ ਜੱਗੀ, ਗੁਰਦੀਪ ਝੱਜ)- ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਇਰੈਕਟਰ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਲੋਂ ਜਾਰੀ ਹੁਕਮਾਂ ਅਨੁਸਾਰ ਅੱਜ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਂ ਇਸਤਰੀਆਂ ਨੰਗਲ ਵਿਖੇ ਲੜਕੀਆਂ ਪ੍ਰਤੀ ਹੋਣ ਵਾਲੇ ਅਪਰਾਧਾਂ ਦੇ ਸਬੰਧ ਵਿੱਚ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ। ਪ੍ਰਿੰ.ਗੁਰਨਾਮ ਸਿੰਘ ਭੱਲੜੀ ਦੀ ਅਗਵਾਈ ਦੌਰਾਨ ਇਸ ਜਾਗਰੂਕਤਾ ਕੈਂਪ ਵਿੱਚ ਪੁਲਿਸ ਸਟੇਸ਼ਨ ਨੰਗਲ ਤੋਂ ਵਿਸ਼ੇਸ਼ ਰੂਪ ਚ ਪਹੁੰਚੇ ਹੈੱਡ ਕਾਸਟੇਬਲ ਰਮਨ ਰਾਣਾ ਨੇ 'ਪੁਲਿਸ ਮਹਿਲਾ ਮਿੱਤਰ' ਤਹਿਤ ਸੰਸਥਾਂ ਦੀਆਂ ਸਿੱਖਿਆਰਥਣਾ ਨੂੰ ਲੜਕੀਆਂ ਨਾਲ ਹੋਣ ਵਾਲੇ ਅਪਰਾਧਾਂ ਤੋਂ ਬਚਾਉ ਲਈ ਸਰਕਾਰ ਵਲੋਂ ਜਾਰੀ ਕੀਤੀਆਂ ਹੈੱਲਪ ਲਾਈਨਾ ਸਬੰਧੀ ਜਾਗਰੂਕ ਕੀਤਾ। ਉਨਾਂ ਲੜਕੀਆਂ ਨੂੰ ਸੰਬੋਧਨ ਕਰਦਿਆਂ ਦੱਸਿਆਂ ਕਿ ਇਸਤਰੀਆਂ ਦੀ ਸੁਰੱਖਿਆਂ ਦੇ ਮਕਸਦ ਲਈ ਸਰਕਾਰ ਵਲੋਂ ਜਾਰੀ ਕੀਤੇ ਹੈੱਲਪ ਲਾਈਨ ਨੰਬਰ 112 ਅਤੇ 181 ਤੇ ਫੋਨ ਕਰਕੇ ਪੁਲਿਸ ਸਹਾਇਤਾ ਲਈ ਜਾ ਸਕਦੀ ਹੈ। ਉਨ੍ਹਾਂ ਹੋਰ ਦੱਸਿਆ ਕਿ ਹੈੱਲਪ ਲਾਈਨ ਦੀ ਦੁਰਵਰਤੋਂ ਕਰਨ ਤੋਂ ਗੁਰੇਜ਼ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਇਸ ਦੀ ਵਰਤੋਂ ਇਸਤਰੀਆਂ ਪ੍ਰਤੀ ਸਮਾਜ ਵਿੱਚ ਹੋ ਰਹੇ ਅਪਰਾਧਾਂ ਨੂੰ ਰੋਕਣ ਲਈ ਕੀਤੀ ਜਾਵੇ। ਉਨਾਂ ਨਸ਼ਿਆਂ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਨਸ਼ਾ ਤਸਕਰਾਂ ਸਬੰਧੀ ਪੁਲਿਸ ਨੂੰ ਜਾਣਕਾਰੀ ਦਿੱਤੀ ਜਾਵੇ ਤਾ ਕਿ ਸੂਬਾ ਸਰਕਾਰ ਵਲੋਂ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਨੂੰ ਸਫਲ ਕੀਤਾ ਜਾ ਸਕੇ। ਪ੍ਰਿੰ.ਗੁਰਨਾਮ ਸਿੰਘ ਭੱਲੜੀ ਨੇ ਕਿਹਾ ਕਿ ਸਰਕਾਰ ਵਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਮੁਹਿੰਮ ਨੂੰ ਸਫਲ ਬਣਾਉਣ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਲੜਕੀਆਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਉਨਾਂ ਸਰਕਾਰ ਵਲੋਂ ਲੜਕੀਆਂ ਦੀ ਸੁਰੱਖਿਆਂ ਲਈ ਕੀਤੇ ਜਾ ਰਹੇ ਪ੍ਰਬੰਧਾਂ ਦੀ ਸਲਾਘਾਂ ਕਰਦਿਆਂ, ਲੜਕੀਆਂ ਨੂੰ ਲੋੜ ਪੈਣ ਤੇ ਪੁਲਿਸ ਸਹਾਇਤਾ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸੀਨੀਅਰ ਇੰਸਟਰਕਟਰ ਰਵਨੀਤ ਕੌਰ ਭੰਗਲ,ਅਨੀਲਮ ਸ਼ਰਮਾ, ਗੁਰਨਾਮ ਕੌਰ, ਜਗਦੀਪ ਕੁਮਾਰ, ਮਾਇਆ ਦੇਵੀ ਅਤੇ ਜੀਵਨ ਕੁਮਾਰ ਆਦਿ ਹਾਜ਼ਰ ਸਨ।

ਗੁਰਦੁਆਰਾ ਸੱਚ ਖੰਡ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਵਿਖੇ 30, 31 ਜਨਵਰੀ ਅਤੇ 1 ਫਰਵਰੀ ਨੂੰ ਹਰ ਰੋਜ਼ ਸਵੇਰੇ 10 ਤੋਂ 3 ਵਜੇ ਤੱਕ ਦਿਵਾਨ ਸਜਣਗੇ- ਭਾਈ ਦਰਸ਼ਨ ਸਿੰਘ

ਸੰਗਰੂਰ, 24 ਜਨਵਰੀ, (ਅਵਤਾਰ ਸਿੰਘ ਛਾਜਲੀ, ਜਸਪਾਲ ਸਿੰਘ ਜਿੰਮੀ ਛਾਜਲੀ)- ਗੁਰਦੁਆਰਾ ਸੱਚ ਖੰਡ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਸਲਾਨਾ ਜੋੜ ਮੇਲਾ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਗੁਰਦੁਆਰਾ ਅੰਗੀਠਾ ਸਾਹਿਬ ਦੇ ਮੁਖੀ ਸਰਪ੍ਰਸਤ ਬਾਬਾ ਸੁਰਜੀਤ ਸਿੰਘ, ਪ੍ਰਧਾਨ ਬਾਬਾ ਦਰਸ਼ਨ ਸਿੰਘ ਜੀ, ਬਾਬਾ ਸੁਖਵਿੰਦਰ ਸਿੰਘ ਸੋਨੀ ਮੀਤ ਪ੍ਰਧਾਨ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਹਰ ਸਾਲ ਦੀ ਤਰਾਂ ਇਸ ਸਾਲ ਵੀ ਸੰਤ ਅਤਰ ਸਿੰਘ ਜੀ ਮਹਾਰਾਜ 97ਵੀਂ ਯਾਦ ਨੂੰ ਸਮਰਪਿਤ ਗੁਰਦੁਆਰਾ ਸੱਚ ਖੰਡ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿੱਚ 30, 31 ਜਨਵਰੀ ਅਤੇ 1 ਫਰਵਰੀਰ ਨੂੰ ਹਰ ਰੋਜ ਸਵੇਰੇ 10 ਤੋਂ 3 ਵਜੇ ਤੱਕ ਦਿਵਾਨ ਸਜਣਗੇ, ਜਿਸ ਵਿੱਚ ਬਾਬਾ ਜਗਜੀਤ ਸਿੰਘ ਜੀ ਗੁਰਨੇ ਵਾਲੇ , ਸਮਪਰਦਾਇ ਨਾਨਕਸਰ 30 ਜਨਵਰੀ ਨੂੰ ਰਾਤ 7 ਤੇ 10 ਵਜੇ ਤੱਕ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। 31 ਜਨਵਰੀ ਦਿਨ ਬੁੱਧਵਾਰ ਰਾਤ 7 ਤੋਂ 9 ਵਜੇ ਤੱਕ ਰਹਿਣ ਸੁਭਾਈ ਕੀਰਤਨ ਹੋਵੇਗਾ। ਜਿਸ ਵਿੱਚ ਜਬਰ ਤੋੜ ਸਿੰਘ ਹਜੂਰੀ ਰਾਗੀ ਸ਼ਰੀ ਦਰਬਾਰ ਸਾਹਿਬ ਅੰਮ੍ਰਿਤਸਰ ਰਾਤ 9 ਤੋਂ 10 ਵਜੇ ਤੱਕ ਕੀਰਤਨ ਕਰਨਗੇ ਅਤੇ ਵੱਖ ਵੱਖ ਸਮਪਰਦਾਇਕ ਦੇ ਮਹਾਪੁਰਖ ਹਾਜਰੀ ਭਰਨਗੇ। ਇਸ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਸੰਤ ਬਾਬਾ ਦਵਿੰਦਰ ਸਿੰਘ ਬੜੂ ਸਾਹਿਬ ਵਾਲੇ, ਬਾਬਾ ਜਗਜੀਤ ਸਿੰਘ ਕਾਕਾ ਵੀਰ ਜੀ ਚੀਮਾਂ ਸਾਹਿਬ ਵਾਲੇ, ਸੰਤ ਜਸਵੰਤ ਸਿੰਘ ਜੋਤੀ ਸਰੂਪ ਸੰਗਰੂਰ ਵਾਲੇ, ਸੰਤ ਤਰਲੋਕ ਸਿੰਘ ਜੀ ਲੱਡਾ, ਬਾਬਾ ਜਸਵਿੰਦਰ ਸਿੰਘ ਹਰੇੜੀ ਵਾਲੇ ਪਹੁੰਚ ਰਹੇ।

ਭਾਜਪਾ ਮੰਡਲ ਆਦਮਪੁਰ ਵੱਲੋਂ ਪ੍ਰਾਣ ਪ੍ਰਤਿਸ਼ਠਾ ਪ੍ਰੋਗਰਾਮ ਦੀ ਸਫਲਤਾ ਪੂਰਵਕ ਸਮਾਪਤੀ 'ਤੇ ਬਾਈਕ ਰੈਲੀ ਕੱਢੀ ਗਈ।

ਆਦਮਪੁਰ24 ਜਨਵਰੀ,(ਬਲਬੀਰ ਕਰਮ, ਰਾਜੀਵ ਸਿੰਗਲਾ):-ਭਾਜਪਾ ਮੰਡਲ ਆਦਮਪੁਰ ਦੇ ਵਰਕਰਾਂ ਨੇ ਵਿਕਰਮ ਸਿੰਘ ਵਿੱਕੀ ਦੀ ਪ੍ਰਧਾਨਗੀ ਹੇਠ ਪ੍ਰਭੂ ਸ਼ਰੀ ਰਾਮ ਜੀ ਦੇ ਜਨਮ ਅਸਥਾਨ ਅਯੋਧਿਆ ਵਿਖੇ ਪ੍ਰਾਣ ਪ੍ਰਤਿਸ਼ਠਾ ਪ੍ਰੋਗਰਾਮ ਦੇ ਸਫਲਤਾਪੂਰਵਕ ਸੰਪਨ ਹੋਣ ਤੇ ਪੂਰੇ ਆਦਮਪੁਰ ਸ਼ਹਿਰ ਵਿੱਚ ਇੱਕ ਜੋਸ਼ ਭਰੀ ਬਾਈਕ ਰੈਲੀ ਕੱਢੀ। ਰਾਮ ਮੰਦਿਰ ਅਯੁੱਧਿਆ ਧਾਮ ਅਤੇ ਸਾਰੇ ਸ਼ਹਿਰ ਵਾਸੀਆਂ ਨੂੰ ਇਸ ਦਿਨ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ। ਵਿਕਰਮ ਸਿੰਘ ਵਿੱਕੀ ਨੇ ਕਿਹਾ ਕਿ ਭਾਜਪਾ ਨੇ ਹਮੇਸ਼ਾ ਜੋ ਕਿਹਾ ਕੀਤਾ ਹੈ ਅੱਜ ਪੂਰਾ ਦੇਸ਼ ਲਗਭਗ 500 ਸਾਲਾਂ ਦੀ ਉਡੀਕ ਤੋਂ ਬਾਅਦ ਇਸ ਇਤਿਹਾਸਕ ਦਿਨ ਨੂੰ ਮਨਾ ਰਿਹਾ ਹੈ। ਇਹ ਸਭ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਰਤ ਭਾਰਤ ਦੇਸ਼ ਪ੍ਰਤੀ ਚੰਗੀ ਸੋਚ ਦਾ ਨਤੀਜਾ ਹੈ ਧੰਨਵਾਦ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਭਾਰਤ ਦੇ ਲੋਕ ਨਰਿੰਦਰ ਮੋਦੀ ਨੂੰ ਤੀਜੀ ਵਾਰ ਭਾਰਤ ਦੀ ਵਾਗਡੋਰ ਸੰਭਾਲਣ ਲਈ ਤਿਆਰ ਬੈਠੇ ਹਨ ।ਇਸ ਮੌਕੇ ਹਰੀਸ਼ ਚੰਦਰ ਸਪੋਕਸਮੈਨ ਜਲੰਧਰ ਦਿਹਾਂਤੀ, ਸੰਦੀਪ ਕਪੂਰ ਗੋਗਾ ਦਲੀਪ ਸਾਈਂ, ਅਸ਼ਵਨੀ ਸ਼ਾਰਦਾ, ਸੰਤੋਖ ਸਿੰਘ ਤਿੰਨੋ ਮੀਤ ਪ੍ਰਧਾਨ, ਪਰਮਿੰਦਰ ਰਾਣਾ, ਅਮਿਤ ਸ਼ਰਮਾ ਭੱਲਾ, ਤਿਲਕਰਾਜ ਯਾਦਵ ਤਿੰਨੋਂ ਜਨਰਲ ਸਕੱਤਰ, ਕਪਿਲ ਗੋਗਨਾ, ਨੀਰਜ ਸ਼ਰਮਾ, ਹਰਭਜਨ ਲਾਲ, ਦਿਨੇਸ਼ ਗਾਂਧੀ ਚਾਰੋਂ ਸਕੱਤਰ, ਮਨਜੀਤ ਸਿੰਘ ਰਾਣਾ ਪ੍ਰਧਾਨ ਐਸ.ਸੀ. ਮੋਰਚਾ, ਗਗਨਦੀਪ ਗੁੱਗੂ ਪ੍ਰਧਾਨ ਯੁਵਾ ਮੋਰਚਾ,ਕੁਲਵਿੰਦਰ ਕੁਮਾਰ, ਅਮਨ ਕੁਮਾਰ, ਹਰਭਜਨ ਲਾਖਾ, ਸਾਹਿਲ ਸਿੰਘ, ਮਨੀ, ਜਸਕਰਨ ਸਿੰਘ, ਰਿੱਕੀ ਕੁਮਾਰ, ਸੰਜੀਤ ਕੁਮਾਰ ਤੋਂ ਇਲਾਵਾ ਬਹੁਤ ਸਾਰੇ ਭਾਜਪਾ ਵਰਕਰ ਹਾਜ਼ਰ ਸਨ।

ਮਹਿਲਾ ਮੰਡਲਾਂ ਵੱਲੋਂ ਕੀਰਤਨ ਦਰਬਾਰ ਸਜਾਏ

ਬਰੇਟਾ, 24 ਜਨਵਰੀ, (ਨਰੇਸ਼ ਕੁਮਾਰ ਰਿੰਪੀ)- ਰਾਮ ਮੰਦਰ ਵਿੱਚ ਮੂਰਤੀ ਦੀ ਪ੍ਰਤੀਸ਼ਠਾ ਤੋਂ ਬਾਅਦ ਰਾਮ ਭਗਤ ਸ਼੍ਰੀ ਰਾਮ ਦੇ ਗੁਣਗਾਣ ਤੇ ਭਗਤੀ ਰਸ ਵਿੱਚ ਲੱਗੇ ਦਿਖਾਈ ਦੇ ਰਹੇ ਹਨ ਅਤੇ ਥਾਂ ਥਾਂ ਤੇ ਕੀਰਤਨ ਦਰਬਾਰ ਸਜਾਏ ਜਾ ਰਹੇ ਹਨ ਅਜਿਹਾ ਹੀ ਇੱਕ ਕੀਰਤਨ ਸਥਾਨਕ ਬੇਸਹਾਰਾ ਗਊਸ਼ਾਲਾ ਵਿਖੇ ਮਹਿਲਾ ਮੰਡਲਾਂ ਵੱਲੋਂ ਕੀਤਾ ਗਿਆ ਜਿਸ ਵਿੱਚ ਸ਼੍ਰੀ ਰਾਮ ਜੀ ਦਾ ਗੁਣਗਾਣ ਕੀਤਾ ਗਿਆ ਜਿਸ ਵਿੱਚ ਸ਼ਰਧਾਲੂ ਮਹਿਲਾਵਾਂ ਸ਼੍ਰੀ ਰਾਮ ਜੀ ਦੇ ਭਜਨਾ ਤੇ ਖੂਬ ਝੂਮਦੀਆਂ ਦਿਖਾਈ ਦਿੱਤੀਆਂ ਅਤੇ ਲੱਡੂ-ਜਲੇਬੀਆਂ ਦਾ ਪ੍ਰਸ਼ਾਦ ਵੰਡਿਆ ਗਿਆ ਇਸੇ ਤਰਾਂ ਗੀਤਾ ਭਵਨ ਵਿਖੇ ਵੀ ਸ਼੍ਰੀ ਗਣੇਸ਼ ਸ਼ਾਸ਼ਤਰੀ ਦੀ ਅਗਵਾਈ ਹੇਠ ਮਹਿਲਾ ਮੰਡਲ ਤੇ ਸ਼ਰਧਾਲੂਆਂ ਵੱਲੋਂ ਕੀਰਤਨ ਦਰਬਾਰ ਸਜਾਇਆ ਗਿਆ ਇਹਨਾਂ ਸ਼ਰਧਾਲੂਆਂ ਵੱਲੋਂ ਪਿਛਲੇ ਕਾਫੀ ਦਿਨਾਂ ਤੋਂ ਸਵੇਰੇ ਵੇਲੇ ਸ਼੍ਰੀ ਰਾਮ ਫੇਰੀ ਕੱਢੀ ਜਾ ਰਹੀ ਹੈ ਜੋ ਰਾਮ ਇੱਛਾ ਤੱਕ ਜਾਰੀ ਰਹੇਗੀ ਇਸ ਮੌਕੇ ਚਾਹ-ਮਿਠਾਈ ਦਾ ਪ੍ਰਸ਼ਾਦ ਵੀ ਵਰਤਾਇਆ ਜਾਂਦਾ ਹੈ।

ਉਤਸ਼ਾਹ, ਸਮਰਪਣ ਅਤੇ ਸ਼ਰਧਾ ਨਾਲ ਕੀਤੀਆਂ ਜਾ ਰਹੀਆਂ ਸੇਵਾਵਾਂ ਤੋਂ ਆਮ ਲੋਕ ਪ੍ਰਭਾਵਿਤ- ਤਿਆਰੀਆਂ ਮੁਕੰਮਲ ਹੋਣ ਦੇ ਨੇੜੇ

ਫੋਟੋ-ਅਜਮੇਰ ਦੀਵਨਾ

ਹੁਸ਼ਿਆਰਪੁਰ, 24 ਜਨਵਰੀ, (ਤਰਸੇਮ ਦੀਵਾਨਾ)- ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਮਹਾਰਾਸ਼ਟਰ ਦੇ 57ਵੇਂ ਸਲਾਨਾ ਨਿਰੰਕਾਰੀ ਸੰਤ ਸਮਾਗਮ ਦੇ ਸ਼ੁਰੂ ਹੋਣ ਵਿਚ ਕੁਝ ਹੀ ਦਿਨ ਬਾਕੀ ਹਨ ਉਨ੍ਹਾਂ ਅੱਗੇ ਕਿਹਾ ਕਿ ਨਿਰੰਕਾਰੀ ਸ਼ਰਧਾਲੂ ਸੰਮੇਲਨ ਦੀਆਂ ਤਿਆਰੀਆਂ 'ਚ ਰੁੱਝੇ ਹੋਏ ਹਨ, ਸੰਤ ਸਮਾਗਮ ਦੇ ਸਥਾਨ ਨੂੰ ਸੁਚਾਰੂ ਅਤੇ ਸੁੰਦਰ ਬਣਾਉਣ ਲਈ ਹਰ ਪ੍ਰਬੰਧ ਨੂੰ ਅੰਤਿਮ ਰੂਪ ਦੇ ਰਹੇ ਹਨ ਇਹ ਤਿੰਨ ਦਿਨੀ ਸੰਤ ਸਮਾਗਮ ਨਾਗਪੁਰ ਦੇ ਮਿਹਾਨ, ਸੁਮਥਾਨਾ ਦੇ ਵਿਸ਼ਾਲ ਮੈਦਾਨ ਵਿੱਚ ਸ਼ੁੱਕਰਵਾਰ 26 ਜਨਵਰੀ ਤੋਂ ਸ਼ੁਰੂ ਹੋਣ ਜਾ ਰਿਹਾ ਹੈ, ਜੋ ਕਿ 28 ਜਨਵਰੀ ਨੂੰ ਸਮਾਪਤ ਹੋਵੇਗਾ ਇਸ ਇਲਾਹੀ ਸੰਤ ਸਮਾਗਮ ਵਿੱਚ ਨਿਰੰਕਾਰੀ ਸ਼ਰਧਾਲੂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਪਾਵਨ ਹਜ਼ੂਰੀ ਵਿੱਚ ਭਗਤੀ ਦਾ ਆਨੰਦ ਲੈਣਗੇ ਪਿਛਲੇ ਇੱਕ ਮਹੀਨੇ ਤੋਂ ਮਹਾਰਾਸ਼ਟਰ ਤੋਂ ਇਲਾਵਾ ਹੋਰ ਰਾਜਾਂ ਤੋਂ ਨਿਰੰਕਾਰੀ ਸ਼ਰਧਾਲੂਆਂ ਨੇ ਇਕੱਠੇ ਹੋ ਕੇ ਆਪਣੀਆਂ ਨਿਸਵਾਰਥ ਸੇਵਾਵਾਂ ਨਾਲ ਸਮਾਗਮ ਵਾਲੀ ਥਾਂ ਨੂੰ ਟੈਂਟਾਂ ਦੇ ਸੁੰਦਰ ਸ਼ਹਿਰ ਵਿੱਚ ਬਦਲ ਦਿੱਤਾ ਹੈ ਜਿਸ ਉਤਸ਼ਾਹ, ਲਗਨ, ਅਤੇ ਅਨੁਸ਼ਾਸਨ ਨਾਲ ਸਾਰੇ ਸ਼ਰਧਾਲੂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ? ਉਸ ਤੋਂ ਉੱਥੋਂ ਦੇ ਵਸਨੀਕ ਬੇਹੱਦ ਪ੍ਰਭਾਵਿਤ ਹਨ ਸਮਾਗਮ ਵਾਲੀ ਥਾਂ ਦਾ ਇਹ ਅਨੋਖਾ ਨਜ਼ਾਰਾ ਰਾਹਗੀਰਾਂ ਅਤੇ ਸਥਾਨਕ ਨਾਗਰਿਕਾਂ ਦੀ ਖਿੱਚ ਅਤੇ ਉਤਸੁਕਤਾ ਦਾ ਕੇਂਦਰ ਬਣਿਆ ਹੋਇਆ ਹੈ ਪਹਿਲਾਂ ਦੀ ਤਰ੍ਹਾਂ ਇਸ ਸਾਲ ਵੀ ਮੁੰਬਈ ਦੇ ਕਲਾਕਾਰਾਂ ਦੁਆਰਾ ਬਣਾਏ ਗਏ ਸੰਤ ਸਮਾਗਮ ਦਾ ਮੁੱਖ ਦੁਆਰ ਆਪਣੇ ਆਪ ਵਿੱਚ ਇਕ ਅਨੋਖਾ ਤੇ ਵਿਲੱਖਣ ਨਜ਼ਾਰਾ ਦਰਸਾ ਰਿਹਾ ਹੈ ਇਸ ਤੋਂ ਇਲਾਵਾ ਸਮਾਗਮ ਦੇ ਹੋਰ ਸਥਾਨਾਂ ਦੀ ਸਿਰਜਣਾ ਅਤੇ ਸਜਾਵਟ ਦਾ ਕੰਮ ਵੀ ਕਲਾ ਵਿੱਚ ਨਿਪੁੰਨ ਭਗਤਾਂ ਵੱਲੋਂ ਬੜੀ ਹੀ ਕੁਸ਼ਲਤਾ ਨਾਲ ਕੀਤਾ ਜਾ ਰਿਹਾ ਹੈ ? ਨੁੱਕੜ ਨਾਟਕਾਂ, ਸਾਈਕਲ ਰੈਲੀਆਂ ਅਤੇ ਬੈਨਰਾਂ ਰਾਹੀਂ ਜਾਣਕਾਰੀ ਦੇ ਕੇ ਲੋਕਾਂ ਨੂੰ ਸਤਿਕਾਰ ਸਹਿਤ ਸੱਦਾ ਦਿੱਤਾ ਜਾ ਰਿਹਾ ਹੈ ਤਾਂ ਜੋ ਉਹ ਆਪਣਾ ਜੀਵਨ ਸਫਲਾ ਕਰ ਸਕਣ ਇਸ ਸੰਤ ਸਮਾਗਮ ਵਿੱਚ ਹਾਜ਼ਰੀ ਭਰ ਕੇ ਅਪਣੇ ਜੀਵਨ ਨੂੰ ਸਾਰਥਕ ਬਣਾਉਣ ? ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮਾਗਮ ਵਿਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਲਈ ਰਿਹਾਇਸ਼ੀ ਟੈਂਟ, ਲੰਗਰ ਅਤੇ ਕੰਟੀਨ ਦੇ ਯੋਗ ਪ੍ਰਬੰਧ ਵੱਡੇ ਪੱਧਰ 'ਤੇ ਕੀਤੇ ਜਾ ਰਹੇ ਹਨ ਸਮਾਗਮ ਵਾਲੀ ਥਾਂ 'ਤੇ ਸਫ਼ਾਈ ਦਾ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਪ੍ਰਕਾਸ਼ਨ ਵਿਭਾਗ ਵੱਲੋਂ ਵੱਖ-ਵੱਖ ਥਾਵਾਂ 'ਤੇ ਬੁੱਕ ਸਟਾਲ ਵੀ ਲਗਾਏ ਜਾਣਗੇ ਅਤੇ ਸੰਤ ਨਿਰੰਕਾਰੀ ਮਿਸ਼ਨ ਦੀ ਤਸਵੀਰ ਪੇਸ਼ ਕਰਨ ਲਈ ਦਿਲਖਿਚਵੀਂ ਨਿਰੰਕਾਰੀ ਪ੍ਰਦਰਸ਼ਨੀ ਵੀ ਲਗਾਈ ਜਾ ਰਹੀ ਹੈ ਇਹ ਸਭ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਇਲਾਹੀ ਅਗਵਾਈ ਸਦਕਾ ਹੀ ਸੰਭਵ ਹੋਇਆ ਹੈ ਸ਼ਰਧਾ ਨਾਲ ਕੀਤੀਆਂ ਗਈਆਂ ਇਨ੍ਹਾਂ ਸਾਰੀਆਂ ਤਿਆਰੀਆਂ ਵਿਚ ਕੁਸ਼ਲਤਾ ਦੀ ਇਕ ਸੁੰਦਰ ਝਲਕ ਨਿਸ਼ਚਿਤ ਤੌਰ 'ਤੇ ਦੇਖੀ ਜਾ ਸਕਦੀ ਹੈ ਨਿਰਸੰਦੇਹ ਅਸੀਂ ਕਹਿ ਸਕਦੇ ਹਾਂ ਕਿ ਇਸ ਪਵਿੱਤਰ ਸੰਤ ਸਮਾਗਮ ਵਿੱਚ ਹਰ ਸਾਲ ਦੀ ਤਰ੍ਹਾਂ ਦੇਸ਼-ਵਿਦੇਸ਼ ਦੇ ਸੱਭਿਆਚਾਰ ਅਤੇ ਪ੍ਰਭੂਸੱਤਾ ਦੀ ਵਿਭਿੰਨਤਾ ਨਾਲ ਭਰਪੂਰ ਬਹੁ-ਰੰਗੀ ਸ਼ਵੀ ਪ੍ਰਦਰਸ਼ਿਤ ਕੀਤੀ ਜਾਵੇਗੀ ? ਜਿਸ ਵਿੱਚ ਭਾਗ ਲੈਣ ਵਾਲਾ ਹਰ ਸ਼ਰਧਾਲੂ ਇਸ ਅਲੌਕਿਕ ਆਨੰਦ ਦਾ ਅਨੁਭਵ ਕਰੇਗਾ ਅਤੇ ਸਤਿਗੁਰੂ ਤੇ ਸੰਤਾਂ ਦੇ ਇਲਾਹੀ ਬਚਨਾਂ ਤੋਂ ਪ੍ਰਭਾਵਿਤ ਹੋ ਕੇ ਪਿਆਰ ਅਤੇ ਸ਼ਰਧਾ ਦੀ ਭਾਵਨਾ ਨਾਲ ਆਪਣੇ ਜੀਵਨ ਦੇ ਅਸਲ ਮਕਸਦ ਵੱਲ ਵਧੇਗਾ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਐਲਾਨੀ 26 ਜਨਵਰੀ ਦੀ ਟਰੈਕਟਰ ਪਰੇਡ ਸਬੰਧੀ ਤਿਆਰੀ ਮੁਕੰਮਲ

ਸਮਰਾਲਾ, 24 ਜਨਵਰੀ, (ਦਿਨੇਸ਼ ਭਾਰਦਵਾਜ, ਲੱਖਪਤ ਰਾਏ)- ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਸਰਕਾਰ ਨੂੰ ਹਲੂਣਾ ਦੇਣ ਦੇ ਮਕਸਦ ਨਾਲ ਪੂਰੇ ਦੇਸ਼ ਵਿੱਚ ਤਹਿਸੀਲ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ 26 ਜਨਵਰੀ ਗਣਤੰਤਰ ਦਿਵਸ ਮੌਕੇ ਟਰੈਕਟਰ ਪਰੇਡ ਕੀਤੀ ਜਾਣੀ ਹੈ, ਜੋ ਅਸਲ ਗਣਤੰਤਰ ਦਿਵਸ ਦੀ ਤਸਵੀਰ ਪੇਸ਼ ਕਰੇਗੀ ਇਸ ਸਬੰਧੀ ਸਮਰਾਲਾ ਤਹਿਸੀਲ ਵਿੱਚ ਟਰੈਕਟਰ ਪਰੇਡ ਦੀਆਂ ਤਿਆਰੀਆਂ ਸਬੰਧੀ ਬੀ. ਕੇ. ਯੂ. (ਰਾਜੇਵਾਲ), ਬੀ. ਕੇ. ਯੂ. (ਲੱਖੋਵਾਲ) ਅਤੇ ਬੀ. ਕੇ. ਯੂ. (ਕਾਦੀਆਂ) ਦੀ ਸਾਂਝੇ ਤੌਰ ਮੀਟਿੰਗ ਤਿੰਨਾਂ ਯੂਨੀਅਨਾਂ ਦੇ ਵੱਖ ਵੱਖ ਅਹੁਦੇਦਾਰਾਂ ਦੀ ਪ੍ਰਧਾਨਗੀ ਹੇਠ ਹੋਈ ਇਸ ਮੌਕੇ ਬੀ. ਕੇ. ਯੂ. (ਲੱਖੋਵਾਲ) ਦੇ ਸੂਬਾ ਜਨਰਲ ਸਕੱਤਰ ਪਰਮਿੰਦਰ ਸਿੰਘ ਪਾਲ ਮਾਜਰਾ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਇਹ ਭਰਮ ਪਾਲ ਲਿਆ ਸੀ ਕਿ ਕਿਸਾਨੀ ਸੰਘਰਸ਼ ਤੋਂ ਬਾਅਦ ਵੱਖ ਵੱਖ ਕਿਸਾਨ ਜਥੇਬੰਦੀਆਂ ਦੀ ਆਪਸੀ ਸਾਂਝ ਸਮਾਪਤ ਹੋ ਗਈ ਹੈ, ਜਿਸ ਕਾਰਨ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਸਬੰਧੀ ਚੁੱਪੀ ਵੱਟ ਲਈ ਸੀ ਪ੍ਰੰਤੂ ਬੀਤੇ ਦਿਨੀਂ ਹੋਈ 37 ਕਿਸਾਨ ਯੂਨੀਅਨਾਂ ਦੀ ਇਕੱਠੀ ਮੀਟਿੰਗ ਨੇ ਕੇਂਦਰ ਸਰਕਾਰ ਨੂੰ ਮੁੜ ਸੋਚੀ ਪਾ ਦਿੱਤਾ ਹੈ ਕਿ ਸੰਯੁਕਤ ਕਿਸਾਨ ਮੋਰਚਾ ਮੁੜ ਕਾਰਜਸ਼ੀਲ ਹੋ ਗਿਆ ਹੈ ਕਿਸਾਨਾਂ ਵੱਲੋਂ ਮੁੜ ਇਕੱਠੀ ਹੋਈ ਤਾਕਤ ਦਾ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਮੁਜਾਹਰਾ ਜਾਵੇਗਾ ਬੀ. ਕੇ. ਯੂ. (ਰਾਜੇਵਾਲ) ਦੇ ਮੁਖਤਿਆਰ ਸਿੰਘ ਸਰਵਰਪੁਰ ਸੀਨੀ: ਜ਼ਿਲ੍ਹਾ ਮੀਤ ਪ੍ਰਧਾਨ ਨੇ ਕਿਹਾ ਕਿ ਸਮਰਾਲਾ ਤਹਿਸੀਲ ਵਿੱਚ ਟਰੈਕਟਰ ਪਰੇਡ ਸਬੰਧੀ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅੱਜ ਤਿੰਨਾ ਯੂਨੀਅਨਾਂ ਵੱਲੋਂ ਮੀਟਿੰਗ ਵਿੱਚ ਇੱਕ ਸਾਂਝੇ ਮਤੇ ਰਾਹੀਂ ਇਹ ਦੱਸਿਆ ਗਿਆ ਕਿ ਟਰੈਕਟਰ ਪਰੇਡ ਜੋ ਸਵੇਰੇ 10:30 ਵਜੇ ਮਾਲਵਾ ਕਾਲਜ ਦੇ ਖੇਡ ਸਟੇਡੀਅਮ ਤੋਂ ਸ਼ੁਰੂ ਹੋ ਕੇ ਸਮਰਾਲਾ ਸ਼ਹਿਰ ਦੇ ਬਜਾਰ ਰਾਹੀਂ ਹੁੰਦੀ ਹੋਈ ਦਫਤਰ ਐਸ. ਡੀ. ਐਮ. ਸਮਰਾਲਾ ਵਿਖੇ ਸਮਾਪਤ ਹੋਵੇਗੀ ਇਸ ਪਰੇਡ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਟਰੈਕਟਰ ਭਾਗ ਲੈਣਗੇ ਟਰੈਕਟਰ ਪਰੇਡ ਦੀ ਸਮਾਪਤੀ ਮੌਕੇ ਕੇਂਦਰ ਸਰਕਾਰ ਵਿਰੁੱਧ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ ਅਤੇ ਵੱਖ ਵੱਖ ਯੂਨੀਅਨਾਂ ਦੇ ਆਗੂ ਸੰਬੋਧਨ ਕਰਨਗੇ ਬੀ. ਕੇ. ਯੂ. (ਕਾਦੀਆਂ) ਦੇ ਮੋਹਣ ਸਿੰਘ ਬਾਲਿਓਂ ਬਲਾਕ ਮਾਛੀਵਾੜਾ ਪ੍ਰਧਾਨ ਨੇ ਕਿਹਾ ਕਿ ਅੱਜ ਸਾਰੇ ਕਿਸਾਨਾਂ ਨੂੰ ਮੁੜ ਇੱਕਜੁੱਟ ਹੋਣ ਚਾਹੀਦਾ ਹੈ 26 ਜਨਵਰੀ ਪੂਰੇ ਦੇਸ਼ ਦੇ ਕਿਸਾਨਾਂ ਲਈ ਇਤਿਹਾਸਕ ਦਿਨ ਹੋਵੇਗਾ, ਕਿਉਂਕਿ ਕੇਂਦਰ ਸਰਕਾਰ ਜੋ ਕਿਸਾਨਾਂ ਦੀਆਂ ਮੰਗਾਂ ਸਬੰਧੀ ਚੁੱਪੀ ਸਾਧ ਕੇ ਬੈਠ ਗਈ ਸੀ ਅਤੇ ਅਨਾਜ ਮੰਡੀਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਤਾਕ ਵਿੱਚ ਹੈ, ਇਹ ਸਾਰਾ ਕੁਝ ਹਰਗਿਜ ਨਹੀਂ ਹੋਣ ਦਿੱਤਾ ਜਾਵੇਗਾ ਸਮਰਾਲਾ ਤਹਿਸੀਲ ਦੇ ਵੱਖ ਵੱਖ ਬਲਾਕਾਂ ਦੇ ਕਿਸਾਨਾਂ ਵਿੱਚ 26 ਜਨਵਰੀ ਦੀ ਟਰੈਕਟਰ ਪਰੇਡ ਦਾ ਭਾਰੀ ਉਤਸ਼ਾਹ ਹੈ ਉਨ੍ਹਾਂ ਦੂਜੀਆਂ ਕਿਸਾਨ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇੱਕਜੁਟਤਾ ਦਾ ਮੁਜਾਹਰਾ ਕਰਦੇ ਹੋਏ 26 ਜਨਵਰੀ ਦੀ ਪਰੇਡ ਵਿੱਚ ਭਾਗ ਲੈਣ ਲਈ ਮਾਲਵਾ ਕਾਲਜ ਦੇ ਸਟੇਡੀਅਮ ਵਿਖੇ ਪੁੱਜਣ ਅੱਜ ਦੀ ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਮਨਜੀਤ ਸਿੰਘ ਢੀਂਡਸਾ ਜ਼ਿਲ੍ਹਾ ਪ੍ਰਧਾਨ (ਲੱਖੋਵਾਲ), ਗੁਰਪ੍ਰੀਤ ਸਿੰਘ ਸਾਹਿਬਆਣਾ ਜਨ: ਸਕੱਤਰ, ਵਰਿੰਦਰ ਸਿੰਘ ਮੀਤ ਪ੍ਰਧਾਨ, ਗੁਰਸੇਵਕ ਸਿੰਘ ਬਲਾਕ ਪ੍ਰਧਾਨ (ਲੱਖੋਵਾਲ), ਕੁਲਵਿੰਦਰ ਸਿੰਘ ਪੂਰਬਾ ਬਲਾਕ ਪ੍ਰਧਾਨ (ਰਾਜੇਵਾਲ), ਸੁੱਖਾ ਬਾਬਾ ਸੰਗਤਪੁਰਾ ਮੀਤ ਪ੍ਰਧਾਨ, ਜਗਦੇਵ ਸਿੰਘ ਮੁਤਿਓਂ ਜਨ: ਸਕੱਤਰ, ਬਲਵੰਤ ਸਿੰਘ ਸਰਪੰਚ ਮੰਜਾਲੀ ਕਲਾਂ, ਜਸਪ੍ਰੀਤ ਸਿੰਘ ਜੱਸਾ ਢੀਂਡਸਾ, ਬਿੱਲੂ ਦਿਆਲਪੁਰਾ ਆਦਿ ਤੋਂ ਇਲਾਵਾ ਤਿੰਨਾਂ ਯੂਨੀਅਨਾਂ ਦੇ ਹੋਰ ਵੀ ਅਹੁਦੇਦਾਰ ਹਾਜ਼ਰ ਸਨ।

ਸ਼ਹੀਦ ਬਾਬਾ ਮੱਤੀ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਸਲਾਨਾ ਸ਼ਹੀਦੀ ਦਿਹਾੜਾ ਮਨਾਇਆ

ਫੋਟੋ- ਬਲਬੀਰ ਸਿੰਘ

ਆਦਮਪੁਰ 24 ਜਨਵਰੀ, (ਬਲਬੀਰ ਸਿੰਘ ਕਰਮ, ਰਾਜੀਵ ਸਿੰਗਲਾ):- ਦੁਆਬੇ ਦੇ ਪਵਿੱਤਰ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ ਡਰੋਲੀ ਕਲਾਂ ਜਲੰਧਰ ਵਿਖੇ ਧੰਨ-ਧੰਨ ਸ਼ਹੀਦ ਬਾਬਾ ਮੱਤੀ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਸਲਾਨਾ ਸ਼ਹੀਦੀ ਦਿਹਾੜਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆ ਦੇ ਸਹਿਯੋਗ ਨਾਲ ਸ਼ਰਧਾ-ਪੂਰਵਕ ਮਨਾਇਆ ਗਿਆ ਇਨ੍ਹਾ ਸਮਾਗਮ ਸਬੰਧੀ ਹੋਰ ਜਾਣਕਾਰੀ ਦਿੰਦਿਆ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਜੀ ਨੇ ਦੱਸਿਆ ਕਿ ਇਸ ਮੌਕੇ ਭਾਈ ਲਖਵੀਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ, ਭਾਈ ਦਵਿੰਦਰ ਸਿੰਘ ਜੀ ਬਟਾਲਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਦਰਬਾਰ ਅੰਮ੍ਰਿਤਸਰ, ਕਥਾ ਵਾਚਕ ਬਾਬਾ ਬੰਤਾ ਸਿੰਘ ਕਥਾਵਾਚਕ ਮੁੰਡਾ ਪਿੰਡ ਵਾਲੇ, ਕਵੀਸ਼ਰੀ ਜੱਥਾ ਭਾਈ ਗੁਰਸ਼ਰਨ ਸਿੰਘ ਜਾਗੋ ਲਹਿਰ ਘੱਲ ਕਲਾਂ ਵਾਲਿਆ ਦੇ ਜਥਿਆ ਵੱਲੋ ਆਈਆ ਸੰਗਤਾ ਨੂੰ ਕਥਾ, ਕੀਰਤਨ ਅਤੇ ਕਵੀਸ਼ਰੀ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਇਸ ਮੌਕੇ ਸਟੇਜ ਸੈਕਟਰੀ ਦੀ ਸੇਵਾ ਮਾਸਟਰ ਸੁਰਜੀਤ ਸਿੰਘ ਵਲੋਂ ਬਾਖੂਬੀ ਨਿਭਾਈ ਗਈ ਇਸ ਮੌਕੇ ਹੋਰਨਾ ਤੋ ਇਲਾਵਾ ਕਰਮ ਸਿੰਘ, ਰਣਵੀਰ ਸਿੰਘ, ਜਸਪਾਲ ਸਿੰਘ, ਨਰਿੰਦਰ ਸਿੰਘ, ਰਛਪਾਲ ਸਿੰਘ, ਦਰਸ਼ਨ ਸਿੰਘ, ਗੁਰਦਿਆਲ ਸਿੰਘ, ਜਰਨੈਲ ਸਿੰਘ, ਹਰਦੀਪ ਸਿੰਘ, ਅਮਰਜੀਤ ਸਿੰਘ ਅਤੇ ਇਲਾਕੇ ਦੀਆ ਸੰਗਤਾ ਹਾਜ਼ਰ ਸਨ।

ਸਿਹਤ ਵਿਭਾਗ ਖੇਮਕਰਨ ਵੱਲੋਂ ਅਧਿਆਪਕਾਂ ਨੂੰ ਆਇਰਨ ਤੇ ਫੋਲਿਕ ਐਸਿਡ ਸਬੰਧੀ ਦਿੱਤੀ ਟ੍ਰੇਨਿੰਗ

ਭਿੱਖੀਵਿੰਡ, 24 ਜਨਵਰੀ, (ਨੀਟੂ ਅਰੋੜਾ ਜਗਤਾਰ ਸਿੰਘ)- ਸਿਵਲ ਸਰਜਨ ਤਰਨਤਾਰਨ ਡਾ ਕਮਲਪਾਲ ਤੇ ਡੀ ਆਈ ਓ ਡਾ ਵਰਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੀਨੀਅਰ ਮੈਡੀਕਲ ਅਫ਼ਸਰ ਡਾ ਜਤਿੰਦਰ ਕੌਰ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਖੇਮਕਰਨ ਵਿਖੇ ਬਲਾਕ ਦੇ ਸਮੂਹ ਅਧਿਆਪਕਾਂ ਨੂੰ ਆਇਰਨ ਤੇ ਫੋਲਕ ਐਸਿਡ ਸਬੰਧੀ ਅਤੇ ਫਰਵਰੀ ਚ ਹੋਣ ਜਾ ਰਹੇ ਡੀ ਵਰਮਿੰਗ ਡੇ ਸੰਬੰਧੀ ਜਾਣਕਾਰੀ ਦਿੱਤੀ ਇਸ ਸਮੇਂ ਐਸਐਮਓ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਫਤਾਵਾਰੀ ਆਇਰਨ ਤੇ ਫੋਲਕ ਐਸਿਡ ਸਪਲੀਮੈਂਟੇਸ਼ਨ ਪ੍ਰੋਗਰਾਮ ਤਹਿਤ ਗੋਲੀਆਂ ਖਵਾਈਆਂ ਜਾਣਗੀਆਂ ਤਾਂ ਜੋ ਅਨੀਮਿਓ ਨੂੰ ਜੜੋਂ ਖਤਮ ਕੀਤਾ ਜਾ ਸਕੇ ਡਾਕਟਰ ਮਨਦੀਪ ਕੌਰ ਮੈਡੀਕਲ ਅਫਸਰ(ਆਰ ਬੀ ਐਸ ਕੇ) ਨੇ ਕਿਹਾ ਕਿ ਇਹ ਗੋਲੀਆਂ ਖਾਲੀ ਪੇਟ ਨਹੀਂ ਖਾਣਾ ਖਵਾਉਣ ਤੋ ਅੱਧਾ ਘੰਟਾ ਬਾਅਦ ਹੀ ਦਿੱਤੀਆਂ ਜਾਣੀਆਂ ਹਨ ਅਤੇ ਉਹਨਾਂ ਦੱਸਿਆ ਕਿ ਡੀ ਵਰਮਿੰਗ ਡੇ ਤਹਿਤ ਅਲਬੈਂਡਾ ਜੋਲ ਦੀਆਂ ਗੋਲੀਆਂ ਵੀ ਖਵਾਈਆਂ ਜਾਣਗੀਆਂ ਉਹਨਾਂ ਕਿਹਾ ਕਿ ਪੇਟ ਦੇ ਕੀੜੇ ਬੱਚਿਆਂ ਵਿੱਚ ਅਨੀਮੀਏ ਦਾ ਮੁੱਖ ਕਾਰਨ ਹੁੰਦੇ ਹਨ ਬਲਾਕ ਐਜੂਕੇਟਰ ਹਰਜੀਤ ਸਿੰਘ ਪਹੂ ਵਿੰਡ ਨੇ ਦੱਸਿਆ ਕਿ ਖਾਣਾ ਖਾਣ ਤੋਂ ਪਹਿਲਾਂ ਅਤੇ ਪਖਾਨਾ ਜਾਣ ਤੋਂ ਬਾਅਦ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਣਾ ਬਹੁਤ ਜਰੂਰੀ ਹੈ ਛੋਟੇ ਬੱਚਿਆਂ ਨੂੰ ਨੰਗੇ ਪੈਰੀ ਨਹੀਂ ਚੱਲਣ ਦੇਣਾ ਚਾਹੀਦਾ ਹੈ ਅਤੇ ਸਕੂਲਾਂ ਵਿੱਚ ਪੀਣ ਵਾਲਾ ਪਾਣੀ ਸਾਫ ਸੁਥਰਾ ਹੋਣਾ ਚਾਹੀਦਾ ਹੈ ਇਸ ਸਮੇਂ ਅੰਸ਼ੁਲ ਆਰੀਆ ਫਾਰਮੇਸੀ ਅਫਸਰ, ਮਨਿੰਦਰ ਕੌਰ ਸਟਾਫ ਨਰਸ, ਗੁਰਪ੍ਰੀਤ ਕੌਰ ਸਟਾਫ ਨਰਸ ਵੱਖ-ਵੱਖ ਸਕੂਲਾਂ ਦੇ ਅਧਿਆਪਕ ਤੇ ਆਂਗਣਵਾੜੀ ਵਰਕਰ ਹਾਜ਼ਰ ਸਨ।

ਐਚਡੀਐਫਸੀ ਬੈਂਕ ਦੀ 2 ਕਰੋੜ ਕ੍ਰੈਡਿਟ ਕਾਰਡਾਂ ਨਾਲ ਇਤਿਹਾਸਕ ਪ੍ਰਾਪਤੀ

ਅੰਮ੍ਰਿਤਸਰ, 24 ਜਨਵਰੀ, ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕ ਐਚਡੀਐਫਸੀ ਬੈਂਕ ਨੇ ਘੋਸ਼ਣਾ ਕੀਤੀ ਹੈ ਕਿ ਉਸਨੇ 2 ਕਰੋੜ ਕ੍ਰੈਡਿਟ ਕਾਰਡ ਇਨ ਫੋਰਸ (ਸੀਆਈਐਫ) ਦਾ ਇਤਿਹਾਸਕ ਮੀਲ ਪੱਥਰ ਹਾਸਲ ਕਰ ਲਿਆ ਹੈ ਇਸ ਦੇ ਨਾਲ ਹੀ ਇਹ ਬੈਂਕ ਦੇਸ਼ ਦਾ ਪਹਿਲਾ ਅਤੇ ਮੌਜੂਦਾ ਬੈਂਕ ਬਣ ਗਿਆ ਹੈ ਜਿਸ ਨੇ ਇਹ ਉਪਲਬਧੀ ਹਾਸਲ ਕੀਤੀ ਹੈ ਐਚਡੀਐਫਸੀ ਬੈਂਕ ਨੇ ਆਪਣਾ ਪਹਿਲਾ ਕ੍ਰੈਡਿਟ ਕਾਰਡ ਲਾਂਚ ਕਰਕੇ 2001 ਵਿੱਚ ਕ੍ਰੈਡਿਟ ਕਾਰਡ ਕਾਰੋਬਾਰ ਸ਼ੁਰੂ ਕੀਤਾ ਸੀ ਬੈਂਕ ਨੇ 2017 ਵਿੱਚ ਸੀਆਈਐਫ 1 ਕਰੋੜ ਦੇ ਮੀਲਪੱਥਰ 'ਤੇ ਪਹੁੰਚਿਆ, ਇੱਕ ਸਫ਼ਰ ਜੋ ਲਗਭਗ 16 ਸਾਲਾਂ ਦਾ ਸੀ ਐਚਡੀਐਫਸੀ ਬੈਂਕ ਨੇ ਇਸ ਸੀਆਈਐਫ ਨੰਬਰ ਨੂੰ 6 ਸਾਲ ਅਤੇ 1 ਮਹੀਨੇ ਵਿੱਚ ਦੁੱਗਣਾ ਕਰ ਕੇ 2 ਕਰੋੜ ਰੁਪਏ ਕਰ ਦਿੱਤਾ ਹੈ ਸ਼੍ਰੀ ਪਰਾਗ ਰਾਓ, ਗਰੁੱਪ ਹੈੱਡ - ਭੁਗਤਾਨ, ਖਪਤਕਾਰ ਵਿੱਤ, ਮਾਰਕੀਟਿੰਗ, ਦੇਣਦਾਰੀ ਉਤਪਾਦ ਸਮੂਹ, ਟੀਪੀਪੀ, ਈਬੀਸੀਪੀ, ਗੈਰ-ਨਿਵਾਸੀ ਉਤਪਾਦ, ਜੀਆਈਬੀ ਅਤੇ ਜੀਆਈਜੀ ਬੈਂਕਿੰਗ - ਐਚਡੀਐਫਸੀ ਬੈਂਕ ਨੇ ਕਿਹਾ, "ਇਹ ਇੱਕ ਕਮਾਲ ਦਾ ਮੀਲ ਪੱਥਰ ਹੈ ਕਿਉਂਕਿ ਅਸੀਂ 2 ਕਰੋੜ ਕ੍ਰੈਡਿਟ ਜਾਰੀ ਕੀਤੇ ਹਨ ਕਾਰਡ ਅਸੀਂ ਆਪਣੇ ਕੀਮਤੀ ਗਾਹਕਾਂ ਦੇ ਉਨ੍ਹਾਂ ਦੇ ਭਰੋਸੇ ਅਤੇ ਵਫ਼ਾਦਾਰੀ ਲਈ ਸ਼ੁਕਰਗੁਜ਼ਾਰ ਹਾਂ ਐਚਡੀਐਫਸੀ ਬੈਂਕ ਦੇਸ਼ ਵਿੱਚ ਪ੍ਰਮੁੱਖ ਕਾਰਡ ਜਾਰੀਕਰਤਾਵਾਂ ਵਿੱਚੋਂ ਇੱਕ ਹੈਅਤੇ 31 ਮਾਰਚ, 2023 ਤੱਕ, ਇਸਦਾ ਕ੍ਰੈਡਿਟ ਕਾਰਡ ਕਾਰੋਬਾਰ ਵਿੱਚ 28.6 ਪ੍ਰਤੀਸ਼ਤ ਦੀ ਸਭ ਤੋਂ ਵੱਡੀ ਮਾਰਕੀਟ ਹਿੱਸੇਦਾਰੀ ਸੀ

HDFC BANK
We understand your world

ਲੇਖਕ ਗੁਲਾਮੀਵਾਲਾ ਦੀ ਧਾਰਮਿਕ ਪੁਸਤਕ ਨਰਸੀ ਨਾਮਦੇਵ ਜੀ ਲੁਧਿਆਣਾ ਵਿਖੇ ਰਿਲੀਜ਼ ਕੀਤੀ ਗਈ

ਫੋਟੋ- ਅਮਰੀਕ ਸਿੰਘ ਪ੍ਰਿੰਸ

ਲੁਧਿਆਣਾ, 24 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ)- ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਉਂਡੇਸ਼ਨ ਵੱਲੋਂ ਸਥਾਨਿਕ ਪੱਖੋਵਾਲ ਰੋਡ ਵਿਖੇ ਇਕ ਸਮਾਗਮ ਦੌਰਾਨ ਉੱਘੇ ਪੰਜਾਬੀ ਲੇਖਕ ਸਰਦਾਰ ਬੂਟਾ ਸਿੰਘ ਗੁਲਾਮੀਵਾਲਾ ਵੱਲੋਂ ਲਿਖੀ ਧਾਰਮਿਕ ਪੁਸਤਕ ਨਰਸੀ ਨਾਮਦੇਵ ਜੀ (ਸਫ਼ਰਨਾਮਾ) ਨੂੰ ਲੁਧਿਆਣਾ ਵਿਖੇ ਰਿਲੀਜ਼ ਕੀਤਾ ਗਿਆ ਇਸ ਮੌਕੇ ਫਾਉਂਡੇਸ਼ਨ ਦੇ ਪ੍ਰਧਾਨ ਸੁਖਵਿੰਦਰਪਾਲ ਸਿੰਘ ਗਰਚਾ ਨੇ ਦੱਸਿਆ ਕਿ ਸਰਦਾਰ ਗੁਲਾਮੀਵਾਲਾ ਦੀ ਲਿਖੀ ਇਹ ਧਾਰਮਿਕ ਪੁਸਤਕ ਸਾਡੇ ਅਤੇ ਸਾਡੀ ਨੌਜਵਾਨ ਪੀੜੀ ਲਈ ਬਹੁਤ ਕੀਮਤੀ ਹੈ ਕਿਉਂਕਿ ਇਸ ਵਿੱਚ ਭਗਤੀ ਲਹਿਰ ਦੇ ਮਾਣਕ ਮੋਤੀ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ ਜੀਵਨ ਬਾਰੇ ਬਹੁਤ ਅਹਿਮ ਜਾਣਕਾਰੀ ਪ੍ਰਦਾਨ ਕਰਦੀ ਹੈ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਗੁਲਾਮੀਵਾਲਾ ਨੇ ਸੱਭਿਆਚਾਰਕ ਤੇ ਵਿਰਸੇ ਵਿੱਚ ਜਿੱਥੇ ਆਪਣੀ ਕਲਮ ਨੂੰ ਚਲਾਇਆ ਤੇ ਸਫਲਤਾ ਪ੍ਰਾਪਤ ਕੀਤੀ ਹੈ ਉਸ ਤੋਂ ਬਾਅਦ ਹੁਣ ਇੱਕ ਧਾਰਮਿਕ ਪੁਸਤਕ ਰੁਚੀ ਰੱਖਣ ਵਾਲੇ ਪਾਠਕਾਂ ਲਈ ਲੈਕੇ ਹਾਜ਼ਰ ਹੋਏ ਹਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ 35 ਭਗਤਾਂ ਦੇ ਵਿੱਚੋਂ ਭਗਤ ਨਾਮਦੇਵ ਜੀ ਦੇ ਜੀਵਨ ਨਾਲ ਸਬੰਧਤ ਇਹ ਖੋਜ ਧਾਰਮਿਕ ਕਿਤਾਬ ਆਪਣੇ ਆਪ ਵਿੱਚ ਵੱਖਰੀ ਕਹੀ ਜਾ ਸਕਦੀ ਹੈ ਭਗਤ ਬਾਬਾ ਨਾਮਦੇਵ ਜੀ ਦੀ ਖੋਜੀ ਕਿਤਾਬ ਨਰਸੀ ਨਾਮਦੇਵ ਜੀ (ਸਫ਼ਰਨਾਮਾ) ਲਿਖ ਕੇ ਤਿੰਨ ਚਾਰ ਸਾਲ ਦੀ ਮਿਹਨਤ ਪਿਛੋਂ ਬੂਟਾ ਗੁਲਾਮੀ ਵਾਲਾ ਨੇ ਇਸ ਕਿਤਾਬ ਨੂੰ ਸੰਗਤਾਂ ਦੇ ਰੂਬਰੂ ਕੀਤਾ ਹੈ, ਭਾਵੇ ਭਗਤ ਜੀ ਤੇ ਅੱਗੇ ਵੀ ਬਹੁਤ ਸਾਰੀਆਂ ਪੁਸਤਕਾਂ ਆ ਚੁੱਕੀਆਂ ਹਨ ਪਰ ਫੇਰ ਵੀ ਇਹ ਕਿਤਾਬ ਉਨ੍ਹਾਂ ਤੋਂ ਥੋੜੀ ਅਲੱਗ ਹੈ ਸਫ਼ਰਨਾਮਾ ਦੇ ਰੂਪ ਵਿੱਚ ਲਿਖੀ ਗਈ ਇਸ ਪੁਸਤਕ ਵਿੱਚ ਬਹੁਤ ਡੂੰਘਾਈ ਵਿੱਚ ਜਾ ਕੇ ਜਾਣਕਾਰੀਆਂ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ, ਭਗਤ ਬਾਬਾ ਨਾਮਦੇਵ ਜੀ ਅਤੇ ਪ੍ਰਭੂ ਪ੍ਰਮਾਤਮਾ ਦੇ ਵਿੱਚ ਕੋਈ ਭੇਦ ਹੀ ਨਹੀਂ ਸੀ ਔਢਾਂ ਮੰਦਿਰ, ਕੇਸ਼ੋ ਮੰਦਿਰ, ਗੁਰਦੁਆਰਾ ਨਰਸੀ ਨਾਮਦੇਵ ਜੀ ਤੋਂ ਭਗਤ ਜੀ ਦਾ ਘੁਮਾਣ ਆਉਣਾ, ਤਪਿਆਣਾ ਸਾਹਿਬ, ਦਰਬਾਰ ਸਾਹਿਬ ਘੁਮਾਣ ਅਤੇ ਬਹੁਤ ਸਾਰੀਆਂ ਹੋਰ ਵੀ ਜਾਣਕਾਰੀਆਂ ਇਸ ਪੁਸਤਕ ਵਿਚ ਤੁਹਾਨੂੰ ਪੜਨ ਨੂੰ ਮਿਲਣਗੀਆਂ ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਉਂਡੇਸ਼ਨ ਵੱਲੋਂ ਪ੍ਰਧਾਨ ਸੁਖਵਿੰਦਰਪਾਲ ਸਿੰਘ ਗਰਚਾ ਦੀ ਅਗਵਾਈ ਵਿੱਚ ਵਿਸ਼ੇਸ਼ ਤੌਰ ਤੇ ਸਿਰੋਪਾਉ, ਦੁਸ਼ਾਲਾ ਤੇ ਸਨਮਾਨ ਨਿਸ਼ਾਨੀ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਫਾਉਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਮਹਿੰਦਰ ਸਿੰਘ ਸੰਧੂ, ਪੰਜਾਬੀ ਵਿਰਸੇ ਨੂੰ ਪ੍ਰਫੁੱਲਤ ਕਰਨ ਵਾਲੇ ਉਘੇ ਕਲਾ ਪ੍ਰੇਮੀ ਜਸਮੇਰ ਸਿੰਘ ਢੱਟ, ਸਮਾਜ ਸੇਵੀ ਰਾਜੀਵ ਕੁਮਾਰ ਸ਼ਰਮਾ, ਦਰਸ਼ਨ ਸਿੰਘ ਗਰਚਾ, ਕਾਕਾ ਰਾਜਦੀਪ ਸਿੰਘ, ਬਲਰਾਜ ਸਿੰਘ, ਸੰਜੀਵ ਕੁਮਾਰ ਸ਼ਰਮਾ, ਹਰਪ੍ਰੀਤ ਸਿੰਘ ਸੋਹਲ, ਪਰਵਿੰਦਰ ਸਿੰਘ ਜੱਸਲ ਆਦਿ ਵੀ ਹਾਜ਼ਰ ਸਨ।

ਗੁਰੂ ਨਾਨਕ ਮੈਨੇਜਿੰਗ ਬੋਰਡ ਦੇ ਪ੍ਰਧਾਨ ਸ਼੍ਰੀਮਤੀ ਰੂਪ ਬਰਾੜ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਈ

ਦੋਰਾਹਾ, 24 ਜਨਵਰੀ (ਇੰਦਰਜੀਤ ਸਿੰਘ ਦੇਹਿੜੂ)- ਬੀਤੇ ਦਿਨ ਸਥਾਨਿਕ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਅਤੇ ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੇ ਪ੍ਰਧਾਨ ਸ਼੍ਰੀਮਤੀ ਰੂਪ ਕੌਰ ਬਰਾੜ ਦਾਮਿਤੀ 20 ਜਨਵਰੀ, 2024 ਨੂੰ ਸ਼ਾਮ 4:30 ਵਜੇ ਅਚਾਨਕ ਦਿਹਾਂਤ ਹੋ ਗਿਆ ਸੀ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦੇਣ ਲਈ ਅੱਜ ਬਾਅਦ ਦੁਪਹਿਰ 3:30 ਵਜੇ ਪੱਛਮ ਮਾਰਗ, ਸੈਕਟਰ -25 ਵੈਸਟ, ਚੰਡੀਗੜ੍ਹ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਪਰਿਵਾਰ ਵੱਲੋਂ ਉਨ੍ਹਾਂ ਦੇ ਪਤੀ ਕਰਨਲ ਸ. ਰੁਪਿੰਦਰ ਸਿੰਘ ਬਰਾੜਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ, ਦੂਰੋਂ-ਨੇੜਿਓਂ ਪਹੁੰਚੇ ਰਿਸ਼ਤੇਦਾਰਾਂ, ਸਮਾਜਿਕ ਸੰਸਥਾਵਾਂ ਅਤੇ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧਾਂਨੇ ਸੇਜਲ ਅੱਖਾਂ ਨਾਲ ਸ਼੍ਰੀਮਤੀ ਰੂਪ ਬਰਾੜ ਨੂੰ ਅੰਤਿਮ ਵਿਦਾਇਗੀ ਦਿੱਤੀ ਇਸ ਮੌਕੇ ਗੁਰੂ ਨਾਨਕ ਨੈਸ਼ਨਲ ਕਾਲਜ ਅਤੇ ਗੁਰੂ ਨਾਨਕ ਮਾਡਲ ਸਕੂਲ ਦੋਰਾਹਾ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ, ਪ੍ਰਿੰਸੀਪਲ ਸਾਹਿਬਾਨ ਅਤੇ ਸਮੂਹ ਸਟਾਫ਼ ਤੋਂ ਇਲਾਵਾ ਬਹੁਤ ਸਾਰੀਆਂ ਉੱਘੀਆਂ ਸ਼ਖ਼ਸੀਅਤਾਂ ਅੰਤਿਮ ਰਸਮਾਂ ਵਿੱਚ ਸ਼ਾਮਿਲ ਹੋਈਆਂ ਅੰਤਿਮ ਰਸਮਾਂ ਦੀ ਸਮਾਪਤੀ ਉਪਰੰਤ ਕਰਨਲ ਸ. ਰੁਪਿੰਦਰ ਸਿੰਘ ਬਰਾੜ ਨੇ ਇਸ ਦੁੱਖ ਦੀ ਘੜੀ ਵਿੱਚ ਸ਼ਾਮਿਲ ਹੋਣ ਲਈ ਸਭ ਦਾ ਧੰਨਵਾਦ ਕੀਤਾ।

ਲਾਇਲਪੁਰ ਖ਼ਾਲਸਾ ਕਾਲਜ ਦੇ 13 ਐਨ.ਸੀ.ਸੀ. ਕੈਡਿਟ ਬਣਨਗੇ ਗਣਤੰਤਰ ਦਿਵਸ ਪਰੇਡ ਦਾ ਹਿੱਸਾ

ਜਲੰਧਰ 24 ਜਨਵਰੀ (ਜੇ.ਐੱਸ. ਸੋਢੀ) ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਵਿਦਿਆਰਥੀ ਸਿੱਖਿਆ, ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਦੇ ਨਾਲ-ਨਾਲ ਐਨ.ਸੀ.ਸ ਅਤੇ ਐਨ.ਐਸ.ਐਸ. ਵਰਗੀਆਂ ਅਨੁਸ਼ਾਸ਼ਿਤ ਸਰਗਰਮੀਆਂ ਵਿੱਚ ਵੀ ਅੱਗੇ ਹੋ ਕੇ ਭਾਗ ਲੈ ਰਹੇ ਹਨ ਐਨ.ਸੀ.ਸੀ. ਕੈਡਿਟ ਅਭਿਸ਼ੇਕ ਕੁਮਾਰ ਅਤੇ ਗੁੜ੍ਹੀਆ ਵਰਮਾ ਜਿੱਥੇ 75ਵੇਂ ਗਣਤੰਤਰ ਦਿਵਸ ਤੇ ਦਿੱਲੀ ਦੇ ਕਰਤੱਵਯ ਪੱਥ ਤੇ ਕਾਲਜ ਦੀ ਪ੍ਰਤੀਨਿਧਤਾ ਕਰ ਰਹੇ ਹਨ, ਉਥੇ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿੱਚ ਹੋ ਰਹੇ ਪ੍ਰਦੇਸ਼ਿਕ ਸਮਾਰੋਹ ਵਿੱਚ 13 ਵਿਦਿਆਰਥੀ ਮਾਰਚ ਪਾਸਟ ਦਾ ਹਿੱਸਾ ਬਣਨ ਜਾ ਰਹੇ ਹਨ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਮੀਡੀਆ ਰਿਲੀਜ਼ ਵਿੱਚ ਕਿਹਾ ਕਿ ਕਾਲਜ ਆਪਣੇ ਵਿਦਿਆਰਥੀਆਂ ਦੀ ਮਿਹਨਤ ਅਤੇ ਸਫ਼ਲਤਾਵਾਂ ਤੇ ਮਾਣ ਮਹਿਸੂਸ ਕਰਦਾ ਹੈ ਇਸ ਵਾਰ ਗਣਤੰਤਰ ਦਿਵਸ ਤੇ ਪੰਜਾਬ ਦੀ ਝਾਕੀ ਨਹੀਂ ਹੈ ਪਰ ਫਿਰ ਵੀ ਦੇਸ਼ ਪੱਧਰੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਕੇ ਲਾਇਲਪੁਰ ਖ਼ਾਲਸਾ ਕਾਲਜ ਦੇ 6 ਵਿਦਿਆਰਥੀ ਅਤੇ ਵਿਦਿਆਰਥਣਾਂ ਦਿੱਲੀ ਦੇ ਗਣਤੰਤਰ ਦਿਵਸ ਵਿਚ ਮਾਰਚ ਪਾਸਟ ਦਾ ਹਿੱਸਾ ਬਣਨਗੇ ਪੰਜਾਬ ਵਿੱਚ ਸਿਰਫ਼ ਲਾਇਲਪੁਰ ਖ਼ਾਲਸਾ ਕਾਲਜ ਹੈ ਜਿਸਦੇ 6 ਵਿਦਿਆਰਥੀ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲੈ ਰਹੇ ਹਨ ਉਨ੍ਹਾਂ ਅੱਗੇ ਕਿਹਾ ਕਿ ਸੀਨੀਅਰ ਅੰਡਰ ਅਫ਼ਸਰ ਜਸਪ੍ਰੀਤ, ਅੰਡਰ ਅਫ਼ਸਰ ਮੋਹਨ ਠਾਕੁਰ ਅਤੇ ਰਵਿੰਦਰ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਵਿਦਿਆਰਥੀ ਜਲੰਧਰ ਦੇ ਗਣਤੰਤਰ ਦਿਵਸ ਸਮਾਰੋਹ ਦਾ ਹਿੱਸਾ ਬਣਨਗੇ ਕਾਲਜ ਦਾ ਐਨ.ਸੀ.ਸੀ. ਯੂਨਿਟ 2 ਪੰਜਾਬ ਐਨ.ਸੀ.ਸੀ. ਬਟਾਲੀਅਨ ਨਾਲ ਸਬੰਧਿਤ ਹੈ ਅਤੇ ਇਸ ਵੇਲੇ ਹਵਲਦਾਰ ਰਾਜਵਿੰਦਰ ਸਿੰਘ ਕੈਡਿਟਸ ਦੀ ਟ੍ਰੇਨਿੰਗ ਸਟੇਡੀਅਮ ਵਿੱਚ ਕਰਵਾ ਰਹੇ ਹਨ ਇਸ ਮੌਕੇ ਐਨ.ਸੀ.ਸੀ. ਅਫ਼ਸਰ ਡਾ. ਕਰਨਬੀਰ ਸਿੰਘ ਅਤੇ ਐਨ.ਸੀ.ਸੀ. ਪ੍ਰੋਗਰਾਮ ਅਫ਼ਸਰ ਪ੍ਰੋ. ਸਤਪਾਲ ਸਿੰਘ ਵੀ ਮੌਜੂਦ ਸਨ।

ਗਣਤੰਤਰ ਦਿਹਾੜੇ ਮੌਕੇ ਮਾਨਸਾ 'ਚ ਮਾਲ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਸ਼੍ਰੀ ਬ੍ਰਮ ਸ਼ੰਕਰ ਜਿੰਪਾ ਲਹਿਰਾਉਣਗੇ ਤਿਰੰਗਾ

ਮਾਨਸਾ, 24 ਜਨਵਰੀ, (ਨਰੇਸ਼ ਕੁਮਾਰ ਰਿੰਪੀ)- ਮਾਨਸਾ ਵਿਖੇ 26 ਜਨਵਰੀ ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਹਾੜੇ ਦੇ ਸਮਾਗਮ ਦੀ ਅੱਜ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਮੁਕੰਮਲ ਡਰੈੱਸ ਰਿਹਰਸਲ ਕੀਤੀ ਗਈ, ਮੁਕੰਮਲ ਡਰੈੱਸ ਰਿਹਰਸਲ ਦਾ ਡਿਪਟੀ ਕਮਿਸ਼ਨਰ ਸ਼੍ਰੀ ਪਰਮਵੀਰ ਸਿੰਘ ਅਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਵੱਲੋਂ ਜਾਇਜ਼ਾ ਲਿਆ ਗਿਆ। ਡਿਪਟੀ ਕਮਿਸ਼ਨਰ ਸ਼੍ਰੀ ਪਰਮਵੀਰ ਸਿੰਘ ਨੇ ਦੱਸਿਆ ਕਿ ਮਾਨਸਾ ਵਿਖੇ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਮਾਲ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਪੰਜਾਬ ਸ਼੍ਰੀ ਬ੍ਰਮ ਸ਼ੰਕਰ ਜਿੰਪਾ ਅਦਾ ਕਰਨਗੇ। ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਮੁਕੰਮਲ ਡਰੈਸ ਰਿਹਰਸਲ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਪਰਮਵੀਰ ਸਿੰਘ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਇਸ ਉਪਰੰਤ ਪਰੇਡ ਦਾ ਨਿਰੀਖਣ ਕੀਤਾ ਗਿਆ। ਇਸ ਤੋਂ ਬਾਅਦ ਪੰਜਾਬ ਪੁਲਿਸ ਦੇ ਅਨੁਸ਼ਾਸ਼ਿਤ ਜਵਾਨਾਂ, ਮਹਿਲਾ ਪਲਟੂਨ, ਪੰਜਾਬ ਹੋਮਗਾਰਡ ਅਤੇ ਐਨ.ਸੀ.ਸੀ. ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 26 ਜਨਵਰੀ ਨੂੰ ਹੋਣ ਵਾਲੇ ਗਣਤੰਤਰ ਦਿਹਾੜੇ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਇਹ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਰਿਹਰਸਲ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਵਿਭਾਗਾਂ ਦੇ ਮੁਖੀਆਂ ਅਤੇ ਵੱਖ-ਵੱਖ ਸਕੂਲ ਇੰਚਾਰਜਾਂ ਨਾਲ ਮੀਟਿੰਗ ਕੀਤੀ ਗਈ ਅਤੇ ਇਸ ਜ਼ਿਲ੍ਹਾ ਪੱਧਰੀ ਸਮਾਗਮ ਨੂੰ ਹੋਰ ਵਧੀਆ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਅਹਿਮ ਨੁਕਤੇ ਸਾਂਝੇ ਕੀਤੇ ਗਏ। ਉਨ੍ਹਾਂ ਅਧਿਕਾਰੀਆਂ ਅਤੇ ਹੋਰਨਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਲਗਨ ਅਤੇ ਤਨਦੇਹੀ ਨਾਲ ਨਿਭਾਉਣ ਲਈ ਕਿਹਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀ ਨਿਰਮਲ ਓਸੇਪਚਨ, ਐਸ.ਡੀ.ਐਮ. ਮਾਨਸਾ ਸ਼੍ਰੀ ਮਨਜੀਤ ਸਿੰਘ ਰਾਜਲਾ ਤੋਂ ਇਲਾਵਾ ਹੋਰ ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

ਆਰਟੀਆਈ ਐਕਟਿਵਿਸਟ ਫ਼ਰੰਟ ਆਫ਼ ਇੰਡੀਆ (ਰਾਫ਼ੀ) ਦੀ ਹੋਈ ਮੀਟਿੰਗ

ਹੁਸ਼ਿਆਰਪੁਰ, 24 ਜਨਵਰੀ, (ਤਰਸੇਮ ਦੀਵਾਨਾ)- ਆਰਟੀਆਈ ਐਕਟਿਵਿਸਟ ਫ਼ਰੰਟ ਆਫ ਇੰਡੀਆ" (ਰਾਫ਼ੀ) ਦੀ ਮੀਟਿੰਗ ਹੁਸ਼ਿਆਰਪੁਰ ਵਿੱਚ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ? ਜਿਸ ਵਿੱਚ ਉਚੇਚੇ ਤੌਰ ਤੇ ਚੇਅਰਮੈਨ ਤਰਸੇਮ ਦੀਵਾਨਾ ਸ਼ਾਮਿਲ ਹੋਏ ? ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ 'ਰਾਫ਼ੀ' ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਚਨਾ ਕਮਿਸ਼ਨਰਾਂ ਦੀਆਂ ਖਾਲੀ ਪੋਸਟਾਂ ਕਾਰਨ ਹੋ ਰਹੇ ਵੱਡੇ ਨੁਕਸਾਨ ਨੂੰ ਦੇਖਦਿਆਂ ਇਹਨਾਂ ਪੋਸਟਾਂ ਨੂੰ ਛੇਤੀ ਭਰਨ ਦੀ ਅਪੀਲ ਕੀਤੀ ਗਈ ਸੀ ਜਿਸ 'ਤੇ ਕਾਰਵਾਈ ਸ਼ੁਰੂ ਕਰਦਿਆਂ ਮੁੱਖ ਮੰਤਰੀ ਵੱਲੋਂ ਮੁੱਖ ਸੂਚਨਾ ਕਮਿਸ਼ਨਰ ਵਜੋਂ ਐਡਵੋਕੇਟ ਇੰਦਰਪਾਲ ਸਿੰਘ ਧੰਨਾ ਦੀ ਨਿਯੁਕਤੀ ਕਰਕੇ ਸਵਾਗਤ ਯੋਗ ਪਹਿਲ ਕਦਮੀ ਕੀਤੀ ਹੈ ਉਹਨਾਂ ਆਸ ਪ੍ਰਗਟ ਕਰਦਿਆਂ ਕਿਹਾ ਕਿ ਮੁੱਖ ਸੂਚਨਾ ਕਮਿਸ਼ਨਰ ਵੱਜੋਂ ਐਡਵੋਕੇਟ ਧੰਨਾ ਸ਼ਿਫ਼ਾਰਸ਼, ਨਿਰਪੱਖਤਾ ਅਤੇ ਧੜੇਬੰਦੀ ਤੋਂ ਨਿਰਲੇਪ ਹੋ ਕੇ ਆਪਣੀ ਜਿੰਮੇਵਾਰੀ ਨਿਭਾਉਣਗੇ ? ਉਨ੍ਹਾਂ ਆਰਟੀਆਈ ਐਕਟਿਵਿਸਟ ਫ਼ਰੰਟ ਆਫ਼ ਇੰਡੀਆ" (ਰਾਫ਼ੀ) ਵੱਲੋਂ ਐਡਵੋਕੇਟ ਧੰਨਾ ਨੂੰ ਅਪੀਲ ਕੀਤੀ ਕਿ ਆਨੇ ਬਹਾਨੇ ਸੂਚਨਾ ਦੇਣ ਵਿੱਚ ਦੇਰੀ ਕਰਦੇ ਭ੍ਰਿਸ਼ਟ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਕਰਦਿਆਂ ਅਪੀਲ ਕਰਤਾਵਾਂ ਨੂੰ ਸਮੇਂ ਸਿਰ ਸੂਚਨਾ ਦਿਵਾ ਕੇ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਛੇੜੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਿੰ. ਬਲਵੀਰ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਸੂਚਨਾ ਦੇ ਅਧਿਕਾਰ ਨੂੰ ਸਰਵ ਵਿਆਪੀ ਬਣਾਉਣ ਲਈ ਲਾਗੂ ਕੀਤਾ ਗਿਆ ਆਰਟੀਆਈ ਐਕਟ 2005 ਆਪਣਾ ਬਣਦਾ ਪ੍ਰਭਾਵ ਪਾਉਣ ਵਿੱਚ ਅਸਫਲ ਸਾਬਤ ਹੋ ਰਿਹਾ ਹੈ ਕਿਉਂਕਿ ਆਰਟੀਆਈ ਐਕਟ ਬਣਾਉਣ ਦਾ ਮਕਸਦ ਜਿੱਥੇ ਸਰਕਾਰੀ ਤੰਤਰ ਨੂੰ ਚੁਸਤ ਦਰੁਸਤ ਕਰਨਾ ਸੀ ਉੱਥੇ ਆਮ ਲੋਕਾਂ ਨੂੰ ਸਰਕਾਰੀ ਕੰਮਕਾਰ ਦੀ ਜਾਣਕਾਰੀ ਬਿਨਾਂ ਕਿਸੇ ਝੰਜਟ ਅਤੇ ਰੋਕ ਟੋਕ ਤੋਂ ਮੁਹੱਈਆ ਕਰਵਾਉਣਾ ਸੀ, ਪਰ ਅਫਸੋਸ ਕਿ ਆਰਟੀਆਈ ਐਕਟ ਤਹਿਤ ਦਰਜ ਮਾਮਲਿਆਂ ਦੀ ਸੁਣਵਾਈ ਤੇ ਮੁਨਾਸਿਬ ਕਾਰਵਾਈ ਖਾਲੀ ਪੋਸਟਾਂ ਕਾਰਣ ਸਰਕਾਰੀ ਤੰਤਰ ਦੀ ਵੱਡੀ ਘਾਟ ਦੇ ਚਲਦਿਆਂ ਇਹ ਸਹੂਲਤ ਲੋਕਾਂ ਨੂੰ ਸਹੀ ਢੰਗ ਨਾਲ ਪ੍ਰਾਪਤ ਨਹੀਂ ਹੋ ਰਹੀ ਹੈ ਇਸ ਸਬੰਧੀ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਪੰਜਾਬ ਸੂਚਨਾ ਦਫਤਰ ਚੰਡੀਗੜ੍ਹ ਵਿੱਚ ਚੀਫ ਕਮਿਸ਼ਨਰ ਸਮੇਤ ਕਰੀਬ 13 ਪੋਸਟਾਂ ਹਨ ਜਿਨਾਂ ਵਿੱਚੋਂ ਇਸ ਵੇਲੇ ਕੇਵਲ 2 ਪੋਸਟਾਂ ਤੇ ਹੀ ਸੂਚਨਾ ਕਮਿਸ਼ਨਰ ਕੰਮ ਕਰ ਰਹੇ ਹਨ ਮੁੱਖ ਸੂਚਨਾ ਕਮਿਸ਼ਨਰ ਦੀ ਪੋਸਟ ਭਰਨ ਤੋਂ ਬਾਅਦ ਵੀ ਸੂਚਨਾ ਕਮਿਸ਼ਨਰਾਂ ਦੀਆਂ 9 ਪੋਸਟਾਂ ਖਾਲੀ ਹਨ ਜਿਸ ਨਾਲ ਸੂਚਨਾ ਦੇ ਅਧਿਕਾਰ ਦਾ ਕੰਮ ਵੱਡੀ ਪੱਧਰ ਤੇ ਪ੍ਰਭਾਵਿਤ ਹੋ ਰਿਹਾ ਹੈ ਅਤੇ ਅਪੀਲ ਕਰਤਾਵਾਂ ਨੂੰ ਸਮੇਂ ਸਿਰ ਸੁਣਵਾਈ ਨਾ ਹੋਣ ਕਾਰਨ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਬੱਡੀ ਕੋਚ ਦੇਵੀ ਦਿਆਲ ਦੇ ਅਕਾਲ ਚਲਾਣੇ ਤੇ ਵੱਖ ਵੱਖ ਸੰਸਥਾਵਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

ਕੋਚ ਦੇਵੀ ਦਿਆਲ ਸ਼ਰਮਾ
(ਫਾਈਲ ਫੋਟੋ)

ਸਮਰਾਲਾ, 24 ਜਨਵਰੀ, (ਦਿਨੇਸ਼ ਭਾਰਦਵਾਜ)- ਬੀਤੇ ਦਿਨੀਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਪ੍ਰਣਾਈ ਸਖਸ਼ੀਅਤ ਕੋਚ ਦੇਵੀ ਦਿਆਲ ਸ਼ਰਮਾ ਜੋ ਅਚਾਨਕ ਵਿਛੋੜਾ ਦੇ ਗਏ ਸਨ, ਸਬੰਧੀ ਵੱਖ ਵੱਖ ਜਥੇਬੰਦੀਆਂ ਦੀਆਂ ਸਾਂਝੇ ਤੌਰ ਤੇ ਮੀਟਿੰਗ ਹੋਈ ਵੱਖ ਵੱਖ ਬੁਲਾਰਿਆਂ ਨੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕਿਹਾ ਕਿ ਦੇਵੀ ਦਿਆਲ ਸ਼ਰਮਾ ਖੁਦ ਇੱਕ ਸੰਸਥਾ ਸਨ, ਜਿਨ੍ਹਾਂ ਦੀ ਰਹਿਨੁਮਾਈ ਹੇਠ ਹਜਾਰਾਂ ਹੀ ਖਿਡਾਰੀਆਂ ਨੇ ਸਿੱਖਿਆ ਪ੍ਰਾਪਤ ਕੀਤੀ ਅਤੇ ਉੱਚੇ ਮੁਕਾਮ ਹਾਸਲ ਕੀਤੇ ਜਿਨ੍ਹਾਂ ਦੁਆਰਾ ਚੰਡੇ ਨੌਜਵਾਨ ਅੱਜ ਦੇਸ਼ਾਂ, ਵਿਦੇਸ਼ਾਂ ਵਿੱਚ ਉੱਚ ਅਹੁਦਿਆਂ ਤੇ ਬਿਰਾਜਮਾਨ ਹੋ ਕੇ ਨਾਮਨਾ ਖੱਟ ਰਹੇ ਹਨ ਮਾਲਵਾ ਕਾਲਜ ਬੌਂਦਲੀ ਨੂੰ ਦਿੱਤੀ ਅਦੁੱਤੀ ਦੇਣ ਕਦੀ ਵੀ ਨਹੀਂ ਭੁਲਾਈ ਜਾ ਸਕਦੀ ਮਾਲਵਾ ਕਾਲਜ ਬੌਂਦਲੀ ਖੇਡ ਸਟੇਡੀਅਮ ਦਾ ਕਣ ਕਣ ਕੋਚ ਦੇਵੀ ਦਿਆਲ ਦਾ ਰਿਣੀ ਹੈ, ਜਿਨ੍ਹਾਂ ਦੀ ਬਦੌਲਤ ਮਾਲਵਾ ਕਾਲਜ ਅਤੇ ਸਮਰਾਲਾ ਇਲਾਕੇ ਦਾ ਨਾਂ ਪੂਰੇ ਸੰਸਾਰ ਭਰ ਵਿੱਚ ਪ੍ਰਸਿੱਧ ਹੋ ਗਿਆ ਉਨ੍ਹਾਂ ਦੀ ਮੌਤ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਸਦਾ ਇੱਕ ਟੀਸ ਬਣਕੇ ਰੜਕਦਾ ਰਹੇਗਾ ਮੀਟਿੰਗ ਵਿੱਚ ਭਾਗ ਲੈਣ ਵਾਲਿਆਂ ਵਿੱਚ ਪ੍ਰਮੁੱਖ ਪ੍ਰਮੁੱਖ ਸੰਸਥਾਵਾਂ ਦੇ ਮੁਖੀ ਜਿਨ੍ਹਾਂ ਵਿੱਚ ਸ਼੍ਰੀ ਬ੍ਰਾਹਮਣ ਸਭਾ ਪੰਜਾਬ ਦੇ ਜਨਰਲ ਸਕੱਤਰ, ਪੰਜਾਬੀ ਸਾਹਿਤ ਸਭਾ (ਰਜਿ:) ਸਮਰਾਲਾ ਦੇ ਸਰਪ੍ਰਸਤ ਬਿਹਾਰੀ ਲਾਲ ਸੱਦੀ, ਸਾਹਿਤ ਸਭਾ ਸਮਰਾਲਾ ਦੇ ਚੇਅਰਮੈਨ ਕਹਾਣੀਕਾਰ ਸੁਖਜੀਤ, ਪ੍ਰਧਾਨ ਐਡਵੋਕੇਟ ਨਰਿੰਦਰ ਸ਼ਰਮਾ,ਮਾਲਵਾ ਸਪੋਰਟਸ ਐਂਡ ਵੈਲਫੇਅਰ ਕਲੱਬ ਸਮਰਾਲਾ ਦੇ ਅਹੁਦੇਦਾਰ ਦੀਪੂ ਕਕਰਾਲਾ, ਭਿੰਡੀ ਝਾੜ ਸਾਹਿਬ,ਜਿੰਦਰ ਗਿੱਲ,ਸਾਬੀ ਕੂੰਨਰ ,ਬਿੱਟੂ ਕੂੰਨਰ,ਲਾਡੀ ਉਟਾਲਾਂ ,ਕਿੰਦਾ ਕਕਰਾਲਾ ,ਕਾਲਾ ਮਾਦਪੁਰ ਇੰਟਰਨੈਸ਼ਨਲ ਕਬੱਡੀ ਪਲੇਅਰ, ਭਿੰਦਰ ਨਵਾਂ ਪਿੰਡ, ਅੰਗਰੇਜ ਅੜੈਚਾਂ , ਅਧਿਆਪਕ ਚੇਤਨਾ ਮੰਚ ਦੇ ਪ੍ਰਧਾਨ ਲੈਕ: ਵਿਜੇ ਕੁਮਾਰ ਸ਼ਰਮਾ, ਪੈਨਸ਼ਨਰਜ਼ ਕਲਿਆਣ ਸੰਗਠਨ ਦੇ ਪ੍ਰਧਾਨ ਮੇਘ ਸਿੰਘ ਜਵੰਦ (ਰਿਟਾ: ਹੈੱਡਮਾਸਟਰ), ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ, ਸਮਰਾਲਾ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸ਼ਰਮਾ, ਪ੍ਰਧਾਨ ਨੀਰਜ ਸਿਹਾਲਾ, ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਯਾਦਗਾਰੀ ਕਮੇਟੀ ਦੇ ਪ੍ਰਧਾਨ ਪ੍ਰੋ. (ਡਾ.) ਪਰਮਿੰਦਰ ਸਿੰਘ ਬੈਨੀਪਾਲ ਤੋਂ ਇਲਾਵਾ ਉੱਘੇ ਰੰਗ ਕਰਮੀ ਰਾਜਵਿੰਦਰ ਸਮਰਾਲਾ, ਮਾ. ਪੁਖਰਾਜ ਸਿੰਘ ਘੁਲਾਲ, ਇੰਦਰਜੀਤ ਸਿੰਘ ਕੰਗ, ਅਮਨਦੀਪ ਕੌਸ਼ਲ, ਸੰਦੀਪ ਸਮਰਾਲਾ, ਯਤਿੰਦਰ ਕੌਰ ਮਾਹਲ, ਡਾ. ਸੁਖਪਾਲ ਕੌਰ, ਲਖਵਿੰਦਰਪਾਲ ਸਿੰਘ, ਗੁਰਦੀਪ ਮਹੌਣ, ਹੁਸ਼ਿਆਰ ਸਿੰਘ, ਸਤਿੰਦਰ ਸਿੰਘ ਸਮਰਾਲਾ, ਜਸਵਿੰਦਰ ਸਿੰਘ ਆਦਿ ਤੋਂ ਇਲਾਵਾ ਵੱਖ ਵੱਖ ਸੰਸਥਾਵਾਂ ਦੇ ਅਹੁਦੇਦਾਰ ਅਤੇ ਕਾਰਜਕਾਰੀ ਮੈਂਬਰ ਹਾਜਰ ਸਨ।

ਭਾਰਗਵ ਯੁਵਾ ਸੰਘ ਨੇ ਸੈਂਟ੍ਰਲ ਟਾਊਨ 'ਚ ਲਗਾਇਆ ਚਾਹ-ਬਿਸਕੁਟਾਂ ਦਾ ਲੰਗਰ

ਫਗਵਾੜਾ 24 ਜਨਵਰੀ (ਕਮਲ ਰਾਏ) ਅਯੁੱਧਿਆ ਧਾਮ ਵਿਖੇ ਭਗਵਾਨ ਰਾਮ ਦੇ ਬਾਲ ਸਰੂਪ ਦੀ ਪ੍ਰਾਣ ਪ੍ਰਤਿਸ਼ਠਾ ਮੌਕੇ ਭਾਰਗਵ ਨੌਜਵਾਨ ਸੰਘ ਫਗਵਾੜਾ ਦੀ ਤਰਫੋਂ ਕੜਾਕੇ ਦੀ ਠੰਡ ਵਿਚ ਰਾਹਗੀਰਾਂ ਨੂੰ ਚਾਹ ਅਤੇ ਬਿਸਕੁਟਾਂ ਦਾ ਲੰਗਰ ਅਤੁੱਟ ਵਰਤਾਇਆ ਗਿਆ ਭਾਰਗਵ ਯੁਵਾ ਸੰਘ ਫਗਵਾੜਾ ਦੇ ਚੇਅਰਮੈਨ ਅਸ਼ੋਕ ਰਾਵਲ ਬਬਲੂ ਅਤੇ ਸਮਾਜ ਸੇਵੀ ਪੰਡਤ ਰਾਹੁਲ ਸ਼ਾਸਤਰੀ ਦੀ ਅਗਵਾਈ ਹੇਠ ਲਗਾਏ ਗਏ ਲੰਗਰ ਦੌਰਾਨ ਲੱਡੂਆਂ ਦਾ ਪ੍ਰਸ਼ਾਦ ਵੀ ਵੰਡਿਆ ਗਿਆ ਲੰਗਰ ਦੌਰਾਨ ਸਮਾਜ ਸੇਵਿਕਾ ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼, ਸਾਬਕਾ ਵਿਧਾਇਕ ਚੌਧਰੀ ਮੋਹਨ ਲਾਲ ਬੰਗਾ, ਭਾਜਪਾ ਦੇ ਸੀਨੀਅਰ ਨੌਜਵਾਨ ਆਗੂ ਆਸ਼ੂ ਸਾਂਪਲਾ, ਐਸ.ਐਚ.ਓ. ਸਿਟੀ ਗੌਰਵ ਧੀਰ, ਹਿੰਦੁਸਤਾਨ ਬਲੱਡ ਡੋਨਰ ਕਲੱਬ ਦੇ ਪ੍ਰਧਾਨ ਵਿਕਰਮ ਗੁਪਤਾ, ਜਨਰਲ ਸਕੱਤਰ ਵਿਨੀਤ ਪੁਰੀ, ਸਾਬਕਾ ਮੇਅਰ ਅਰੁਣ ਖੋਸਲਾ, ਸਾਬਕਾ ਨਗਰ ਕੌਂਸਲਰ ਅਨੁਰਾਗ ਮਾਨਖੰਡ, ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਹਰਜੀ ਮਾਨ, ਭਾਜਪਾ ਆਗੂ ਨਿਤੇਸ਼ ਸ਼ਰਮਾ ਉਰਫ ਜੁਗਨੂੰ ਪੰਡਿਤ ਆਦਿ ਨੇ 500 ਸਾਲ ਬਾਅਦ ਅਯੁੱਧਿਆ ਧਾਮ ਵਿੱਚ ਰਾਮ ਲੱਲਾ ਵਿਰਾਜਮਾਨ ਹੋਣ ਦੀ ਸਾਰਿਆਂ ਨੂੰ ਵਧਾਈ ਦਿੱਤੀ ਪੰਡਿਤ ਰਾਹੁਲ ਸ਼ਾਸਤਰੀ, ਅਸ਼ੋਕ ਰਾਵਲ ਅਤੇ ਭਾਰਗਵ ਯੁਵਾ ਸੰਘ ਦੇ ਪ੍ਰਧਾਨ ਦਲੀਪ ਰਾਵਲ ਨੇ ਕਿਹਾ ਕਿ ਇਹ ਦਿਨ ਭਾਰਤ ਦੀ ਅਜੋਕੀ ਪੀੜ੍ਹੀ ਲਈ ਬਹੁਤ ਹੀ ਭਾਗਾਂ ਵਾਲਾ ਹੈ ਜੋ ਰਾਮਲਲਾ ਵਿਰਾਜਮਾਨ ਦੇ ਇਤਿਹਾਸਕ ਪਲ ਦੀ ਗਵਾਹ ਬਣੀ ਹੈ ਕਿਉਂਕਿ ਪਿਛਲੇ ਪੰਜ ਸੌ ਸਾਲਾਂ ਵਿਚ ਕਈ ਪੀੜ੍ਹੀਆਂ ਇਸ ਸੁਪਨੇ ਨੂੰ ਪੂਰਾ ਹੋਣ ਦੀ ਉਡੀਕ ਕਰਦਿਆਂ ਦੁਨੀਆ ਤੋਂ ਵਿਦਾ ਹੋ ਗਈਆਂ ਪੰਡਿਤ ਰਾਹੁਲ ਸ਼ਾਸਤਰੀ ਨੇ ਕਿਹਾ ਕਿ ਅਯੁੱਧਿਆ ਦੇ ਰਾਜਾ ਭਗਵਾਨ ਸ਼੍ਰੀ ਰਾਮ ਦੇ ਆਸ਼ੀਰਵਾਦ ਨਾਲ ਭਾਰਤ ਜਲਦੀ ਹੀ ਇੱਕ ਵਾਰ ਫਿਰ ਵਿਸ਼ਵ ਗੁਰੂ ਬਣੇਗਾ ਇਸ ਮੌਕੇ ਚੇਤਨ ਸ਼ਰਮਾ, ਅਸ਼ੋਕ, ਵਿਸ਼ਾਲ, ਵਿਕਾਸ, ਅਮਿਤ, ਸੁਸ਼ੀਲ, ਰੋਹਿਤ ਆਦਿ ਹਾਜ਼ਰ ਸਨ।

ਸ਼ਹੀਦ ਮੇਜਰ ਹਰਦੇਵ ਸਿੰਘ ਨਸਰਾਲੀ ਦੀ ਸਲਾਨਾ ਬਰਸੀ ਮਨਾਈ

ਬੀਜਾ, ਖੰਨਾ, 24 ਜਨਵਰੀ, (ਇੰਦਰਜੀਤ ਸਿੰਘ ਦੇਹਿੜੂ)- ਗੁਰੂਦੁਆਰਾ ਸ਼ਹੀਦ ਬਾਬਾ ਹਰੀ ਸਿੰਘ ਜੀ ਨਸਰਾਲੀ ਵਿਖੇ ਸ਼ਹੀਦ ਦੇ ਪਰਿਵਾਰ ਤੇ ਨਗਰ ਨਿਵਾਸੀਆਂ ਨੇ ਸ਼ਹੀਦ ਮੇਜਰ ਹਰਦੇਵ ਸਿੰਘ ਨਸਰਾਲੀ ਦੀ ਸਲਾਨਾ ਬਰਸੀ ਮਨਾਈ ਗਈ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਗਿਆਨੀ ਰਣਜੀਤ ਸਿੰਘ ਨਸਰਾਲੀ ਵਾਲਿਆਂ ਦੇ ਜੱਥੇ ਨੇ ਸੰਗਤਾਂ ਨੂੰ ਹਰੀ ਜਸ ਕੀਰਤਨ ਦੁਆਰਾ ਨਿਹਾਲ ਕੀਤਾ ਪਿ?ਸੱਧ ਗਾਇਕ ਹਰਭਜਨ ਸਿੰਘ ਜੱਲੋਵਾਲ ਨੇ ਸ਼ਹੀਦੀ ਗੀਤ ਗਾ ਕੇ ਸ਼ਹੀਦ ਨੂੰ ਸਰਧਾਂਜਲੀ ਦਿੱਤੀ ਮੁੱਖ ਮਹਿਮਾਨ ਤੌਰ ਤੇ ਹਲਕਾ ਵਧਾਇਕ ਤਰੁਣਪ੍ਰੀਤ ਸਿੰਘ ਸੌਂਧ ਹਾਜਰ ਹੋਏ ਉਹਨਾ ਆਪਣੇ ਸਬਦਾਂ ਰਾਹੀ ਸਹੀਦ ਨੂੰ ਸਰਧਾਂਜਲੀ ਦਿੱਤੀ ਤੇ ਨਗਰ ਨਿਵਾਸੀਆਂ ਦੀ ਮੰਗ ਤੇ ਪਿੰਡ ਵਿੱਚ ਸਹੀਦ ਦੇ ਨਾਮ ਤੇ ਕੋਈ ਵਧੀਆ ਯਾਦਗਾਰ ਬਣਾਉਣ ਲਈ ਕਿਹਾ ਤੇ ਪਿੰਡ ਨਸਰਾਲੀ ਨੂੰ ਹਲਕਾ ਖੰਨਾ ਦਾ ਵਧੀਆ ਨਮੂਨੇ ਦਾ ਪਿੰਡ ਬਣਾਉਣ ਬਾਰੇ ਆਪਣੇ ਸਰਧਾਂਜਲੀ ਭਾਸਣ ਵਿੱਚ ਕਿਹਾ ਵਿਸ਼ੇਸ਼ ਮਹਿਮਾਨ ਜੱਸੀ ਸੋਹੀਆਂ ਵਾਲੇ ਚੇਅਰਮੈਨ ਪਲੈਨਿੰਗ ਬੋਰਡ ਪਟਿਆਲਾ ਨੇ ਸ਼ਹੀਦ ਨੂੰ ਸਰਧਾਜਲੀ ਦਿੱਤੀ ਪਿੰਡ ਵਾਲਿਆਂ ਦੀਆਂ ਸਹੀਦ ਪ?ਤੀ ਮੰਗਾ ਨੂੰ ਬੜੇ ਹੀ ਧਿਆਨ ਨਾਲ ਸੁਣਿਆ ਇਸ ਸਮੇ ਸਹੀਦ ਦੇ ਭਰਾ ਐਡਵੋਕੇਟ ਜਸਵਿੰਦਰ ਸਿੰਘ, ਐਡਵੋਕੇਟ ਸਿਮਰਪਰੀਤ ਸਿੰਘ ਪਟਿਆਲਾ, ਸਮਾਗਮ ਦੇ ਮੁੱਖ ਪ?ਬੰਧਕ ਹਰਦੀਪ ਸਿੰਘ ਨਸਰਾਲੀ ਵਾਤਾਵਰਣ ਪ੍ਰੇਮੀ, ਜਗਤਾਰ ਸਿੰਘ ਤਾਰੀ,ਪ?ਧਾਨ ਨਿਰਮਲ ਸਿੰਘ ਨਿੰਮਾ, ਜਤਿੰਦਰ ਸਿੰਘ ਮਹਿਮੀ,ਕਮਿੱਕਰ ਸਿੰਘ, ਡਾ ਬਲਵੰਤ ਸਿੰਘ, ਗਿਆਨੀ ਰਣਜੀਤ ਸਿੰਘ ਨਸਰਾਲੀ, ਨੌਰੰਗ ਸਿੰਘ ਜਰਨਲ ਸੈਕਟਰੀ ਸਾਬਕਾ ਸੈਨਿਕ ਪੰਜਾਬ, ਜਗਤਾਰ ਸਿੰਘ ਰਤਨਹੇੜੀ, ਬਲਕਾਰ ਸਿੰਘ ਰਸੂਲੜਾ ਔਜਲਾ ,ਮਹੇਸ ਕੁਮਾਰ ਪੀ ਏ, ਬਲਾਕ ਪ?ਧਾਨ ਮਾਸਟਰ ਅਵਤਾਰ ਸਿੰਘ, ਬਲਾਕ ਪ?ਧਾਨ ਸੁਰਿੰਦਰ ਸਿੰਘ ਕੋਠੇਪੁਰ, ਜਤਿੰਦਰ ਸਿੰਘ ਜੋਤੀ ਇਸੜੂ ਬਲਾਕ ਪ?ਧਾਨ,ਹਰਭਜਨ ਸਿੰਘ ਜੱਲੋਵਾਲ, ਮੁਲਾਗਰ ਖਾਨ , ਮਨਦੀਪ ਸਿੰਘ, ਅਮਰ ਸਿੰਘ ਸਾਬਕਾ ਸਰਪੰਚ, ਪ?ਧਾਨ ਦਲੀਪ ਸਿੰਘ,ਹਾਕਮ ਸਿੰਘ ਡਾਇਰੈਕਟਰ, ਜਸਵੰਤ ਸਿੰਘ ਖੇੜਾ ਪ?ਧਾਨ ਮਨੁੱਖੀ ਅਧਿਕਾਰ ਮੰਚ, ਜਸਵਿੰਦਰ ਸਿੰਘ ਕੌੜੀ,ਕੁਲਵੰਤ ਸਿੰਘ ਮਹਿਮੀ,ਕੁਲਜੀਤ ਸਿੰਘ,ਸਤਿਨਾਮ ਸਿੰਘ ਨਸਰਾਲੀ,ਜਸ਼ਨ ਸਿੰਘ , ਪਰੀਤ ਹੇਅਰ ਡਰੈਸਰ ਅਤੇ ਬਹੁਤ ਵੱਡੀ ਗਿਣਤੀ ਵਿੱਚ ਇਲਾਕਾ ਤੇ ਨਗਰ ਨਿਵਾਸੀ ਸੰਗਤਾਂ ਹਾਜਰ ਸਨ।

ਭਾਰਤੀ ਕਿਸਾਨ ਯੂਨੀਅਨ ਦੁਆਬਾ ਵੱਲੋਂ 26 ਜਨਵਰੀ ਦੇ ਜ਼ਿਲ੍ਹਾ ਪੱਧਰੀ ਧਰਨੇ ਸਬੰਧੀ ਮੀਟਿੰਗ

ਨੂਰਪੁਰਬੇਦੀ, 24 ਜਨਵਰੀ, (ਜਗਤਾਰ ਜੱਗੀ)- ਭਾਰਤੀ ਕਿਸਾਨ ਯੂਨੀਅਨ ਦੁਆਬਾ ਦੀ ਇੱਕ ਮੀਟਿੰਗ ਹੋਈ ਇਸ ਦੌਰਾਨ 26 ਜਨਵਰੀ ਨੂੰ ਜਿਲਾ ਹੈਡ ਕੁਆਰਟਰ ਤੇ ਕੀਤੇ ਜਾਣ ਵਾਲੇ ਟਰੈਕਟਰ ਮਾਰਚ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜਗਬੀਰ ਸਿੰਘ ਸ਼ਾਹਪੁਰ ਨੇ ਦੱਸਿਆ ਕਿ ਜਥੇਬੰਦੀ ਵੱਲੋਂ 26 ਜਨਵਰੀ ਦੇ ਟਰੈਕਟਰ ਮਾਰਚ ਸਬੰਧੀ ਪੂਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ ਉਨਾਂ ਕਿਹਾ ਕਿ ਜਥੇਬੰਦੀ ਵਲੋਂ ਹੁਮ ਹੁਮਾ ਕੇ ਉਕਤ ਟਰੈਕਟਰ ਮਾਰਚ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ ਉਨਾਂ ਦੱਸਿਆ ਕਿ ਕਿਸਾਨਾਂ ਦੀਆਂ ਪਿਛਲੇ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਜਿਨਾਂ ਚ 60 ਸਾਲ ਤੋਂ ਵੱਧ ਉਮਰ ਵਾਲੇ ਕਿਸਾਨਾਂ ਨੂੰ ਪੈਨਸ਼ਨ ਲਗਾਉਣ, ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦੇਣ, ਆਬਾਦ ਕੀਤੀਆਂ ਜਮੀਨਾਂ ਦੇ ਮਾਲਕੀ ਹੱਕ ਪ੍ਰਾਪਤ ਕਰਨ ਅਤੇ ਲਖੀਮਪੁਰ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਸਮੇਤ ਹੋਰ ਕਿਸਾਨੀ ਮਸਲੇ ਸ਼ਾਮਿਲ ਹਨ ਨੂੰ ਲੈ ਕੇ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਉਨਾਂ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਕਿਸਾਨੀ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਤੇ ਕੇਂਦਰ ਸਰਕਾਰ ਵੱਲੋਂ ਵਾਅਦਿਆਂ ਦੇ ਬਾਵਜੂਦ ਵੀ ਹਾਲੇ ਤੱਕ ਮੰਗਾਂ ਨੂੰ ਪੂਰਾ ਨਹੀਂ ਕੀਤਾ ਗਿਆ।

ਉਤਕਰਸ਼ ਸਮਾਲ ਫਾਈਨਾਂਸ ਨੇ ਨਵੀਆਂ ਬੈਂਕਿੰਗ ਸ਼ਾਖਾਵਾਂ ਦਾ ਉਦਘਾਟਨ ਕੀਤਾ

ਪਟਿਆਲਾ, 24 ਜਨਵਰੀ, ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਟਿਡ ਨੇ ਰਾਜਪੁਰਾ, ਪਟਿਆਲਾ ਸਮੇਤ ਪੰਜਾਬ ਰਾਜ ਵਿੱਚ ਆਪਣੀਆਂ 4 ਨਵੀਆਂ ਬੈਂਕਿੰਗ ਸ਼ਾਖਾਵਾਂ ਦੇ ਉਦਘਾਟਨ ਦਾ ਐਲਾਨ ਕੀਤਾ ਹੈ ਇਸ ਲਾਂਚ ਦੇ ਨਾਲ, ਬੈਂਕ ਪੰਜਾਬ ਰਾਜ ਵਿੱਚ 9 ਬੈਂਕਿੰਗ ਆਊਟਲੇਟਾਂ ਅਤੇ ਦੇਸ਼ ਦੇ 26 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 883 ਬੈਂਕਿੰਗ ਆਊਟਲੇਟਾਂ ਤੱਕ ਪਹੁੰਚਦਾ ਹੈ ਰਾਜਪੁਰਾ, ਪਟਿਆਲਾ ਦੇ ਗਾਹਕ ਹੁਣ ਬੈਂਕ ਦੇ ਉਤਪਾਦਾਂ ਅਤੇ ਸੇਵਾਵਾਂ ਦਾ ਲਾਭ ਲੈ ਸਕਦੇ ਹਨ ਜਿਸ ਵਿੱਚ ਬਚਤ ਬੈਂਕ ਖਾਤਾ, ਚਾਲੂ ਖਾਤਾ, ਫਿਕਸਡ ਡਿਪਾਜ਼ਿਟ ਅਤੇ ਆਵਰਤੀ ਜਮ੍ਹਾ ਦੇ ਨਾਲ-ਨਾਲ ਵੱਖ-ਵੱਖ ਲੋਨ ਉਤਪਾਦ ਜਿਵੇਂ ਕਿ ਹੋਮ ਲੋਨ, ਬਿਜ਼ਨਸ ਲੋਨ ਅਤੇ ਜਾਇਦਾਦ ਦੇ ਖਿਲਾਫ ਲੋਨ, ਕ੍ਰੈਡਿਟ, ਬੀਮਾ ਅਤੇ ਨਿਵੇਸ਼ ਸ਼ਾਮਲ ਹਨ ਉਤਪਾਦ. ਸਾਡੇ ਨੈੱਟਵਰਕ ਦੇ ਗਾਹਕਾਂ ਲਈ ਆਪਣੇ ਬੈਂਕਿੰਗ ਆਊਟਲੈਟ ਬੁਨਿਆਦੀ ਢਾਂਚੇ, ਡਿਜੀਟਲ ਬੈਂਕਿੰਗ ਸਮਰੱਥਾਵਾਂ ਅਤੇ ATM ਨੈੱਟਵਰਕ ਦੇ ਨਾਲ, ਬੈਂਕ ਏਕੀਕ੍ਰਿਤ ਗਾਹਕ ਸੇਵਾ ਪ੍ਰਦਾਨ ਕਰਦਾ ਹੈ ਇਸ ਮੌਕੇ 'ਤੇ, ਸ਼੍ਰੀ ਗੋਵਿੰਦ ਸਿੰਘ, ਐਮਡੀ ਅਤੇ ਸੀਈਓ, ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਿਟਿਡ ਨੇ ਕਿਹਾ, "ਸਾਡੀ 7ਵੀਂ ਵਰ੍ਹੇਗੰਢ ਦੇ ਮੌਕੇ 'ਤੇ, ਅਸੀਂ ਰਾਜਪੁਰਾ, ਪਟਿਆਲਾ, ਪੰਜਾਬ ਵਿੱਚ ਆਪਣੀ ਨਵੀਂ ਬੈਂਕਿੰਗ ਸ਼ਾਖਾ ਦਾ ਉਦਘਾਟਨ ਕੀਤਾ, ਜੋ ਕਿ ਆਪਣੇ ਗੁਣਵੱਤਾ ਵਾਲੇ ਫਰਨੀਚਰ ਲਈ ਮਸ਼ਹੂਰ ਹੈ ਜੋ ਕਿ ਉੱਚ-ਅੰਤ ਦੇ ਬ੍ਰਾਂਡ ਨਿਰਮਾਣ ਉਦਯੋਗ, ਰਾਜ ਵਿੱਚ ਵਿੱਤੀ ਪੇਸ਼ਕਸ਼ਾਂ ਨੂੰ ਮਜ਼ਬੂਤ ਕਰਨ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਸੰਪੰਨ ਵਪਾਰਕ ਉੱਦਮਾਂ ਅਤੇ ਜੀਵੰਤ ਪ੍ਰਚੂਨ ਗਤੀਵਿਧੀਆਂ ਦੋਵਾਂ ਦੇ ਨਾਲ, ਇੱਕ ਭਰੋਸੇਮੰਦ ਵਿੱਤੀ ਭਾਈਵਾਲ ਦੀ ਕਾਫ਼ੀ ਮੰਗ ਹੈ ਅਸੀਂ ਇਸ ਉੱਦਮ ਨੂੰ ਸਮਰਥਨ ਦੇਣ ਦੀ ਉਮੀਦ ਕਰਦੇ ਹਾਂ ਖੇਤਰ ਵਿੱਚ ਭਾਈਚਾਰੇ ਦੀ ਭਾਵਨਾ ਅਤੇ ਵਿੱਤੀ ਇੱਛਾਵਾਂ, ਅਤੇ ਉਹਨਾਂ ਦੇ ਵਿੱਤੀ ਟੀਚਿਆਂ ਨੂੰ ਪੂਰਾ ਕਰਨ ਵਿੱਚ ਉਹਨਾਂ ਦੀ ਮਦਦ ਕਰੋ।

ਰਾਯਲ ਇਨਫੀਲਡ ਬੁਲੇਟ 350 ਸਿਲਵਰ ਰੰਗ 'ਚ ਹੱਥ ਨਾਲ ਪੇਂਟ ਕੀਤੀ ਗਈ ਪਿਨਸ੍ਟ੍ਰਾਈਪਸ ਦੇ ਨਾਲ ਉਪਲਬਧ ਹੋਇਆ

ਚੰਡੀਗੜ੍ਹ, 24 ਜਨਵਰੀ, ਮੋਟਰਸਾਈਕਲ ਦੀ ਦੁਨੀਆਂ 'ਚ ਅਸਲੀ ਆਈਕਨ, ਰਾਯਲ ਇਨਫੀਲਡ ਬੁਲੇਟ 350 ਆਪਣੀ ਲੰਮੀਂ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ ਸਤੰਬਰ 2023 'ਚ ਰਾਯਲ ਇਨਫੀਲਡ ਦੇ ਸੁਪਰ ਸਮੂਥ ਅਤੇ ਪੂਰੇ ਸੰਸਾਰ 'ਚ ਮਸ਼ਹੂਰ ਜੇ-ਸੀਰੀਜ ਇੰਜਣ ਦੇ ਨਾਲ ਲਾਂਚ ਕੀਤੀ ਗਈ, ਨਵੀਂ ਬੁਲੇਟ 350 ਆਪਣੇ ਮਾਡਲਾਂ ਅਤੇ ਕਲਰਵੇਜ 'ਚ ਇੱਕ ਨਵਾਂ ਐਡਿਸ਼ਨ ਲੈ ਕੇ ਆਈ ਹੈ ਹੁਣ ਬੁਲੇਟ 350 ਦੇ ਮਿਲਟਰੀ ਸਿਲਵਰਬਲੈਕ ਅਤੇ ਮਿਲਟਰੀ ਸਿਲਵਰਰੇਡ ਮਾਡਲਾਂ 'ਚ ਹੱਥ ਨਾਲ ਪੇਂਟ ਕੀਤੀ ਗਈ ਸਿਲਵਰ ਪਿਨਸਟ੍ਰਾਈਪਸ ਹੋਣਗੀਆਂ ਮਿਲਟਰੀ ਅਤੇ ਸਟੈਂਡਰਡ ਮਾਡਲਾਂਟ ਦੇ ਵਿਚਕਾਰ ਇਸ ਨਵੇਂ ਐਡਿਸ਼ਨ ਦੇ ਨਾਲ ਸਾਲਿਡ ਕਲਰ ਦੇ ਟੈਂਕ ਦੀ ਖੂਬਸੂਰਤੀ ਵਧਾਉਣ ਦੇ ਲਈ ਉਸ 'ਤ ਹੱਥ ਨਾਲ ਪੇਂਟ ਕੀਤੀ ਗਈ ਸਿਲਵਰ ਪਿਨਸਟ੍ਰਾਈਪਸ ਦਿੱਤੀਆਂ ਗਈਆਂ ਹਨ ਸਾਲ 2024 ਬੁਲੇਟ 350 ਹੁਣ ਹੱਥਾਂ ਨਾਲ ਨਿਰਮਿਤ ਪ੍ਰੀਮੀਅਮ ਫਿਨਿਸ਼ ਦੇ ਨਾਲ ਚਾਰ ਅਲਗ ਅਲਗ ਐਡਿਸ਼ੰਜ ਬੁਲੇਟ ਮਿਲਟਰੀ, ਬੁਲੇਟ ਮਿਲਟਰੀ ਸਿਲਵਰ, ਬੁਲੇਟ ਸਟੈਂਡਰਡ ਅਤੇ ਬੁਲੇਟ ਬਲੈਕ ਗੋਲਡ 'ਚ ਉਪਲਬਧ ਹੋਵੇਗੀ ਇਸਦਾ ਨਵਾਂ ਮਿਲਟਰੀ ਸਿਲਵਰਬਲੈਕ

ਅਤੇ ਮਿਲਟਰੀ ਸਿਲਵਰਰੇਡ ਮਾਡਲ ਸਿੰਗਲ ਚੈਨਲ ਏਬੀਐਸ, ਰੀਅਰ ਡਰਮ ਬ੍ਰੇਕ ਦੇ ਨਾਲ ਆਵੇਗਾ ਨਵੀਂ ਬੁਲੇਟ ਮਿਲਟਰੀ ਸਿਲਵਰਬਲੈਕ ਅਤੇ ਸਿਲਵਰਰੇਡ ਅੱਜ ਤੋਂ ਸਾਰੇ ਰਾਯਲ ਇਨਫੀਲਡ ਸਟੋਰਾਂ 'ਤੇ 1,79,000/- ਰੁਪਏ ਦੇ ਐਕਸ-ਸ਼ੋਅਰੂਮ ਕੀਮਤ 'ਚ ਮਿਲਣ ਲੱਗੇਗੀ ਭਾਰਤ ਦੇ ਚੁਣਿੰਦਾ ਸ਼ਹਿਰਾਂ 'ਚ ਰਿਓਨ ਦੇ ਸਫਲ ਲਾਂਚ ਦੇ ਬਾਅਦ, ਰਾਯਲ ਇਨਫੀਲਡ ਨੇ ਹੁਣ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਇਹ ਅਦੁਭਤ ਪ੍ਰੋਗਰਾਮ ਪੇਸ਼ ਕੀਤਾ ਹੈ।

ਆਪ ਦੀ ਸਰਕਾਰ ਵਿੱਚ ਮਿਹਨਤੀ ਅਤੇ ਇਮਾਨਦਾਰ ਨੌਜਵਾਨਾਂ ਨੂੰ ਮਿਲ ਰਹੀਆਂ ਨੇ ਵੱਡੀਆਂ ਜ਼ਿਮੇਵਾਰੀਆਂ- ਜੱਸੀ ਸੋਹੀਆਂ ਵਾਲਾ

ਨਾਭਾ, 24 ਜਨਵਰੀ (ਪਰਸ਼ੋਤਮ ਮੋਦੀ)- ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮਿਹਨਤੀ ਅਤੇ ਇਮਾਨਦਾਰ ਵਰਕਰਾਂ ਨੂੰ ਅੱਗੇ ਲਿਆਕੇ ਪੰਜਾਬ ਸਰਕਾਰ ਵਿੱਚ ਵੱਡੀਆ ਜਿਮੇਂਵਾਰੀਆ ਦਿੱਤੀਆ ਜਾ ਰਹੀਆ ਹਨ, ਇਨਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਨਵ ਨਿਯੁਕਤ ਵਾਇਸ ਚੇਅਰਮੈਨ ਵਿੱਕੀ ਘਨੌਰ ਸਾਬਕਾ ਕਬੱਡੀ ਖਿਡਾਰੀ ਦੇ ਅਹੁਦਾ ਸੰਭਾਲਣ ਮੌਕੇ ਉਨਾਂ ਨੂੰ ਵਧਾਈ ਦੇਣ ਸਮੇਂ ਕੀਤਾ ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਭਾਈਵਾਲ-ਭਤੀਜਾਵਾਦ ਦਾ ਖਾਤਮਾ ਹੋਇਆ ਹੈ ਅਤੇ ਇਕ ਨਵੀਂ ਕ੍ਰਾਂਤੀਕਾਰੀ ਰਾਜਨੀਤੀ ਦੀ ਸ਼ੁਰੂਆਤ ਹੋਈ ਹੈ ਉਨਾਂ ਕਿਹਾ ਕਿ ਰਵਾਇਤੀ ਪਾਰਟੀਆ ਦੀ ਸਰਕਾਰ ਸਮੇਂ ਮੰਤਰੀ ਜਾਂ ਵਿਧਾਇਕ ਆਪਣੇ ਹੀ ਧੀਆਂ ਪੁੱਤਰਾਂ ਨੂੰ ਸਰਕਾਰ ਦੇ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਸੀ ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਘਰਾਂ ਦੇ ਧੀਆਂ ਪੁੱਤਰਾਂ ਨੂੰ ਇਹ ਜਿਮੇਂਵਾਰੀਆ ਦੇ ਕੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਦੀ ਸ਼ੁਰੂਆਤ ਕੀਤੀ ਹੈ ਉਨਾਂ ਕਿਹਾ ਕਿ ਸਾਬਕਾ ਕਬੱਡੀ ਖਿਡਾਰੀ ਵਿੱਕੀ ਘਨੌਰ ਨੂੰ ਜੋ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦਾ ਵਾਇਸ ਚੇਅਰਮੈਨ ਲਗਾਕੇ ਸਰਕਾਰ ਨੇ ਵੱਡੀ ਜਿਮੇਂਵਾਰੀ ਦਿੱਤੀ ਹੈ ਉਮੀਦ ਕਰਦੇ ਹਾਂ ਕਿ ਉਹ ਇਸ ਜਿਮੇਂਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।

ਪੰਜਾਬ ਦੇ ਸਾਰੇ ਮਜ਼ਦੂਰਾਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋਣਾ ਚਾਹੀਦਾ- ਰਪਾਲੋਂ

ਬੀਜਾ, ਖੰਨਾ, 24 ਜਨਵਰੀ, (ਇੰਦਰਜੀਤ ਸਿੰਘ ਦੈਹਿੜੂ)- ਮਜ਼ਦੂਰਾਂ ਅਤੇ ਕਿਸਾਨਾਂ ਨੂੰ ਬੇਹਤਰ ਸਹੂਲਤਾਂ ਦੇਣ ਦਾ ਵਾਅਦਾ ਕਰਕੇ ਹੋਂਦ ਵਿੱਚ ਆਈ ਮੌਜੂਦਾ ਪੰਜਾਬ ਸਰਕਾਰ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫਲ ਹੋਈ ਹੈ ਬਲਕਿ ਮੌਜੂਦਾ ਸਰਕਾਰ ਦੇ ਸਮੇਂ ਮਜ਼ਦੂਰ ਵਰਗ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਮਜ਼ਦੂਰ ਵਰਗ ਦੀ ਸਾਰ ਲੈਣ ਵਾਲਾ ਕੋਈ ਵੀ ਨਹੀਂ ਪੰਜਾਬ ਦੇ ਮਜ਼ਦੂਰ ਆਪਣੇ ਆਪ ਨੂੰ ਲੁੱਟਿਆ ਹੋਇਆ ਮਹਿਸੂਸ ਕਰ ਰਹੇ ਹਨ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਮਜ਼ਦੂਰਾਂ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਹੋਣਾ ਚਾਹੀਦਾ ਹੋਣਾ ਚਾਹੀਦਾ ਇਸ ਦੀ ਪਹਿਲ ਕਰਦੇ ਹੋਏ ਮਜ਼ਦੂਰਾਂ ਦਾ ਇੱਕ ਸਾਂਝਾ ਪਲੇਟਫਾਰਮ ਕਾਇਮ ਕਰਨ ਦੇ ਮੁੱਦੇ ਤੇ ਵਿਚਾਰ ਚਰਚਾ ਕਰਨ ਲਈ ਲੋਕ ਚੇਤਨਾ ਲਹਿਰ ਪੰਜਾਬ ਵੱਲੋਂ ਜਥੇਬੰਦੀ ਦੇ ਮੁੱਖ ਦਫਤਰ ਖੰਨਾ ਵਿਖੇ ਕੇਂਦਰੀ ਕਮੇਟੀ ਦੀ ਮੀਟਿੰਗ 25 ਜਨਵਰੀ ਨੂੰ ਕੀਤੀ ਜਾਵੇਗੀ ਇਸ ਬਾਰੇ ਜਾਣਕਾਰੀ ਦਿੰਦਿਆਂ ਲੋਕ ਚੇਤਨਾ ਲਹਿਰ ਪੰਜਾਬ ਦੇ ਪ੍ਰਧਾਨ ਸੰਦੀਪ ਸਿੰਘ ਰੁਪਾਲੋਂ ਨੇ ਕਿਹਾ ਕਿ ਪੰਜਾਬ ਦੇ ਹਰ ਵਰਗ ਦੇ ਮਜ਼ਦੂਰਾਂ ਨਾਲ ਹਮੇਸ਼ਾ ਹਰ ਸਰਕਾਰ ਨੇ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ ਚਾਹੇ ਉਹ ਗੁਦਾਮਾਂ ਵਿੱਚ ਕੰਮ ਕਰਦੇ ਪੱਲੇਦਾਰ ਹੋਣ ਜਾਂ ਫਿਰ ਮੰਡੀਆਂ ਦੇ ਮਜ਼ਦੂਰ ਅਤੇ ਖੇਤ ਮਜ਼ਦੂਰਾਂ ਨਾਲ ਹਮੇਸ਼ਾ ਧੱਕਾ ਹੋਇਆ ਹੈ ਸਮੂਹ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਮਜ਼ਦੂਰਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਦੇ ਲਈ ਸੰਘਰਸ਼ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਸੀਨੀਅਰ ਆਗੂ ਰਘਵੀਰ ਸਿੰਘ ਬਡਲਾ,ਹਰਭਜਨ ਸਿੰਘ ਦੁਲਮਾਂ,ਗੁਰਚਰਨ ਸਿੰਘ ਚੰਨੀ ,ਯੂਥ ਆਗੂ ਕੁਲਵੰਤ ਸਿੰਘ ਲੁਹਾਰ ਮਾਜਰਾ,ਸਾਬਕਾ ਥਾਣੇਦਾਰ ਸੋਹਣ ਸਿੰਘ, ਜੈ ਰਾਮ ਮਾਣਕ ਮਾਜਰਾ ਮੌਜੂਦ ਸਨ।

ਐਚਡੀਐਫਸੀ ਬੈਂਕ ਨੇ ਉੱਤਰੀ ਭਾਰਤ ਵਿੱਚ ਵਿਆਪਕ ਸਾਈਬਰ ਧੋਖਾਧੜੀ ਜਾਗਰੂਕਤਾ ਵਰਕਸ਼ਾਪਾਂ ਨਾਲ 2024 ਦੀ ਸ਼ੁਰੂਆਤ ਕੀਤੀ

HDFC BANK We understand your world

ਜਲੰਧਰ, 24 ਜਨਵਰੀ, ਐਚਡੀਐਫਸੀ ਬੈਂਕ ਨੇ ਆਪਣੀ ਚੱਲ ਰਹੀ ਡਿਜੀਟਲ ਬੈਂਕਿੰਗ ਜਾਗਰੂਕਤਾ ਮੁਹਿੰਮ ਦੇ ਹਿੱਸੇ ਵਜੋਂ, ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਸੁਰੱਖਿਅਤ ਬੈਂਕਿੰਗ ਵਰਕਸ਼ਾਪਾਂ ਦੀ ਲੜੀ ਦਾ ਆਯੋਜਨ ਕੀਤਾ ਬੈਂਕ ਨੇ 2024 ਦੀ ਸ਼ੁਰੂਆਤ 900 ਤੋਂ ਵੱਧ ਵਰਕਸ਼ਾਪਾਂ ਦਾ ਆਯੋਜਨ ਕਰਕੇ ਕੀਤੀ ਜਿਨ੍ਹਾਂ ਨੇ 28,000 ਤੋਂ ਵੱਧ ਨਾਗਰਿਕਾਂ ਨੂੰ ਸੁਰੱਖਿਅਤ ਡਿਜੀਟਲ ਬੈਂਕਿੰਗ ਅਭਿਆਸਾਂ ਬਾਰੇ ਜਾਗਰੂਕ ਕੀਤਾ ਇਸ ਪਹਿਲਕਦਮੀ ਬਾਰੇ ਬੋਲਦਿਆਂ, ਸ਼੍ਰੀ ਮਨੀਸ਼ ਅਗਰਵਾਲ, ਐਗਜ਼ੀਕਿਊਟਿਵ ਵਾਈਸ ਪ੍ਰੈਜ਼ੀਡੈਂਟ, ਕ੍ਰੈਡਿਟ ਇੰਟੈਲੀਜੈਂਸ ਐਂਡ ਕੰਟਰੋਲ, ਐਚਡੀਐਫਸੀ ਬੈਂਕ ਨੇ ਕਿਹਾ, ਵਿੱਤੀ ਸਿੱਖਿਆ ਅਤੇ ਵਿੱਤੀ ਲੈਣ-ਦੇਣ ਕਰਦੇ ਸਮੇਂ ਧੋਖਾਧੜੀ ਬਾਰੇ ਜਾਗਰੂਕਤਾ ਤੇਜ਼ੀ ਨਾਲ ਵਿਕਸਤ ਹੋ ਰਹੇ ਡਿਜੀਟਲ ਯੁੱਗ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਇਹਨਾਂ ਜਾਗਰੂਕਤਾ ਸੈਸ਼ਨਾਂ ਦਾ ਉਦੇਸ਼ ਭਾਗੀਦਾਰਾਂ ਨੂੰ ਧੋਖਾਧੜੀ ਕਰਨ ਵਾਲਿਆਂ ਦੁਆਰਾ ਵਰਤੀਆਂ ਜਾਂਦੀਆਂ ਵੱਖ-ਵੱਖ ਵਿਧੀਆਂ ਅਤੇ ਉਹਨਾਂ ਸੁਰੱਖਿਅਤ ਬੈਂਕਿੰਗ ਅਭਿਆਸਾਂ ਬਾਰੇ ਸਿੱਖਿਅਤ ਕਰਨਾ ਹੈ ਜਿਹਨਾਂ ਦੀ ਉਹਨਾਂ ਨੂੰ ਪਾਲਣਾ ਕਰਨ ਦੀ ਲੋੜ ਹੈ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਜਾਗਰੂਕਤਾ ਪਹਿਲਾ ਕਦਮ ਹੈ ਇਨ੍ਹਾਂ ਵਰਕਸ਼ਾਪਾਂ ਦਾ ਉਦੇਸ਼ ਸਕੂਲ-ਕਮ ਕਾਲਜ ਦੇ ਵਿਦਿਆਰਥੀਆਂ, ਖਪਤਕਾਰਾਂ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਸੀਨੀਅਰ ਨਾਗਰਿਕਾਂ, ਸਵੈ-ਸਹਾਇਤਾ ਸਮੂਹਾਂ ਅਤੇ ਕਰਮਚਾਰੀਆਂ ਨੂੰ ਜਾਗਰੂਕ ਕਰਨਾ ਸੀ ਇਹਨਾਂ ਇੰਟਰਐਕਟਿਵ ਸੈਸ਼ਨਾਂ ਰਾਹੀਂ, ਭਾਗੀਦਾਰਾਂ ਨੇ ਸੁਰੱਖਿਅਤ ਡਿਜੀਟਲ ਬੈਂਕਿੰਗ ਅਭਿਆਸਾਂ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਕੀਤੀ ਤਾਂ ਜੋ ਉਹ ਸਾਈਬਰ ਧੋਖਾਧੜੀ ਦਾ ਸ਼ਿਕਾਰ ਨਾ ਹੋਣ।

ਐਸਬੀਪੀ ਗਰੁੱਪ ਦੇ ਕਾਰਪੋਰੇਟ ਦਫ਼ਤਰ ਵਿਖੇ ਟੀਡੀਐਸ /ਟੀਸੀਐਸ ਸੈਮੀਨਾਰ ਦਾ ਆਯੋਜਨ

ਚੰਡੀਗੜ੍ਹ, 24 ਜਨਵਰੀ, (ਰਾਜ ਕੁਮਾਰ ਵਰਮਾ)- ਇਨਕਮ ਟੈਕਸ ਵਿਭਾਗ ਚੰਡੀਗੜ੍ਹ ਦੇ ਪ੍ਰਿੰਸੀਪਲ ਕਮਿਸ਼ਨਰ ਵਿਵੇਕ ਨੰਗੀਆ ਦੀ ਅਗਵਾਈ ਹੇਠ ਇਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਟ੍ਰਾਈਸਿਟੀ ਦੇ ਲਗਭਗ ਸਾਰੇ ਬਿਲਡਰ ਅਤੇ ਪ੍ਰਮੋਟਰ ਮੌਜੂਦ ਸਨ ਇਸ ਵਿੱਚ ਸਾਰਿਆਂ ਨੂੰ ਟੀਡੀਐਸ /ਟੀਸੀਐਸ ਬਾਰੇ ਜਾਗਰੂਕ ਕੀਤਾ ਗਿਆ ਇਹ ਸੈਮੀਨਾਰ ਸੈਕਟਰ-82 ਸਥਿਤ ਐਸਬੀਪੀ ਗਰੁੱਪ ਦੇ ਕਾਰਪੋਰੇਟ ਦਫ਼ਤਰ ਵਿਖੇ ਹੋਇਆ ਇਸ ਸੈਮੀਨਾਰ ਵਿੱਚ ਟ੍ਰਾਈਸਿਟੀ ਦੇ 30 ਤੋਂ ਵੱਧ ਬਿਲਡਰਾਂ ਅਤੇ ਪ੍ਰਮੋਟਰਾਂ ਨੇ ਭਾਗ ਲਿਆ ਇਸ ਪ੍ਰੋਗਰਾਮ ਨੂੰ ਆਮਦਨ ਕਰ ਵਿਭਾਗ ਦੇ ਵਧੀਕ ਕਮਿਸ਼ਨਰ ਸੁਰਿੰਦਰ ਮੀਨਾ ਨੇ ਸੰਬੋਧਨ ਕੀਤਾ ਇਸ ਸੈਮੀਨਾਰ ਵਿੱਚ ਆਮਦਨ ਕਰ ਵਿਭਾਗ ਤੋਂ ਸਹਾਇਕ ਕਮਿਸ਼ਨਰ ਜਸਵੀਰ ਸਿੰਘ ਸੀਨੀ, ਆਮਦਨ ਕਰ ਅਧਿਕਾਰੀ ਸਰੋਜ ਬਾਲਾ ਅਤੇ ਐਸਬੀਪੀ ਕੰਪਨੀ ਦੇ ਸੰਸਥਾਪਕ ਅਤੇ ਸੀਐਮਡੀ ਅਮਨਦੀਪ ਸਿੰਗਲਾ ਵੀ ਹਾਜ਼ਰ ਸਨ ਇਹ ਇੱਕ ਬਹੁਤ ਹੀ ਮਹੱਤਵਪੂਰਨ ਸੈਮੀਨਾਰ ਸੀ ਜਿਸ ਰਾਹੀਂ ਲੋਕਾਂ ਨੂੰ ਟੀਡੀਐਸ /ਟੀਸੀਐਸ ਦੇ ਨਵੇਂ ਪ੍ਰਬੰਧਾਂ ਬਾਰੇ ਜਾਣਕਾਰੀ ਮਿਲੀ।

ਡੀ ਐਸ ਪੀ ਨੇ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਨੂੰ ਰੋਕ ਕੇ ਕੀਤੀ ਚੈਕਿੰਗ

ਫਿਲੌਰ, 24 ਜਨਵਰੀ (ਹੈਰੀ) ਬੀਤੀ ਰਾਤ 26 ਜਨਵਰੀ ਦੇ ਦਿਨ ਨੂੰ ਮੁੱਖ ਰੱਖਦਿਆਂ ਡੀਜੀਪੀ ਪੰਜਾਬ ਦੇ ਆਦੇਸ਼ਾਂ ਤੇ ਡੀਐਸਪੀ ਫਿਲੌਰ ਸਿਮਰਨਜੀਤ ਸਿੰਘ ਲੰਗ ਨੇ ਪੁਲਿਸ ਪਾਰਟੀ ਸਮੇਤ ਫਿਲੌਰ ਦੇ ਨਵਾਂਸ਼ਹਿਰ ਰੋਡ ਤੇ ਨਾਕਾਬੰਦੀ ਕਰਕੇ ਰੋਡ ਤੋਂ ਲੱਗ ਰਹੇ ਸ਼ੱਕੀ ਵਾਹਨਾਂ ਨੂੰ ਰੋਕ ਕੇ ਚੈਕਿੰਗ ਕੀਤੀ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਤੇ ਕਾਰਵਾਈ ਕੀਤੀ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਚੈਕਿੰਗ ਦਾ ਮੁੱਖ ਮਕਸਦ ਆਮ ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਣਾ ਹੈ ਅਤੇ ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਉਣਾ ਹੈ ਉਨ੍ਹਾਂ ਕਿਹਾ ਕਿ ਪੁਲਿਸ ਟੀਮ ਵੱਲੋਂ ਇਲਾਕੇ ਦੇ ਹੋਟਲਾਂ, ਸਰਾਵਾਂ, ਢਾਬਿਆਂ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਸ਼ਾਂਤ ਮਈ ਮਾਹੌਲ ਬਰਕਰਾਰ ਰਹੇ।

ਭਾਰਤ ਦੇ ਸਭ ਤੋਂ ਵੱਡੇ ਕੋਰੋਗੇਟਿਡ ਪੈਕੇਜਿੰਗ ਮਸ਼ੀਨਰੀ ਐਕਸਪੋ ਦਾ ਦਿੱਲੀ ਵਿੱਚ 7-9 ਮਾਰਚ ਤੱਕ ਵਿਸ਼ੇਸ਼ ਆਯੋਜਨ

ਜਲੰਧਰ, 24 ਜਨਵਰੀ, ਕੋਰੂਗੇਟਿਡ ਪੈਕੇਜਿੰਗ ਮਸ਼ੀਨਰੀ ਇੰਡਸਟਰੀ ਨੂੰ ਸਮਰਪਿਤ ਪ੍ਰਦਰਸ਼ਨੀ, ਕੋਰੂ ਪੈਕ ਪ੍ਰਿੰਟ ਇੰਡੀਆ ਐਕਸਪੋ 2024, 7 ਤੋਂ 9 ਮਾਰਚ ਤੱਕ ਨਵੀਂ ਦਿੱਲੀ ਵਿੱਚ ਇੰਡੀਆ ਇੰਟਰਨੈਸ਼ਨਲ ਕਨਵੈਨਸ਼ਨ ਅਤੇ ਐਕਸਪੋ ਸੈਂਟਰ ਵਿੱਚ ਲੱਗਣ ਲਈ ਤਿਆਰ ਹੈ ਇੰਡੀਅਨ ਪੇਪਰ ਕੋਰੂਗੇਟਿਡ ਐਂਡ ਪੈਕਜਿੰਗ ਮਸ਼ੀਨਰੀ ਮੈਨੂਫੈਕਚਰਰਜ਼ ਐਸੋਸੀਏਸ਼ਨ (ਆਈਸੀਪੀਐਮਏ) ਅਤੇ ਫਿਊਚਰੈਕਸ ਗਰੁੱਪ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਇਹ ਈਵੈਂਟ ਭਾਰਤ ਦੀ ਪ੍ਰਮੁੱਖ ਕੋਰੋਗੇਟਿਡ ਪੈਕੇਜਿੰਗ ਮਸ਼ੀਨਰੀ ਐਸੋਸੀਏਸ਼ਨ ਦੁਆਰਾ ਸੰਚਾਲਤ ਇਕਮਾਤਰ ਪ੍ਰਦਰਸ਼ਨੀ ਹੈ ਇਸ ਐਕਸਪੋ ਵਿੱਚ ਕੋਰੋਗੇਟਿਡ ਪੈਕੇਜਿੰਗ ਮਸ਼ੀਨਰੀ ਸੈਕਟਰ ਦੇ ਪ੍ਰਮੁੱਖ ਨਿਰਮਾਤਾ ਆਧੁਨਿਕ ਮਸ਼ੀਨਾਂ ਦੇ ਲਾਈਵ ਪ੍ਰਦਰਸ਼ਨਾਂ ਦੇ ਨਾਲ ਆਪਣੇ ਨਵੀਨਤਮ ਪ੍ਰੋਡਕਟਸ ਦਾ ਪ੍ਰਦਰਸ਼ਨ ਕਰਨਗੇ ਇਸ ਈਵੈਂਟ ਦਾ ਉਦੇਸ਼ ਪੈਕੇਜਿੰਗ ਅਤੇ ਕੋਰੋਗੇਟਿਡ ਇੰਡਸਟਰੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੇ ਉਤਪਾਦਾਂ ਦਾ ਇੱਕ ਵਿਆਪਕ ਡਿਸਪਲੇ ਪੇਸ਼ ਕਰਦੇ ਹੋਏ ਕੋਰੋਗੇਟਿਡ ਉਦਯੋਗ ਦੇ ਪੂਰੇ ਸਪੈਕਟ੍ਰਮ ਨੂੰ ਇਕੱਠਾ ਕਰਨਾ ਹੈ ਆਪਣੇ ਬਿਆਨ ਵਿੱਚ, ਆਈਸੀਪੀਐਮਏ ਦੇ ਪ੍ਰਧਾਨ ਹਿਤੇਸ਼ ਨਾਗਪਾਲ ਜੀ ਨੇ ਵਿਸ਼ੇਸ ਰੂਪ ਨਾਲ ਕੋਰੋਗੇਸ਼ਨ ਸੇਗਮੈਂਟ ਦੀ ਪੂਰਤੀ ਲਈ ਕੋਰੂ ਪੈਕ ਪ੍ਰਿੰਟ ਇੰਡੀਆ ਦੀ ਵਿਲੱਖਣ ਮਹੱਤਤਾ ਨੂੰ ਇੱਕ ਵਿਸ਼ੇਸ਼ ਈਵੈਂਟ ਦੇ ਰੂਪ ਵਿੱਚ ਉਜਾਗਰ ਕੀਤਾ ਉਨ੍ਹਾਂ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਹ ਪ੍ਰਦਰਸ਼ਨੀ ਐਸੋਸੀਏਸ਼ਨ ਦੁਆਰਾ ਕੀਤੀ ਪਹਿਲਕਦਮੀ ਦੀ ਨਿਸ਼ਾਨਦੇਹੀ ਕਰਦੀ ਹੈ, ਜਿਸ ਨਾਲ ਇਹ ਕੋਰੋਗੇਟਿਡ ਪੈਕੇਜਿੰਗ ਮਸ਼ੀਨਰੀ ਨਿਰਮਾਤਾਵਾਂ ਨੂੰ ਇਕੱਠੇ ਲਿਆਉਣ ਵਾਲੀ ਆਪਣੀ ਕਿਸਮ ਦੀ ਪਹਿਲੀ ਪ੍ਰਦਰਸ਼ਨੀ ਹੋਵੇਗੀ।

ਸੀਏਟ ਨੇ ਦਮਦਾਰ ਮੋਟਰਸਾਈਕਲਾਂ ਲਈ ਸਟੀਲ ਰੈਡ ਟਾਇਰ ਦੇ ਦੋ ਵੇਰੀਐਂਟਸ - ਸਪੋਰਟਰੈਡ ਅਤੇ ਕ੍ਰਾਸਰੈਡ ਕੀਤੇ ਲਾਂਚ

ਲੁਧਿਆਣਾ, 24 ਜਨਵਰੀ, ਇੱਕ ਪ੍ਰਮੁੱਖ ਟਾਇਰ ਨਿਰਮਾਤਾ , ਸੀਏਟ ਆਪਣੇ ਸਟੀਲ ਰੇਡੀਅਲ ਟਾਇਰ , ਸਪੋਰਟਰੈਡ ਅਤੇ ਕ੍ਰਾਸਰੈਡ ਦੀ ਇੱਕ ਨਵੀਂ ਰੇਂਜ ਦੇ ਨਾਲ ਆਪਣੀ ਦੋ-ਪਹੀਆ ਵਾਹਨ ਟਾਇਰ ਰੇਂਜ ਦੇ ਪ੍ਰਦਰਸ਼ਨ ਨੂੰ ਇੱਕ ਨਵੇਂ ਹੀ ਪੱਧਰ 'ਤੇ ਲੈ ਗਈ ਹੈ ਸਟੀਲ ਰੇਡੀਅਲ ਟਾਇਰਾਂ ਦੀ ਇਹ ਪ੍ਰੀਮੀਅਮ ਰੇਂਜ ਵਿਸ਼ੇਸ਼ ਤੌਰ 'ਤੇ ਉੱਚ ਪ੍ਰਦਰਸ਼ਨ ਵਾਲੇ ਮੋਟਰਸਾਈਕਲਾਂ ਦੀ ਪੂਰੀ ਸਮਰੱਥਾ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਲਈ ਤਿਆਰ ਕੀਤੀ ਗਈ ਹੈ ਸਪੋਰਟਰੈਡ ਸੀਰੀਜ਼ ਹਾਈ ਸਪੀਡ ਅਤੇ ਬਾਰੀਕ ਮੋੜ ਕੱਟਣ ਲਈ ਤਿਆਰ ਕੀਤੀ ਗਈ ਹੈ; ਜਦੋਂ ਕਿ ਕ੍ਰਾਸਰੈਡ ਇੱਕ ਮਲਟੀ ਟੇਰੇਨ ਹਾਈ ਗ੍ਰਿਪ ਟਾਇਰ ਹੈ ਸਟੀਲ ਰੈਡ ਟਾਇਰਾਂ ਵਿੱਚ ਇੱਕ ਸਟੀਲ-ਬੈਲਟਡ ਰੇਡੀਅਲ ਕੰਸਟ੍ਰਕਸ਼ਨ ਵਿਸ਼ੇਸ਼ਤਾ ਹੈ, ਜੋ ਉੱਚ ਸਪੀਡ 'ਤੇ ਵਧੀਆ ਹੈਂਡਲਿੰਗ ਪ੍ਰਦਾਨ ਕਰਦੀ ਹੈ ਸੀਏਟ ਦੇ ਐਮਡੀ ਅਤੇ ਸੀਈਓ, ਸ਼੍ਰੀ ਅਰਨਬ ਬੈਨਰਜੀ ਨੇ ਟਿੱਪਣੀ ਕੀਤੀ, ਸਟੀਲ ਰੈਡ ਰੇਂਜ ਨਵੀਨਤਾ ਅਤੇ ਗੁਣਵੱਤਾ ਪ੍ਰਤੀ ਸੀਏਟ ਦੀ ਵਚਨਬੱਧਤਾ ਦਾ ਪ੍ਰਮਾਣ ਹੈ ਸਟੀਲ ਰੈਡ ਸੀਰੀਜ਼ ਦੇ ਨਾਲ, ਅਸੀਂ ਮੋਟਰਸਾਈਕਲ ਟਾਇਰਾਂ ਦੇ ਇੱਕ ਨਵੇਂ ਯੁੱਗ ਨੂੰ ਪੇਸ਼ ਕਰ ਰਹੇ ਹਾਂ ਜੋ ਅਤਿ-ਆਧੁਨਿਕ ਤਕਨਾਲੋਜੀ ਦਾ ਪ੍ਰਦਰਸ਼ਨ ਦੇ ਜਨੂੰਨ ਦੇ ਨਾਲ ਸੁਮੇਲ ਹੈ " ਸੀਏਟ ਦੇ ਮੁੱਖ ਮਾਰਕੀਟਿੰਗ ਅਫਸਰ, ਸ਼੍ਰੀ ਲਕਸ਼ਮੀ ਨਰਾਇਣਨ ਬੀ. ਨੇ ਕਿਹਾ, "ਸੀਏਟ ਵਿਖੇ, ਅਸੀਂ ਸਟੀਕ ਪ੍ਰਦਰਸ਼ਨ ਦੇ ਜਨੂੰਨ ਨੂੰ ਸਮਝਦੇ ਹਾਂ ਇਹ ਉਹਨਾਂ ਰਾਈਡਰਾਂ ਲਈ ਸਾਡਾ ਜਵਾਬ ਹੈ ਜੋ ਆਪਣੀਆਂ ਮਸ਼ੀਨਾਂ ਤੋਂ ਸਭ ਤੋਂ ਵਧੀਆ ਪਰਫਾਰਮੈਂਸ ਦੀ ਮੰਗ ਕਰਦੇ ਹਨ।

ਸ਼੍ਰੇਆ ਘੋਸ਼ਾਲ ਅਤੇ ਸਚਿਨ - ਜਿਗਰ ਲੈ ਕੇ ਆਏ ਪਿਆਰ ਭਰਿਆ ਗੀਤ 'ਤੂ ਮੇਰੀ ਹੈ'

ਚੰਡੀਗੜ੍ਹ, 24 ਜਨਵਰੀ- ਜਦੋਂ ਕਲਾ ਦੇ ਦਿੱਗਜ ਇਕੱਠੇ ਆਉਂਦੇ ਹਨ, ਤਾਂ ਜਾਦੂ ਪੈਦਾ ਹੁੰਦਾ ਹੈ ਇਸ ਲਈ ਜਦੋਂ ਮਸ਼ਹੂਰ ਬਾਲੀਵੁੱਡ ਸੰਗੀਤਕਾਰ ਸਚਿਨ-ਜਿਗਰ, ਸ਼ਲਾਘਾਯੋਗ ਗੀਤਕਾਰ ਪ੍ਰਿਯਾ ਸਰੈਯਾ ਅਤੇ ਮਸ਼ਹੂਰ ਗਾਇਕਾ ਸ਼੍ਰੇਆ ਘੋਸ਼ਾਲ ਇੱਕ ਅਜਾਦ ਪ੍ਰੇਮ ਗੀਤ ਬਣਾਉਣ ਦੇ ਲਈ ਮਿਲੇ, ਤਾਂ ਇੱਕ ਸੈਕਿੰਡ ਦੇ ਲਈ ਸਭ ਕੁਝ ਰੁਕ ਗਿਆ 'ਤੂ ਮੇਰੀ ਹੈ' ਇੱਕ ਨਵੇਂ ਪਿਆਰ ਦਾ ਜਸ਼ਨ ਪੇਸ਼ ਕਰਦਾ ਹੈ ਇੱਕ ਦੁਰਲਭ ਵਿਸ਼ਵਾਸ ਦੀ ਗੂੰਜ ਦੇ ਨਾਲ ਇਸ ਗੀਤ 'ਚ ਕੁਦਰਤੀ ਹੁਨਰ ਦਾ ਸੰਗਮ ਸੋਹਣਾ ਅਤੇ ਸਕੂਨ ਭਰੀ ਸਾਦਗੀ ਨਾਲ ਹੋਇਆ ਹੈ ਜਿਗਰ ਦੀਆਂ ਕਲਪਨਾਵਾ ਦੀ ਤਾਲ ਅਤੇ ਸ਼੍ਰੇਆ ਘੋਸ਼ਾਲ ਦੀ ਖੂਬਸੂਰਤ ਅਵਾਜ ਨੇ ਭਾਵਨਾਵਾਂ ਦੀ ਅਜਿਹੀ ਲਹਿਰ ਤਿਆਰ ਕੀਤੀ ਹੈ, ਜਿਸਦਾ ਅਨੁਭਵ ਜਾਦੂਈ ਹੈ 'ਤੂ ਮੇਰੀ ਹੈ' ਵਿਚ ਉਸ ਸ਼ਕਤੀਸ਼ਾਲੀ ਤਿਕੜੀ ਦਾ ਫਿਰ ਤੋਂ ਮਿਲਨ ਹੋਇਆ ਹੈ, ਜਿਹੜੀ ਪਿਛਲੀ ਵਾਰ 'ਸਾਈਬੋ' ਦੇ ਨਾਲ ਚਾਰਟ 'ਚ ਸਭ ਤੋਂ ਉੱਪਰ ਸੀ 'ਤੂ ਮੇਰੀ ਹੈ' ਦਾ ਵੀਡਿਓ ਇੱਕ ਪੌਪ ਸੰਗੀ ਦੀ ਬਜਾਏ ਇੱਕ ਧੁੰਦਲੀ ਯਾਦ ਜਿਹਾ ਪ੍ਰਤੀਤ ਹੁੰਦਾ ਹੈ ਇਸ ਗੀਤ ਨੂੰ ਜਿਗਰ ਨੇ ਸਚਿਨ ਦੇ ਨਾਲ ਤਿਆਰ ਕੀਤਾ ਹੈ ਅਤੇ ਸ਼੍ਰੇਆ ਘੋਸ਼ਾਲ ਦੇ ਨਾਲ ਇਸਨੂੰ ਆਪਣੀ ਅਵਾਜ ਦਿੱਤੀ ਹੈ ਉਨ੍ਹਾਂ ਨੇ ਦੱਸਿਆ,'ਤੂ ਮੇਰੀ ਹੈ' ਵਿਚ ਅਸੀਂ ਇੱਕ ਅਜਿਹਾ ਮਾਹੌਲ ਪੈਦਾ ਕਰਨਾ ਚਾਹੁੰਦੇ ਸੀ ਜਿਹੜਾ ਸਿਰਫ ਸੁਣਿਆ ਨਾ ਜਾਵੇ ਸਗੋਂ ਮਹਿਸੂਸ ਕੀਤਾ ਜਾਵੇ ' ਇਸਦੇ ਰਿਲੀਜ ਦੇ ਬਾਰੇ 'ਚ ਸ਼੍ਰੇਆ ਘੋਸ਼ਾਲ ਨੇ ਕਿਹਾ, 'ਸਚਿਨ-ਜਿਗਰ ਅਤੇ ਪ੍ਰਿਯਾ ਦੀ ਤਿਕੜੀ ਜਦੋਂ ਵੀ ਮੈਨੂੰ ਸੱਦਦੀ ਹੈ, ਉਦੋਂ ਮੇਰਾ ਉਤਸਾਹ ਵਧ ਜਾਂਦਾ ਹੈ '

ਕਿਡਜ਼ ਵਿਸਫੋਟਕ ਸਿੰਗਲ ਓਕੇ ਹਿੱਪ ਹੌਪ ਦੀ ਦੁਨੀਆ ਵਿੱਚ ਹੋਵੇਗਾ ਇੱਕ ਵੱਡਾ ਗੇਮ ਚੇਂਜਰ

ਲੁਧਿਆਣਾ, 24 ਜਨਵਰੀ : ਪੰਜਾਬੀ ਹਿਪ ਹੌਪ ਦੇ ਪ੍ਰਸ਼ੰਸਕਾਂ ਨੂੰ ਇੱਕ ਵੱਡਾ ਟ੍ਰੀਟ ਮਿਲਣ ਜਾ ਰਿਹਾ ਹੈ ਪੰਜਾਬੀ ਹਿਪ ਹੌਪ ਜਗਤ ਦਾ ਜਾਣਿਆ-ਪਛਾਣਿਆ ਚਿਹਰਾ, ਦ ਕਿਡ, ਜੋ ਇੱਕ ਉੱਭਰਦਾ ਹੋਇਆ ਨਿਰਮਾਤਾ ਵੀ ਹੈ, ਆਪਣੇ ਨਵੇਂ ਸਿੰਗਲ ਗੀਤ ਓਕੇ ਨਾਲ ਹਲਚਲ ਪੈਦਾ ਕਰਨ ਲਈ ਤਿਆਰ ਹੈ ਸਿੱਧੂ ਮੂਸੇਵਾਲਾ, ਦਿਲਜੀਤ ਦੋਸਾਂਝ, ਅਰਜਨ ਢਿੱਲੋਂ ਵਰਗੇ ਅਨੁਭਵੀ ਕਲਾਕਾਰਾਂ ਦੇ ਪਿੱਛੇ ਉਤਪਾਦਨ ਪਾਵਰਹਾਊਸ ਹੋਣ ਦੇ ਨਾਤੇ, ਦ ਕਿਡ ਓਕੇ ਇੱਕ ਵਿਸਫੋਟਕ ਫਿਊਜ਼ਨ ਪ੍ਰਦਾਨ ਕਰਨ ਲਈ ਤਿਆਰ ਹੈ ਜੋ ਵਿੰਟੇਜ ਰੂਹ ਦੀਆਂ ਆਵਾਜ਼ਾਂ, ਆਕਰਸ਼ਕ ਬੋਲਾਂ ਅਤੇ ਇੱਕ ਗੂੜ੍ਹੇ ਸ਼ਹਿਰੀ ਮਾਹੌਲ ਦਾ ਸੁਮੇਲ ਹੈ ਜੋ ਕਿ ਹਫੜਾ-ਦਫੜੀ ਵਾਲੇ ਸੱਭਿਆਚਾਰ ਨੂੰ ਅਪਣਾਉਂਦੀ ਹੈ ਓਕੇ ਨੂੰ ਸੰਗੀਤ ਦੇ ਉਸਤਾਦ ਈਸ਼ਾਨ ਅਤੇ ਇਲਮ ਦੁਆਰਾ ਲਿਖਿਆ ਅਤੇ ਕੰਪੋਜ਼ ਕੀਤਾ ਗਿਆ ਹੈ, ਦ ਕਿਡ ਨੇ ਨਿਰਮਾਣ ਲਈ ਫਲੈਕਸ ਸਿੰਘ ਨਾਲ ਸਹਿਯੋਗ ਕੀਤਾ ਹੈ ਦ ਕਿਡ ਅਤੇ ਈਸ਼ਾਨ ਦੀਆਂ ਪਾਵਰ-ਪੈਕਡ ਵੋਕਲਾਂ ਦੀ ਵਿਸ਼ੇਸ਼ਤਾ ਵਾਲਾ, ਇਹ ਗੀਤ ਤੁਹਾਡੇ ਘਰ ਦੇ ਸਪੀਕਰਾਂ ਨੂੰ ਧਮਾਕੇਦਾਰ ਬਣਾ ਦੇਵੇਗਾ ਓਕੇ ਹਿੱਪ-ਹੌਪ ਬੈਂਗਰ ਪੰਜਾਬੀ ਭਾਵਨਾ ਦਾ ਜਸ਼ਨ ਮਨਾਉਂਦਾ ਹੈ ਅਤੇ ਇਹ ਸਭ ਕੁਝ ਉਨ੍ਹਾਂ ਲੋਕਾਂ ਬਾਰੇ ਹੈ ਜੋ ਵੱਡੇ ਸੁਪਨੇ ਦੇਖਣ ਦੀ ਹਿੰਮਤ ਕਰਦੇ ਹਨ ਟਰੈਕ ਹੱਸਲ ਦੇ ਤਾਜ਼ਾ ਮਿਸ਼ਰਣ ਦਾ ਆਨੰਦ ਲੈਣ ਦਾ ਪ੍ਰਤੀਕ ਹੈ ਸੱਭਿਆਚਾਰ ਅਤੇ ਅੱਜ ਦਾ ਯੁੱਗ ਆਪਣੇ ਗੀਤ ਬਾਰੇ ਉਤਸ਼ਾਹਿਤ ਹੋ ਕੇ ਗੱਲ ਕਰਦੇ ਹੋਏ ਦ ਕਿਡ ਨੇ ਕਿਹਾ, ਮੈਂ ਓਕੇ ਨੂੰ ਦੁਨੀਆ ਦੇ ਸਾਹਮਣੇ ਲਿਆਉਣ ਲਈ ਬਹੁਤ ਉਤਸ਼ਾਹਿਤ ਹਾਂ ਅਤੇ ਇਹ ਮੇਰੇ ਲਈ ਬਹੁਤ ਹੀ ਰੋਮਾਂਚਕ ਪ੍ਰੋਜੈਕਟ ਹੈ।

ਏਆਈਪੀਐਲ ਸਥਾਨਕ ਕਾਰੀਗਰਾਂ ਅਤੇ ਮਹਿਲਾ ਸਸ਼ਕਤੀਕਰਨ ਲਈ ਵਚਨਬੱਧ ਹੈ

ਲੁਧਿਆਣਾ, 24 ਜਨਵਰੀ, ਸਥਾਨਕ ਕਾਰੀਗਰਾਂ, ਸ਼ਿਲਪਕਾਰੀ ਲੋਕਾਂ ਅਤੇ ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ, ਏਆਈਪੀਐਲ ਨੇ ਕਾਰਪੋਰੇਟ ਗਿਫਟਸ ਲਈ ਏਅਰ ਫੋਰਸ ਵਾਈਵਜ਼ ਵੈਲਫੇਅਰ ਐਸੋਸੀਏਸ਼ਨ ਨਾਲ ਸਮਝੌਤਾ ਕੀਤਾ ਹੈ ਏਆਈਪੀਐਲ ਨੇ ਏਅਰ ਫੋਰਸ ਵਾਈਵਜ਼ ਵੈਲਫੇਅਰ ਐਸੋਸੀਏਸ਼ਨ ਤੋਂ ਹੱਥਾਂ ਨਾਲ ਬਣੇ ਸ਼ਾਲ ਲਏ ਹਨ, ਜਿਸ ਨਾਲ ਖੇਤਰ ਦੀ ਕਲਾ ਅਤੇ ਸ਼ਿਲਪਕਾਰੀ ਨੂੰ ਉਤਸ਼ਾਹਿਤ ਕੀਤਾ ਗਿਆ ਹੈ ਏਅਰ ਫੋਰਸ ਵਾਈਵਜ਼ ਵੈਲਫੇਅਰ ਐਸੋਸੀਏਸ਼ਨ ਏਅਰ ਫੋਰਸ ਦੇ ਸਾਰੇ ਕਰਮਚਾਰੀਆਂ ਦੀਆਂ ਪਤਨੀਆਂ ਲਈ ਇੱਕ ਭਲਾਈ ਸੰਸਥਾ ਹੈ ਏਅਰ ਫੋਰਸ ਵਾਈਵਜ਼ ਵੈਲਫੇਅਰ ਐਸੋਸੀਏਸ਼ਨ ਆਪਣੇ ਮੈਂਬਰਾਂ ਨੂੰ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ, ਗੱਲਬਾਤ ਕਰਨ ਅਤੇ ਅਣਗਿਣਤ ਲਾਭ ਪ੍ਰਦਾਨ ਕਰਨ ਲਈ ਇੱਕ ਮੰਚ ਹੈ ਇਸਦੀ ਸਥਾਪਨਾ 1970 ਵਿੱਚ ਭਾਰਤੀ ਹਵਾਈ ਸੈਨਾ ਦੇ ਮ੍ਰਿਤਕ/ਅਯੋਗ/ਸੇਵਾਮੁਕਤ/ਸੇਵਾ ਕਰ ਰਹੇ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕੀਤੀ ਗਈ ਸੀ ਏਅਰ ਫੋਰਸ ਵਾਈਵਜ਼ ਵੈਲਫੇਅਰ ਐਸੋਸੀਏਸ਼ਨ ਭਾਰਤੀ ਹਵਾਈ ਸੈਨਾ ਦੇ ਪਰਿਵਾਰਾਂ ਲਈ ਮੁੱਖ ਭਲਾਈ ਸੰਸਥਾ ਹੈ ਸੰਗੀਨੀਆਂ ਵਜੋਂ ਜਾਣੇ ਜਾਂਦੇ ਇਸ ਦੇ ਮੈਂਬਰਾਂ ਦਾ ਸਸ਼ਕਤੀਕਰਨ, ਬੱਚਿਆਂ ਦਾ ਸਰਵਪੱਖੀ ਵਿਕਾਸ, ਸਮਾਜ ਦੇ ਲੋੜਵੰਦ ਵਰਗਾਂ ਲਈ ਮਦਦ ਦਾ ਹੱਥ ਵਧਾਉਣਾ ਇਸ ਦੇ ਮੁੱਖ ਉਦੇਸ਼ਾਂ ਵਿੱਚੋਂ ਕੁਝ ਹਨ ਸੀਨੀਅਰ ਸਿਟੀਜ਼ਨਜ਼, ਵਿਸ਼ੇਸ਼ ਬੱਚਿਆਂ ਅਤੇ ਅਨਾਥਾਂ ਲਈ ਪਿਛਲੇ ਸਾਲਾਂ ਦੌਰਾਨ ਐਸੋਸੀਏਸ਼ਨ ਦਾ ਯੋਗਦਾਨ ਵਿਸ਼ੇਸ਼ ਜ਼ਿਕਰ ਦਾ ਹੱਕਦਾਰ ਹੈ ਇਸ ਤੋਂ ਇਲਾਵਾ, ਏਆਈਪੀਐਲ ਨੇ ਤੋਹਫ਼ਿਆਂ ਲਈ ਸਥਾਨਕ ਕੰਪਨੀ ਚੋਕੋ ਵਿਕ ਨਾਲ ਵੀ ਸਮਝੌਤਾ ਕੀਤਾ ਹੈ ਲੁਧਿਆਣਾ ਆਧਾਰਿਤ ਸਟਾਰਟ ਅੱਪ ਚੋਕੋ ਵਿਕ ਵੀ ਔਰਤਾਂ ਅਤੇ ਹੋਰ ਲੋੜਵੰਦ ਲੋਕਾਂ ਨੂੰ ਸਹਾਇਤਾ ਅਤੇ ਨੌਕਰੀਆਂ ਪ੍ਰਦਾਨ ਕਰ ਰਿਹਾ ਹੈ।

ਹਵਾਈ ਸੇਨਾ 'ਚ ਬਿਹਤਰੀਨ ਸੇਵਾ ਤੋਂ ਲੈ ਕੇ ਕਾਰਪੋਰੇਟ ਜਗਤ 'ਚ ਸਫਲਤਾ ਤੱਕ: ਅਮੇਜੋਨ 'ਚ ਨਿਸ਼ਾ ਗੁਪਤਾ ਦਾ ਉੱਤਮ ਕਰੀਅਰ

ਚੰਡੀਗੜ੍ਹ, 24 ਜਨਵਰੀ, ਸਾਲਾਂ ਤੱਕ ਦੇਸ਼ ਦੀ ਸੇਵਾ ਕਰਨ ਦੇ ਬਾਅਦ, ਸਾਬਕਾ ਸੈਨਿਕ ਆਪਣੇ ਹੁਨਰ ਅਤੇ ਵਚਨਬੱਧਤਾ ਦੀ ਵਰਤੋਂ ਅਕਸਰ ਨਵੇਂ ਖੇਤਰਾਂ 'ਚ ਕਰਦੇ ਆਏ ਹਨ ਅਗਵਾਈ, ਚੁਸਤੀ ਅਤੇ ਦਬਾਅ 'ਚ ਵੀ ਸਮੱਸਿਆਵਾਂ ਨੂੰ ਹੱਲ ਕਰਨ ਦੀ ਆਪਣੀ ਸਮਰੱਥਾ ਦੇ ਨਾਲ ਉਹ ਹਰ ਖੇਤਰ ਦੇ ਲਈ ਇੱਕ ਕੀਮਤੀ ਸੰਪੱਤੀ ਹੁੰਦੇ ਹਨ ਇਸ ਸਮਰੱਥਾ ਨੂੰ ਪਛਾਣ ਕੇ ਅਮੇਜੋਨ ਨੇ ਸਾਲ 2019 'ਚ ਆਪਣਾ ਸੈਨਿਕ ਪ੍ਰੋਗਰਾਮ ਸ਼ੁਰੂ ਕੀਤਾ ਇਹ ਇੱਕ ਸਮਰਪਿਤ ਪਹਿਲ ਹੈ ਜਿਹੜੀ ਸਾਬਕਾ ਸੈਨਿਕਾਂ ਨੂੰ ਆਪਣੀ ਖਾਸ ਸੇਵਾ ਨਾਲ ਗਤੀਸ਼ੀਲ ਕਾਰਪੋਰੇਟ ਦੁਨੀਆਂ 'ਚ ਅਸਾਨੀ ਦੇ ਨਾਲ ਇੰਟਰੀ ਕਰਨ 'ਚ ਮਦਦ ਕਰਨ ਦੇ ਲਈ ਡਿਜਾਇਨ ਕੀਤੀ ਗਈ ਹੈ ਇਸ ਬਦਲਾਅਕਾਰੀ ਪ੍ਰੋਗਰਾਮ ਨਾਲ ਵਿਅਕਤੀਗਤ ਸਹਿਯੋਗ ਅਤੇ ਅਨੁਕੂਲਿਤ ਸਿਖਲਾਈ ਦੇ ਨਾਲ, ਨਿਸ਼ਾ ਗੁਪਤਾ ਜਿਹੇ ਕਈ ਸਾਬਕਾ ਸੈਨਿਕ ਕਾਰਪੋਰੇਟ ਦੁਨੀਆਂ 'ਚ ਇੰਟਰੀ ਕਰਨ 'ਚ ਸਮਰੱਥ ਬਣੇ ਹਨ ਨਿਸ਼ਾ ਨੇ ਭਾਰਤੀ ਹਵਾਈ ਸੇਨਾ ਦੇ ਆਪਣੇ ਅਨੁਭਵ ਦੀ ਵਰਤੋਂ ਅਮੇਜੋਨ 'ਚ ਬਿਹਤਰੀ ਹਾਸਲ ਕਰਨ ਦੇ ਲਈ ਕੀਤੀ ਨਿਸ਼ਾ ਇੱਕ ਦਹਾਕੇ ਤੱਕ ਭਾਰਤੀ ਹਵਾਈ ਸੇਨਾ 'ਚ ਕਮਾਂਡਿੰਗ ਅਫਸਰ ਅਤੇ ਸੀਨੀਅਰ ਆਈਟੀ ਅਤੇ ਸੰਚਾਰ ਅਧਿਕਾਰੀ ਰਹਿ ਚੁੱਕੀ ਹੈ ਅਮੇਜੋਨ ਦੇ ਕੰਮ ਦੇ ਸੱਭਿਆਚਾਰ 'ਚ ਮਸ਼ਗੂਲ ਨਿਸ਼ਾ ਨੇ ਦੱਸਿਆ, 'ਇੱਥੇ ਹਰ ਦਿਨ ਇੱਕ ਨਵੇਂ ਐਡਵੇਂਚਰ ਦੀ ਤਰ੍ਹਾਂ ਹੈ ਅਸੀਂ ਪ੍ਰਯੋਗ ਕਰਨ, ਤੁਰਤੰ ਫੇਲ ਹੋਣ ਤੋਂ ਨਹੀਂ ਡਰਦੇ ਅਤੇ ਆਪਣੀਆਂ ਗਲਤੀਆਂ ਤੋਂ ਸਿੱਖਦੇ ਹਾਂ ਇਹੀ ਗੱਲ ਮੈਨੂੰ ਆਪਣੇ ਦਾਇਰੇ ਵਧਾਉਂਦੇ ਰਹਿਣ ਅਤੇ ਕੁਆਲਿਟੀ ਦੇ ਵੱਲ ਵਧਦੇ ਰਹਿਣ ਦੇ ਲਈ ਪ੍ਰੇਰਿਤ ਕਰਦੀ ਹੈ।'

ਕਿਡਜ਼ ਵਿਸਫੋਟਕ ਸਿੰਗਲ ਓਕੇ ਹਿੱਪ ਹੌਪ ਦੀ ਦੁਨੀਆ ਵਿੱਚ ਹੋਵੇਗਾ ਇੱਕ ਵੱਡਾ ਗੇਮ ਚੇਂਜਰ

ਚੰਡੀਗੜ੍ਹ, 24 ਜਨਵਰੀ : ਪੰਜਾਬੀ ਹਿਪ ਹੌਪ ਦੇ ਪ੍ਰਸ਼ੰਸਕਾਂ ਨੂੰ ਇੱਕ ਵੱਡਾ ਟ੍ਰੀਟ ਮਿਲਣ ਜਾ ਰਿਹਾ ਹੈ ਪੰਜਾਬੀ ਹਿਪ ਹੌਪ ਜਗਤ ਦਾ ਜਾਣਿਆ-ਪਛਾਣਿਆ ਚਿਹਰਾ, ਦ ਕਿਡ, ਜੋ ਇੱਕ ਉੱਭਰਦਾ ਹੋਇਆ ਨਿਰਮਾਤਾ ਵੀ ਹੈ, ਆਪਣੇ ਨਵੇਂ ਸਿੰਗਲ ਗੀਤ ਓਕੇ ਨਾਲ ਹਲਚਲ ਪੈਦਾ ਕਰਨ ਲਈ ਤਿਆਰ ਹੈ ਸਿੱਧੂ ਮੂਸੇਵਾਲਾ, ਦਿਲਜੀਤ ਦੋਸਾਂਝ, ਅਰਜਨ ਢਿੱਲੋਂ ਵਰਗੇ ਅਨੁਭਵੀ ਕਲਾਕਾਰਾਂ ਦੇ ਪਿੱਛੇ ਉਤਪਾਦਨ ਪਾਵਰਹਾਊਸ ਹੋਣ ਦੇ ਨਾਤੇ, ਦ ਕਿਡ ਓਕੇ ਇੱਕ ਵਿਸਫੋਟਕ ਫਿਊਜ਼ਨ ਪ੍ਰਦਾਨ ਕਰਨ ਲਈ ਤਿਆਰ ਹੈ ਜੋ ਵਿੰਟੇਜ ਰੂਹ ਦੀਆਂ ਆਵਾਜ਼ਾਂ, ਆਕਰਸ਼ਕ ਬੋਲਾਂ ਅਤੇ ਇੱਕ ਗੂੜ੍ਹੇ ਸ਼ਹਿਰੀ ਮਾਹੌਲ ਦਾ ਸੁਮੇਲ ਹੈ ਜੋ ਕਿ ਹਫੜਾ-ਦਫੜੀ ਵਾਲੇ ਸੱਭਿਆਚਾਰ ਨੂੰ ਅਪਣਾਉਂਦੀ ਹੈ ਓਕੇ ਨੂੰ ਸੰਗੀਤ ਦੇ ਉਸਤਾਦ ਈਸ਼ਾਨ ਅਤੇ ਇਲਮ ਦੁਆਰਾ ਲਿਖਿਆ ਅਤੇ ਕੰਪੋਜ਼ ਕੀਤਾ ਗਿਆ ਹੈ, ਦ ਕਿਡ ਨੇ ਨਿਰਮਾਣ ਲਈ ਫਲੈਕਸ ਸਿੰਘ ਨਾਲ ਸਹਿਯੋਗ ਕੀਤਾ ਹੈ ਦ ਕਿਡ ਅਤੇ ਈਸ਼ਾਨ ਦੀਆਂ ਪਾਵਰ-ਪੈਕਡ ਵੋਕਲਾਂ ਦੀ ਵਿਸ਼ੇਸ਼ਤਾ ਵਾਲਾ, ਇਹ ਗੀਤ ਤੁਹਾਡੇ ਘਰ ਦੇ ਸਪੀਕਰਾਂ ਨੂੰ ਧਮਾਕੇਦਾਰ ਬਣਾ ਦੇਵੇਗਾ ਓਕੇ ਹਿੱਪ-ਹੌਪ ਬੈਂਗਰ ਪੰਜਾਬੀ ਭਾਵਨਾ ਦਾ ਜਸ਼ਨ ਮਨਾਉਂਦਾ ਹੈ ਅਤੇ ਇਹ ਸਭ ਕੁਝ ਉਨ੍ਹਾਂ ਲੋਕਾਂ ਬਾਰੇ ਹੈ ਜੋ ਵੱਡੇ ਸੁਪਨੇ ਦੇਖਣ ਦੀ ਹਿੰਮਤ ਕਰਦੇ ਹਨ ਟਰੈਕ ਹੱਸਲ ਦੇ ਤਾਜ਼ਾ ਮਿਸ਼ਰਣ ਦਾ ਆਨੰਦ ਲੈਣ ਦਾ ਪ੍ਰਤੀਕ ਹੈ ਸੱਭਿਆਚਾਰ ਅਤੇ ਅੱਜ ਦਾ ਯੁੱਗ ਆਪਣੇ ਗੀਤ ਬਾਰੇ ਉਤਸ਼ਾਹਿਤ ਹੋ ਕੇ ਗੱਲ ਕਰਦੇ ਹੋਏ ਦ ਕਿਡ ਨੇ ਕਿਹਾ, ਮੈਂ ਓਕੇ ਨੂੰ ਦੁਨੀਆ ਦੇ ਸਾਹਮਣੇ ਲਿਆਉਣ ਲਈ ਬਹੁਤ ਉਤਸ਼ਾਹਿਤ ਹਾਂ ਅਤੇ ਇਹ ਮੇਰੇ ਲਈ ਬਹੁਤ ਹੀ ਰੋਮਾਂਚਕ ਪ੍ਰੋਜੈਕਟ ਹੈ।

ਰਾਯਲ ਇਨਫੀਲਡ ਬੁਲੇਟ 350 ਸਿਲਵਰ ਰੰਗ 'ਚ ਹੱਥ ਨਾਲ ਪੇਂਟ ਕੀਤੀ ਗਈ ਪਿਨਸ੍ਟ੍ਰਾਈਪਸ ਦੇ ਨਾਲ ਉਪਲਬਧ ਹੋਇਆ



ਲੁਧਿਆਣਾ, 24 ਜਨਵਰੀ, (ਮੀਡੀਆ ਨਿਊਜ਼)- ਮੋਟਰਸਾਈਕਲ ਦੀ ਦੁਨੀਆਂ 'ਚ ਅਸਲੀ ਆਈਕਨ, ਰਾਯਲ ਇਨਫੀਲਡ ਬੁਲੇਟ 350 ਆਪਣੀ ਲੰਮੀਂ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ ਸਤੰਬਰ 2023 'ਚ ਰਾਯਲ ਇਨਫੀਲਡ ਦੇ ਸੁਪਰ ਸਮੂਥ ਅਤੇ ਪੂਰੇ ਸੰਸਾਰ 'ਚ ਮਸ਼ਹੂਰ ਜੇ-ਸੀਰੀਜ ਇੰਜਣ ਦੇ ਨਾਲ ਲਾਂਚ ਕੀਤੀ ਗਈ, ਨਵੀਂ ਬੁਲੇਟ 350 ਆਪਣੇ ਮਾਡਲਾਂ ਅਤੇ ਕਲਰਵੇਜ 'ਚ ਇੱਕ ਨਵਾਂ ਐਡਿਸ਼ਨ ਲੈ ਕੇ ਆਈ ਹੈ ਹੁਣ ਬੁਲੇਟ 350 ਦੇ ਮਿਲਟਰੀ ਸਿਲਵਰਬਲੈਕ ਅਤੇ ਮਿਲਟਰੀ ਸਿਲਵਰਰੇਡ ਮਾਡਲਾਂ 'ਚ ਹੱਥ ਨਾਲ ਪੇਂਟ ਕੀਤੀ ਗਈ ਸਿਲਵਰ ਪਿਨਸਟ੍ਰਾਈਪਸ ਹੋਣਗੀਆਂ ਮਿਲਟਰੀ ਅਤੇ ਸਟੈਂਡਰਡ ਮਾਡਲਾਂਟ ਦੇ ਵਿਚਕਾਰ ਇਸ ਨਵੇਂ ਐਡਿਸ਼ਨ ਦੇ ਨਾਲ ਸਾਲਿਡ ਕਲਰ ਦੇ ਟੈਂਕ ਦੀ ਖੂਬਸੂਰਤੀ ਵਧਾਉਣ ਦੇ ਲਈ ਉਸ 'ਤ ਹੱਥ ਨਾਲ ਪੇਂਟ ਕੀਤੀ ਗਈ।

ਰਾਯਲ ਇਨਫੀਲਡ ਬੁਲੇਟ 350 ਸਿਲਵਰ ਰੰਗ 'ਚ ਹੱਥ ਨਾਲ ਪੇਂਟ ਕੀਤੀ ਗਈ ਪਿਨਸ੍ਟ੍ਰਾਈਪਸ ਦੇ ਨਾਲ ਉਪਲਬਧ ਹੋਇਆ

ਜਲੰਧਰ, 24 ਜਨਵਰੀ, (ਮੀਡੀਆ ਨਿਊਜ਼)- ਮੋਟਰਸਾਈਕਲ ਦੀ ਦੁਨੀਆਂ 'ਚ ਅਸਲੀ ਆਈਕਨ, ਰਾਯਲ ਇਨਫੀਲਡ ਬੁਲੇਟ 350 ਆਪਣੀ ਲੰਮੀਂ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ ਸਤੰਬਰ 2023 'ਚ ਰਾਯਲ ਇਨਫੀਲਡ ਦੇ ਸੁਪਰ ਸਮੂਥ ਅਤੇ ਪੂਰੇ ਸੰਸਾਰ 'ਚ ਮਸ਼ਹੂਰ ਜੇ-ਸੀਰੀਜ ਇੰਜਣ ਦੇ ਨਾਲ ਲਾਂਚ ਕੀਤੀ ਗਈ, ਨਵੀਂ ਬੁਲੇਟ 350 ਆਪਣੇ ਮਾਡਲਾਂ ਅਤੇ ਕਲਰਵੇਜ 'ਚ ਇੱਕ ਨਵਾਂ ਐਡਿਸ਼ਨ ਲੈ ਕੇ ਆਈ ਹੈ ਹੁਣ ਬੁਲੇਟ 350 ਦੇ ਮਿਲਟਰੀ ਸਿਲਵਰਬਲੈਕ ਅਤੇ ਮਿਲਟਰੀ ਸਿਲਵਰਰੇਡ ਮਾਡਲਾਂ 'ਚ ਹੱਥ ਨਾਲ ਪੇਂਟ ਕੀਤੀ ਗਈ ਸਿਲਵਰ ਪਿਨਸਟ੍ਰਾਈਪਸ ਹੋਣਗੀਆਂ ਮਿਲਟਰੀ ਅਤੇ ਸਟੈਂਡਰਡ ਮਾਡਲਾਂਟ ਦੇ ਵਿਚਕਾਰ ਇਸ ਨਵੇਂ ਐਡਿਸ਼ਨ ਦੇ ਨਾਲ ਸਾਲਿਡ ਕਲਰ ਦੇ ਟੈਂਕ ਦੀ ਖੂਬਸੂਰਤੀ ਵਧਾਉਣ ਦੇ ਲਈ ਉਸ 'ਤ ਹੱਥ ਨਾਲ ਪੇਂਟ ਕੀਤੀ ਗਈ।

CHANGE OF NAME

I, Bhupinder Singh S/o Sarwan Singh R/o H.No. 123 W.No. 9 Dharampur Teh. Dasuya Distt: Hoshiarpur (Pb) have Changed my minor daughter name from Khushi to Khushi Kumari. All Concerned please note.

I, Jaspal S/o Shri Lekh Raj R/o Vill. Johal, P.O. Barapind, Teh. Phillaur, Distt: Jalandhar (Pb) have Changed my name from Jaspal to Jaspal Bashal. All Concerned please note.

I, Rohit s/o Kailash Chander r/o patti kalla dalla samrai tehsil Phillaur district Jalandhar have changed my name Rohit to Rohit prinja. All Concerned please note.

I, Rajni Bala w/o Rohit prinja r/o patti kalla dalla samrai tehsil Phillaur district Jalandhar have changed my name Rajni Bala to Rajni Bala prinja. All Concerned please note.

I, hither to Known as Balvir Chand S/o Chaman Lal R/o VPO. Kingra Chowala, Distt: Jalandhar (Pb)-144201 have Changed my name and shall hereafter be Known as Balbir Chand. All Concerned please note.

I, Jasvir Kaur W/o Bhajan Singh R/o Village Gulabgarh Jagir, PO. Chak Prema, Tehsil Phagwara, District Kapurthala, Punjab, India inform that Jasvir Kaur and Sukhvir Kaur are my names. I am known by both names & is one and the same person. All Concerned please note.

I, Sandeepna W/o Prag Sharma D/o Tara Mani R/o H.No. 58, Mohalla No. 14, Near Jain Mandir Jalandhar Cantt. have Changed my name from Sandeepna to Sandeepna Sharma after marriage. All Concerned please note.

ਜਨਤਕ ਸੂਚਨਾ

ਮੈਂ, ਕੁਲਦੀਪ ਕੌਰ ਪੁੱਤਰੀ ਤਰਸੇਮ ਸਿੰਘ ਪਤਨੀ ਸੰਨੀ ਸਿੰਘ ਵਾਸੀ ਮਕਾਨ ਨੰਬਰ 16, ਡੇਰਾ ਬਾਬਾ ਨਾਨਕ ਰੋਡ ਫ੍ਰੈਂਡਜ ਕਾਲੋਨੀ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰੀ ਦੂਜੀ ਮੈਰਿਜ ਸੰਨੀ ਸਿੰਘ ਪੁੱਤਰ ਹਜ਼ਾਰਾ ਸਿੰਘ ਨਾਲ ਹੋਈ ਹੈ। ਮੇਰੇ ਲੜਕੇ ਦਾ ਨਾਮ ਯਸਨੂਰ ਸਿੰਘ (ਆਧਾਰ ਕਾਰਡ ਨੰਬਰ 633385616651) ਪੁੱਤਰੀ ਪਰਦੀਪ ਕੁਮਾਰ ਹੈ ਅਤੇ ਮੇਰੀ ਲੜਕੀ ਹਰਸਿਮਰਨ ਕੌਰ (ਆਧਾਰ ਕਾਰਡ ਨੰਬਰ 715074468373) ਪੁੱਤਰ ਪਰਦੀਪ ਕੁਮਾਰ ਹੈ। ਮੇਰੀ ਦੂਜੀ ਮੈਰਿਜ ਤੋਂ ਬਾਅਦ ਮੇਰੇ ਲੜਕੇ ਯਸਨੂਰ ਸਿੰਘ ਅਤੇ ਮੇਰੀ ਲੜਕੀ ਹਰਸਿਮਰਨ ਕੌਰ ਦੇ ਆਧਾਰ ਕਾਰਡ ਤੇ ਪਿਤਾ ਦਾ ਨਾਮ ਮੇਰੇ ਦੂਜੇ ਪਤੀ ਸੰਨੀ ਸਿੰਘ ਦਰਜ ਕੀਤਾ ਜਾਵੇ।

ਬੇਦਖਲੀ ਨੋਟਿਸ

ਮੈਂ, ਸਤਨਾਮ ਸਿੰਘ ਪੁੱਤਰ ਸ: ਤਾਰਾ ਸਿੰਘ ਵਾਸੀ ਪਿੰਡ ਸਗਰਵਾਲੀ ਡਾਕ: ਭਟਨੂਰਾ ਲੁਬਾਣਾ ਤਹਿ: ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਅਤੇ ਮੇਰੀ ਨੂੰਹ ਮਨਜੋਤ ਕੌਰ ਅਤੇ ਮੇਰੀ ਲੜਕੀ ਪਰਮਜੀਤ ਕੌਰ ਪਤਨੀ ਜਸਵਿੰਦਰ ਸਿੰਘ ਅਤੇ ਇਹਨਾਂ ਦੇ ਵਾਰਸਾਨ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਗੁਰਵਿੰਦਰ ਸਿੰਘ ਅਤੇ ਮੇਰੀ ਨੂੰਹ ਮਨਜੋਤ ਕੌਰ ਅਤੇ ਮੇਰੀ ਲੜਕੀ ਪਰਮਜੀਤ ਕੌਰ ਪਤਨੀ ਜਸਵਿੰਦਰ ਸਿੰਘ ਅਤੇ ਇਹਨਾਂ ਦੇ ਵਾਰਸਾਨ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਸੂਚਨਾ

'ਅਕਾਲੀ ਪੱਤ੍ਰਕਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਦੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਐਡੀਟਰ-ਪ੍ਰਿੰਟਰ ਅਤੇ ਪਬਲਿਸ਼ਰ ਬੀਰ ਪਾਲ ਸਿੰਘ ਵੱਲੋਂ ਸਿੱਖ ਨਿਊਜ਼ ਪੇਪਰ ਲਿਮਟਿਡ ਦੀ ਤਰਫੋਂ ਈਸਟ ਪੰਜਾਬ ਪ੍ਰਿੰਟਿੰਗ ਪ੍ਰੈਸ 26 ਚਹਾਰ ਬਾਗ ਜਲੰਧਰ ਤੋਂ ਛਪਵਾ ਕੇ ਅਕਾਲੀ ਪੱਤ੍ਰਕਾ ਪ੍ਰਕਾਸ਼ਤ ਕੀਤਾ। ਮੋਬਾਇਲ 91-9872100035, ਦਫਤਰ-0181-5008586
Email : akalipatrika@gmail.com, bpsingpcs@hotmail.com

Editor Printer and Publisher Bir Pal Singh on behalf of the Sikh News Papers Ltd. Printed from East Punjab Printing Press 26 Chahar Bagh Jalandhar and Published for Office Akali Patrika Mob. 91-9872100035 Office -0181-5008586
Email : akalipatrika@gmail.com, bpsingpcs@hotmail.com

ਸੀ.ਆਈ.ਏ ਸਟਾਫ ਤਰਨ ਤਾਰਨ ਪੁਲਿਸ ਵੱਲੋਂ 01 ਕਿਲੋ 300 ਗ੍ਰਾਮ ਹੈਰੋਇਨ, 02 ਪਿਸਟਲ ਸਮੇਤ 20 ਰੌਂਦ ਅਤੇ 1,07,000 ਡਰੱਗ ਮਨੀ ਸਮੇਤ 01 ਦੋਸ਼ੀ ਗ੍ਰਿਫਤਾਰ

ਤਰਨ ਤਾਰਨ 24 ਜਨਵਰੀ ਸਰਬਜੀਤ ਸਿੰਘ ਤੁੜ ਗੁਰਦੇਵ ਸਿੰਘ ਜੰਡੋਕੇ/ਮਾਨਯੋਗ ਸ੍ਰੀ ਅਸ਼ਵਨੀ ਕਪੂਰ ਆਈ.ਪੀ.ਐਸ/ਐਸ.ਐਸ.ਪੀ ਤਰਨ ਤਾਰਨ ਜੀ ਵੱਲੋਂ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਲਈ ਲਗਾਤਾਰ ਠੋਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਸ੍ਰੀ ਮਨਿੰਦਰ ਸਿੰਘ ਆਈ.ਪੀ.ਐਸ ਐਸ.ਪੀ ਹੈਡਕੁਆਟਰ/ ਐਸ.ਪੀ (ਡੀ) ਤਰਨ ਤਾਰਨ ਜੀ ਦੀ ਨਿਗਰਾਨੀ ਹੇਠ ਸ੍ਰੀ ਅਰੁਣ ਸ਼ਰਮਾ ਡੀ.ਐਸ.ਪੀ ਡੀ ਤਰਨ ਤਾਰਨ ਜੀ ਦੀਆਂ ਹਦਾਇਤਾਂ ਅਨੁਸਾਰ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ ਸੀ.ਆਈ.ਏ ਤਰਨ ਤਾਰਨ ਵੱਲੋਂ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਵੱਖ ਵੱਖ ਟੀਮਾਂ ਤਿਆਰ ਕਰਕੇ ਭੇਜੀਆਂ ਗਈਆਂ ਜਿਸ ਤਹਿਤ ਐਸ.ਆਈ ਚਰਨਜੀਤ ਸਿੰਘ ਸੀ.ਆਈ.ਏ ਤਰਨ ਤਾਰਨ ਸਮੇਤ ਪੁਲਿਸ ਪਾਰਟੀ ਗਸਤ ਵਾ ਤਲਾਸ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸੀ.ਆਈ.ਏ ਸੇਰੋਂ ਤੋਂ ਸਰਵਿਸ ਰੋਡ ਬਾਨ ਪੁੱਲ ਹਾਈਵੇ ਨੇੜੇ ਪੰਡੋਰੀ ਗੋਲਾ ਪਰ ਮੌਜੂਦ ਸੀ, ਤਾਂ ਤਰਨ ਤਾਰਨ ਦੀ ਸਾਈਡ ਤੋਂ ਇੱਕ ਮਹਿੰਦਰਾ ਬਾਰ ਨੰਬਰੀ PB-10-BW-6363 ਆਉਂਦੀ ਦਿਖਾਈ ਦਿੱਤੀ ਜਿਸਨੂੰ ਸਰਚਲਾਈਟ ਦੀ ਮਦਦ ਨਾਲ ਰੁੱਕਣ ਦਾ ਇਸ਼ਾਰਾ ਕੀਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਕਾਰ ਚਾਲਕ ਗੱਡੀ ਨੂੰ ਮੋੜਨ ਦੀ ਕੋਸ਼ਿਸ਼ ਕਰਨ ਲੱਗਾ ਜਿਸਨੂੰ ਪੁਲਿਸ ਪਾਰਟੀ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਗੱਡੀ ਨੂੰ ਘੇਰਾ ਪਾ ਕੇ ਕਾਬੂ ਕਰਕੇ ਕਾਰ ਚਾਲਕ ਦਾ ਨਾਮ ਪਤਾ ਪੁੱਛਿਆ ਜਿਸਨੇ ਆਪਣਾ ਨਾਮ ਨਵਪ੍ਰੀਤ ਸਿੰਘ ਉਰਫ ਰਿਕਾ ਪੁੱਤਰ ਪ੍ਰਗਟ ਸਿੰਘ ਵਾਸੀ ਮਕਾਨ ਨੰਬਰ 1477 ਪਿੰਡ ਘਨੁਪੁਰ ਕਾਲੇ ਜਿਲਾ ਅੰਮ੍ਰਿਤਸਰ ਦੱਸਿਆ ਜਿਸ ਦੀ ਤਲਾਸ਼ੀ ਕਰਨ ਤੇ ਉਸਦੀ ਖੱਬੀ ਡੱਬ ਵਿੱਚੋਂ ਇੱਕ ਪਿਸਟਲ ਗਲੋਕ 09 ਐਮ.ਐਮ ਮੇਡ ਇਨ ਅਸਟਰੀਆ ਸਮੇਤ 05 ਰੌਂਦ ਜਿੰਦਾ ਬ੍ਰਾਮਦ ਕਰਕੇ ਮੁਕੱਦਮਾ ਨੰਬਰ 08 ਮਿਤੀ 23.01.2024 ਜੁਰਮ 25/54/59 ਅਸਲਾ ਐਕਟ ਥਾਣਾ ਸਦਰ ਤਰਨ ਤਾਰਨ ਦਰਜ਼ ਰਜਿਸਟਰ ਕਰਕੇ ਪੇਸ਼ ਅਦਾਲਤ ਕਰਕੇ 2 ਦਿਨ ਦਾ ਰਿਮਾਂਡ।

ਏ ਐਸ ਆਈ ਗੁਲਸ਼ਨ ਕੁਮਾਰ ਨੇ ਭਗੋੜੀ ਤਲਵਿੰਦਰ ਕੌਰ ਨੂੰ ਕੀਤਾ ਗ੍ਰਿਫਤਾਰ

ਹੁਸ਼ਿਆਰਪੁਰ, 24 ਜਨਵਰੀ, (ਤਰਸੇਮ ਦੀਵਾਨਾ)- ਸੁਰਿੰਦਰ ਲਾਂਬਾ ਆਈ,ਪੀ.ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋ ਦਿੱਤੇ ਦਿਸ਼ਾ ਨਿਰਦੇਸਾ ਅਤੇ ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ.ਐਸ. ਪੁਲਿਸ ਕਪਤਾਨ ਦੀ ਰਹਿਨੁਮਾਈ ਹੇਠ ਭਗੌੜੇ ਵਿਅਕਤੀਆ ਨੂੰ ਗ੍ਰਿਫਤਾਰ ਕਰਨ ਲਈ ਖਾਸ ਮੁਹਿੰਮ ਸ਼ੁਰੂ ਕੀਤੀ ਗਈ ਹੈ ਇਸ ਮੁਹਿੰਮ ਤਹਿਤ ਪਰਮਿੰਦਰ ਸਿੰਘ ਉਪ ਪੁਲਿਸ ਕਪਤਾਨ ਤਫਤੀਸ਼ ਦੇ ਦਿਸ਼ਾ ਨਿਰਦੇਸ਼ਾ ਹੇਠ ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ- ਬਿੰਨ ਪਾਲਣਾ ਕਰਦੇ ਹੋਏ ਏ ਐਸ ਆਈ ਗੁਲਸ਼ਨ ਕੁਮਾਰ ਵਲੋਂ ਐਨ ਡੀ ਪੀ ਐਸ ਐਕਟ ਤਹਿਤ ਹੋਏ ਪ੍ਰਚੇ ਅਨੁਸਾਰ ਥਾਣਾ ਮੇਹਟੀਆਣਾ ਵਿੱਚੋ ਪੀ ਓ ਕਥਿਤ ਦੋਸ਼ਣ ਤਲਵਿੰਦਰ ਕੋਰ ਉਰਫ ਕਿੰਦੋ ਪਤਨੀ ਦੇਵ ਰਾਜ ਵਾਸੀ ਗੰਨਾ ਪਿੰਡ ਥਾਣਾ ਫਿਲੌਰ ਨੂੰ ਮਾਨਯੋਗ ਅਦਾਲਤ ਸਿਮਰਨਦੀਪ ਸਿੰਘ ਸੋਹੀ ਜੇ.ਐੱਮ.ਆਈ.ਸੀ ਹੁਸ਼ਿ: ਵਲੋ ਪੀ.ਓ ਕਰਾਰ ਕੀਤਾ ਗਿਆ ਸੀ ਉਹਨਾ ਦੱਸਿਆ ਕਿ ਕਥਿਤ ਦੋਸ਼ਣ ਐਨ ਡੀ ਪੀ ਐਸ ਐਕਟ ਤਹਿਤ ਹੋਈ ਐਫ ਆਈ ਆਰ ਅਨੁਸਾਰ ਕੇਂਦਰੀ ਜੇਲ ਕਪੂਰਥਲਾ ਵਿੱਚ ਬੰਦ ਹੈ ਜਿਸ ਨੂੰ ਮੁਕੱਦਮਾ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

ਫੋਟੋ- ਅਜਮੇਰ ਦੀਵਾਨਾ

110 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਚੜ੍ਹਿਆ ਪੁਲਿਸ ਦੇ ਅੜਿੱਕੇ

ਹੁਸ਼ਿਆਰਪੁਰ, 24 ਜਨਵਰੀ, (ਤਰਸੇਮ ਦੀਵਾਨਾ)- ਸੁਰਿੰਦਰ ਲਾਂਬਾ ਆਈ.ਪੀ.ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋਂ ਦਿੱਤੇ ਦਿਸ਼ਾ ਨਿਰਦੇਸਾ ਅਤੇ ਸਰਬਜੀਤ ਸਿੰਘ ਪੀ.ਪੀ.ਐਸ.ਐਸ. ਪੁਲਿਸ ਕਪਤਾਨ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠ ਨਸ਼ੀਲੀਆ ਵਸਤੂਆ ਦੀ ਸਮੱਗਲਿਗ ਕਰਨ ਵਾਲੇ ਵਿਅਕਤੀਆ ਦੇ ਖਿਲਾਫ ਮੁਹਿੰਮ ਸੁਰੂ ਕੀਤੀ ਗਈ ਹੈ ਇਸ ਮੁਹਿੰਮ ਤਹਿਤ ਪਰਮਿੰਦਰ ਸਿੰਘ ਉਪ ਪੁਲਿਸ ਕਪਤਾਨ ਤਫਤੀਸ਼ ਦੇ ਦਿਸ਼ਾ ਨਿਰਦੇਸ਼ਾ ਤੇ ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ- ਬਿੰਨ ਪਾਲਣਾ ਕਰਦੇ ਹੋਏ ਏ ਐਸ ਆਈ ਸਤਨਾਮ ਸਿੰਘ ਸਮੇਤ ਸਾਥੀ ਕਰਮਚਾਰੀਆ ਨਾਲ ਨਾਕਾ ਬੰਦੀ ਅਜਨੋਹਾ ਨਹਿਰ ਦੇ ਪੁਲ ਤੇ ਮੌਜੂਦ ਸੀ ਤਾਂ ਪਿੰਡ ਮਾਈਓ ਪੱਟੀ ਵਲੋਂ ਇੱਕ ਮੋਨਾ ਨੌਜਵਾਨ ਪੈਦਲ ਆਉਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਪਿਛੇ ਨੂੰ ਮੁੜਨ ਲੱਗਾ ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਸੰਦੀਪ ਸਿੰਘ ਪੁਤਰ ਤਰਸੇਮ ਸਿੰਘ ਵਾਸੀ ਮਾਨਾ ਥਾਣਾ ਮੇਹਟੀਆਣਾ ਦੱਸਿਆ ਜਿਸ ਦੀ ਤਲਾਸ਼ੀ ਕਰਨ ਤੇ 110 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਇਆ ਜਿਸ ਤੇ ਮੁਕਦਮਾ ਐਨ. ਡੀ. ਪੀ.ਐਸ.ਐਕਟ ਤਹਿਤ ਥਾਣਾ ਮੇਹਟੀਆਣਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ।

ਫੋਟੋ-ਅਜਮੇਰ ਦੀਵਨਾ

ਜੱਥੇ .ਤਰਨਜੀਤ ਸਿੰਘ ਨਿਮਾਣਾ ਤੇ ਬੀ.ਕੇ.ਯੂ (ਏਕਤਾ ਸਿੱਧੂਪੁਰ) ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦਰਮਿਆਨ ਹੋਈ ਅਹਿਮ ਮੀਟਿੰਗ

ਲੁਧਿਆਣਾ, 24 ਜਨਵਰੀ, (ਕਰਨੈਲ ਸਿੰਘ ਐੱਮ.ਏ.)- ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਭਾਰਤ ਵੱਲੋਂ ਦੇਸ਼ ਦੇ ਸਮੂਹ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਅਤੇ ਕਿਸਾਨਾਂ, ਮਜ਼ਦੂਰਾਂ ਤੇ ਸਿਰਾਂ ਤੇ ਚੜੇ ਕਰਜ਼ੇ ਨੂੰ ਖਤਮ ਕਰਵਾਉਣ,ਦਿੱਲੀ ਕਿਸਾਨੀ ਅੰਦੋਲਨ ਦੀਆਂ ਅਧੂਰੀਆਂ ਰਹਿੰਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਪੂਰੀਆਂ ਕਰਵਾਉਣ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਐਮ.ਐਸ.ਪੀ ਦੀ ਗਰੰਟੀ ਵਾਲਾ ਕਾਨੂੰਨ ਲਾਗੂ ਕਰਵਾਉਣ ਸਮੇਤ ਕਿਸਾਨੀ ਨਾਲ ਸੰਬੰਧਿਤ ਵੱਖ-ਵੱਖ ਭੱਖਵੇ ਮਸਲਿਆਂ ਨੂੰ ਕੇਂਦਰ ਸਰਕਾਰ ਕੋਲੋਂ ਹੱਲ ਕਰਵਾਉਣ ਲਈ ਆਰੰਭੇ ਜਾਣ ਵਾਲੇ ਵੱਡੇ ਸੰਘਰਸ਼ ਉੱਤਰੀ ਭਾਰਤ ਦੀਆਂ ਕਿਸਾਨ ਜੱਥੇਬੰਦੀਆਂ ਦੇ ਸਾਂਝੇ ਫੋਰਮ ਦੇ ਸੱਦੇ ਉੱਪਰ ਜੋ 13 ਫ਼ਰਵਰੀ ਨੂੰ ਚੱਲੋ ਦਿੱਲੀ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਉਸ ਵਿੱਚ ਅੰਨਦਾਤਾ ਕਿਸਾਨ ਯੂਨੀਅਨ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਵੱਡੀ ਗਿਣਤੀ ਵਿੱਚ ਆਪਣਾ ਕਾਫ਼ਲਾ ਲੈ ਕੇ ਸ਼ਮੂਲੀਅਤ ਕਰਨਗੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੰਨਦਾਤਾ ਕਿਸਾਨ ਯੂਨੀਅਨ ਦੀ ਪੰਜਾਬ ਸੂਬੇ ਦੇ ਪ੍ਰਧਾਨ ਜੱਥੇ.ਤਰਨਜੀਤ ਸਿੰਘ ਨਿਮਾਣਾ ਨੇ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨਾਲ ਹੋਈ ਅਹਿਮ ਮੀਟਿੰਗ ਉਪਰੰਤ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ ਅੱਜ ਦੀ ਮੀਟਿੰਗ ਸੰਬੰਧੀ ਖੁਲਾਸਾ ਕਰਦਿਆਂ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਕਿ ਆਰੰਭ ਹੋਣ ਜਾ ਰਹੇ ਕਿਸਾਨੀ ਸ਼ੰਘਰਸ਼ ਦੀ ਸਾਂਝੀ ਵਿਉਂਤਬੰਦੀ ਬਣਾਉਣ ਅਤੇ ਕਿਸਾਨ ਯੂਨੀਅਨਾਂ ਵਿੱਚ ਆਪਸੀ ਇੱਕਜੁੱਟਤਾ ਕਾਇਮ ਰੱਖਣ ਦੇ ਉਦੇਸ਼ ਨੂੰ ਲੈ ਕੇ ਅੰਨਦਾਤਾ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਸ੍ਰ.ਗੁਰਮੁਖ ਸਿੰਘ ਵਿਰਕ ਦੇ ਦਿਸ਼ਾ ਨਿਰਦੇਸ਼ਾਂ ਹੇਠ ਦਾਸ ਅਤੇ ਉਨ੍ਹਾਂ ਦੇ ਸਾਥੀਆਂ ਦੀ ਇੱਕ ਅਹਿਮ ਮੀਟਿੰਗ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨਾਲ ਹੋਈ ਜਿਸ ਅੰਦਰ ਕਿਸਾਨੀ ਸ਼ੰਘਰਸ਼ ਨੂੰ ਤੇਜ ਕਰਨ ਸੰਬੰਧੀ ਖੁੱਲ੍ਹ ਕੇ ਵਿਚਾਰਾਂ ਹੋਈਆਂ ਉੱਥੇ ਨਾਲ ਹੀ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਭਾਰਤ ਵੱਲੋਂ 13 ਫ਼ਰਵਰੀ ਨੂੰ ਦਿੱਲੀ ਵਿਖੇ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਮਨਵਾਉਣ ਲਈ ਆਰੰਭੇ ਜਾਣ ਵਾਲੇ ਮੋਰਚੇ ਦੀਆਂ ਤਿਆਰੀਆਂ ਤੇ ਪ੍ਰਬੰਧਾਂ ਸੰਬੰਧੀ ਵੀ ਗੱਲਬਾਤ ਹੋਈ ਉਨ੍ਹਾਂ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨਾਲ ਹੋਈ ਉਨ੍ਹਾਂ ਦੀ ਅੱਜ ਦੀ ਮੀਟਿੰਗ ਬਹੁਤ ਹੀ ਸਫਲ ਰਹੀ, ਕਿਉਕਿ ਮੀਟਿੰਗ ਦੌਰਾਨ ਜਿੱਥੇ ਸ੍ਰ.ਡੱਲੇਵਾਲ ਨੇ ਕਿਸਾਨੀ ਸ਼ੰਘਰਸ ਦੇ ਹਰ ਨੁਕਤੇ ਤੇ ਸਾਡੇ ਨਾਲ ਖੁੱਲ੍ਹ ਕੇ ਚਾਨਣਾ ਪਾਇਆ, ਉੱਥੇ ਅੰਨਦਾਤਾ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਸ੍ਰ.ਗੁਰਮੁਖ ਸਿੰਘ ਵਿਰਕ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਲਾਘਾ ਵੀ ਕੀਤੀ, ਜਿੰਨ੍ਹਾਂ ਨੇ ਆਪਸੀ ਮਿਲਵਰਤਨ ਤੇ ਇੱਕਜੁੱਟਤਾ ਦਾ ਸਬੂਤ ਦੇਂਦਿਆਂ ਹੋਇਆਂ ਸਾਡੇ ਨਾਲ ਸਾਂਝੇ ਤੌਰ ਤੇ ਸ਼ੰਘਰਸ਼ ਲੜਨ ਤੇ ਆਪਣਾ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ ਜਿਸ ਨਾਲ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਭਾਰਤ ਹੋਰ ਮਜ਼ਬੂਤ ਹੋਵੇਗਾ ਇਸ ਸਮੇਂ ਉਨ੍ਹਾਂ ਦੇ ਨਾਲ ਸਰਪੰਚ ਨਿਰਮਲ ਸਿੰਘ ਬੇਰਕਲਾਂ ਜਨਰਲ ਸਕੱਤਰ, ਝੁਜਾਰ ਸਿੰਘ, ਕੁਲਦੀਪ ਸੇਖੋਂ ਬੀਕੇਯੂ ਏਕਤਾ ਸਿੱਧੂਪੁਰ, ਜਸਪਾਲ ਸਿੰਘ ਸੇਖੋਂ, ਅਮਰੀਕ ਸਿੰਘ ਹਾਜ਼ਰ ਸਨ।

ਅਯੁੱਧਿਆ 'ਚ ਭਗਵਾਨ ਰਾਮ ਦੀ ਪ੍ਰਾਣ ਪ੍ਰਤਿਸ਼ਠਾ ਦੇ ਸਬੰਧ ਵਿੱਚ ਫਗਵਾੜਾ 'ਚ ਸਜਾਈ ਵਿਸ਼ਾਲ ਸ਼ੋਭਾ ਯਾਤਰਾ

ਫਗਵਾੜਾ, 24 ਜਨਵਰੀ, (ਕੁਲਦੀਪ ਸਿੰਘ ਨੂਰ)- ਅਯੁੱਧਿਆ ਵਿਖੇ ਭਗਵਾਨ ਰਾਮ ਜੀ ਦੇ ਬਾਲ ਸਰੂਪ ਦੀ ਮੂਰਤੀ 'ਚ ਪ੍ਰਾਣ ਪ੍ਰਤਿਸ਼ਠਾ ਸਬੰਧੀ ਸਮਾਗਮ ਮੌਕੇ ਸ਼੍ਰੀ ਰਾਧਾ ਕ੍ਰਿਸ਼ਨ ਸੇਵਾ ਸੰਮਿਤੀ ਕਟਹਿਰਾ ਚੌਂਕ ਫਗਵਾੜਾ ਵੱਲੋਂ ਕੌਮੀ ਸੇਵਕ ਰਾਮ ਲੀਲਾ ਉਤਸਵ ਕਮੇਟੀ ਦੇ ਸਹਿਯੋਗ ਨਾਲ ਸਥਾਨਕ ਮੌਨੀ ਬਾਬਾ ਮੰਦਿਰ ਪੁਰਾਣੀ ਦਾਨਾ ਮੰਡੀ ਤੋਂ ਇੱਕ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਗਈ ਜਿਸ ਵਿਚ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਸੈਂਕੜੇ ਰਾਮ ਭਗਤਾਂ ਦੇ ਨਾਲ ਸ਼ਾਮਲ ਹੋਏ ਉਨ੍ਹਾਂ ਨੇ ਪਵਿੱਤਰ ਨਗਰੀ ਅਯੁਧਿਆ 'ਚ ਰਾਮਲਲਾ ਦੇ ਵਿਰਾਜਮਾਨ ਹੋਣ ਦੀ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਭਾਜਪਾ ਵੱਲੋਂ ਕਰੋੜਾਂ ਰਾਮ ਭਗਤਾਂ ਨਾਲ ਕੀਤਾ ਰਾਮ ਮੰਦਿਰ ਨਿਰਮਾਣ ਦਾ ਵਾਅਦਾ ਪੂਰਾ ਕਰ ਦਿੱਤਾ ਹੈ, ਜੋ ਕਿ ਸਾਰੇ ਸਨਾਤਨ ਪ੍ਰੇਮੀਆਂ ਲਈ ਖੁਸ਼ੀ ਦੀ ਗੱਲ ਹੈ ਜਿਸ ਤੋਂ ਬਾਅਦ ਜੈ ਸ਼੍ਰੀ ਰਾਮ ਦੇ ਜੈਕਾਰਿਆਂ ਨਾਲ ਸ਼ੋਭਾ ਯਾਤਰਾ ਦੀ ਰਵਾਨਗੀ ਹੋਈ ਇਹ ਸ਼ੋਭਾ ਯਾਤਰਾ ਸੈਂਟਰਲ ਟਾਊਨ, ਗੁਰੂ ਹਰਗੋਬਿੰਦ ਨਗਰ, ਗੁੜ ਮੰਡੀ ਰੋਡ, ਗਾਂਧੀ ਚੌਂਕ, ਬਾਂਸਾਂਵਾਲਾ ਬਾਜ਼ਾਰ, ਗਊਸ਼ਾਲਾ ਬਾਜ਼ਾਰ, ਸਰਾਏ ਰੋਡ, ਬੰਗਾ ਰੋਡ ਤੋਂ ਹੁੰਦੀ ਹੋਈ ਪੇਪਰ ਚੌਂਕ ਰਾਹੀਂ ਸ਼੍ਰੀ ਹਨੂੰਮਾਨਗੜ੍ਹੀ ਮੰਦਿਰ ਜੀਟੀ ਰੋਡ ਪਹੁੰਚ ਕੇ ਸਮਾਪਤ ਹੋਈ ਸ਼ੋਭਾ ਯਾਤਰਾ ਦੌਰਾਨ ਮਹਿਲਾਵਾਂ ਵੱਲੋਂ ਪ੍ਰਸਿੱਧ ਭਜਨ ਰਾਮ ਆਏਂਗੇ ਤੋ ਅੰਗਨਾ ਸਜਾਊਂਗੀ ਅਤੇ ਰਾਮ ਭਗਤਾਂ ਵਲੋਂ ਜੋ ਰਾਮ ਕੋ ਲਾਏ ਹੈਂ, ਹਮ ਉਨ ਕੋ ਲਾਏਂਗੇ ਆਦਿ ਭਜਨ ਗਾਏ ਗਏ ਭਗਵਾਨ ਰਾਮ ਦੇ ਜੀਵਨ 'ਤੇ ਆਧਾਰਿਤ ਸੁੰਦਰ ਝਾਕੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ ਇਸ ਸ਼ੋਭਾ ਯਾਤਰਾ ਦਾ ਪੂਰੇ ਰਸਤੇ ਵਿੱਚ ਫੁੱਲਾਂ ਦੀ ਵਰਖਾ ਕਰਕੇ ਸ਼ਾਨਦਾਰ ਸਵਾਗਤ ਕੀਤਾ ਗਿਆ ਇਸ ਦੇ ਨਾਲ ਹੀ ਸੰਗਤਾਂ ਦੀ ਸੇਵਾ 'ਚ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਅਤੇ ਮਾਰਕੀਟ ਕਮੇਟੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਪ੍ਰਸ਼ਾਦ ਦੇ ਸਟਾਲ ਵੀ ਲਗਾਏ ਗਏ ਸੀ ਸ਼ੋਭਾ ਯਾਤਰਾ ਦੀ ਸਮਾਪਤੀ ਮੌਕੇ ਸ਼੍ਰੀ ਹਨੂੰਮਾਨਗੜ੍ਹੀ ਮੰਦਿਰ ਵਿਖੇ ਲੰਗਰ ਦਾ ਵੀ ਪ੍ਰਬੰਧ ਸੀ ਅਖੀਰ 'ਚ ਅਰੁਣ ਖੋਸਲਾ ਨੇ ਪ੍ਰਬੰਧਕਾਂ ਵਲੋਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਮੈਡਮ ਅਨੀਤਾ ਸੋਮ ਪ੍ਰਕਾਸ਼ ਅਤੇ ਸਮੂਹ ਪਤਵੰਤਿਆਂ, ਮੰਦਰ ਕਮੇਟੀਆਂ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦਾ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ।

ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਈ ਸੰਗਤ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਟੋਕਨ ਸਿਸਟਮ ਲਗਾਏ

ਲੁਧਿਆਣਾ, 24 ਜਨਵਰੀ, (ਕਰਨੈਲ ਸਿੰਘ ਐੱਮ.ਏ.)- ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਈ ਸੰਗਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਟੋਕਨ ਸਿਸਟਮ ਲਗਾਏ ਡਾ: ਅੰਮ੍ਰਿਤਪਾਲ ਸਿੰਘ ਪ੍ਰਧਾਨ ਸਿੱਖ ਸੇਵਾ ਮਿਸ਼ਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਸੰਗਤਾਂ ਦਾ ਬਹੁਤ ਸਮਾਂ ਲੱਗਦਾ ਹੈ ,ਬਹੁਤ ਸਾਰੀਆਂ ਸੰਗਤਾਂ ਬਗੈਰ ਦਰਸ਼ਨ ਕੀਤਿਆਂ ਹੀ ਵਾਪਸ ਚਲੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਬਜ਼ੁਰਗ ਔਰਤਾਂ-ਮਰਦ, ਹੈਡੀਕੇਪਡ (ਅੰਗਹੀਣ) ਅਤੇ ਬੱਚਿਆਂ ਵਾਲੀਆਂ ਔਰਤਾਂ ਨੂੰ ਦਰਸ਼ਨ ਕਰਨ ਵਿੱਚ ਬਹੁਤ ਪ੍ਰੇਸ਼ਾਨੀ ਹੁੰਦੀ ਹੈ ਉਹਨਾਂ ਨੇ ਮੰਗ ਕੀਤੀ ਹੈ ਇਸ ਸਮੱਸਿਆ ਦਾ ਹੱਲ ਜਲਦੀ ਤੋਂ ਜਲਦੀ ਕੀਤਾ ਜਾਣਾ ਚਾਹੀਦਾ ਹੈ ਪ੍ਰੈਸ ਨੂੰ ਇਹ ਜਾਣਕਾਰੀ ਡਾ: ਅੰਮ੍ਰਿਤਪਾਲ ਸਿੰਘ ਨੇ ਦਿੱਤੀ।

ਗੰਨੇ ਦੀਆਂ ਟਰਾਲੀਆਂ ਕਾਰਨ ਹੋ ਰਹੇ ਨੁਕਸਾਨ ਖਿਲਾਫ ਪਿੰਡ ਵਾਸੀਆਂ ਵਲੋਂ ਰਸਤਾ ਰੋਕ ਕੇ ਦਿੱਤਾ ਧਰਨਾ -ਦਲਵਿੰਦਰ ਬੋਦਲ

ਦਸੂਹਾ, 24 ਜਨਵਰੀ, (ਅਮਰਜੀਤ ਸਿੰਘ)- ਗੰਨੇ ਦੀਆਂ ਟਰਾਲੀਆਂ ਕਾਰਨ ਹੋ ਰਹੇ ਨੁਕਸਾਨ ਖਿਲਾਫ ਪਿੰਡ ਵਾਸੀਆਂ ਵਲੋਂ ਰਸਤਾ ਰੋਕ ਕੇ ਮਿਲ ਮੈਨੇਜਮੈਂਟ ਅਤੇ ਪ੍ਰਸ਼ਾਸਨ ਖ਼ਿਲਾਫ਼ ਧਰਨਾ ਦਿੱਤਾ ਗਿਆ ਰੰਧਾਵਾ ਗੰਨਾ ਮਿੱਲ ਨੂੰ ਜਾਂਦੀਆਂ ਟਰਾਲੀਆਂ ਨਾਲ ਇਲਾਕੇ ਦੇ ਪਿੰਡ ਬੋਦਲ ,ਬੋਦਲ ਛਾਉਣੀ ਅਤੇ ਬੇਰਛਾ ਦੀਆਂ ਪੰਚਾਇਤਾਂ ਅਤੇ ਪਿੰਡ ਵਾਸੀਆਂ ਵਲੋਂ ਟਰਾਲੀਆਂ ਵਲੋਂ ਕੀਤੇ ਜਾ ਰਹੇ ਨੁਕਸਾਨ ਅਤੇ ਪ੍ਰਸ਼ਾਸਨ ਵਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਤੇ ਲਿੰਕ ਰੋਡ ਤੇ ਜਾਮ ਲਗਾ ਕੇ ਧਰਨਾ ਦਿੱਤਾ ਗਿਆ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚ ਦਲਵਿੰਦਰ ਸਿੰਘ ਬੋਦਲ ਨੇ ਦੱਸਿਆ ਕਿ ਨਜ਼ਦੀਕ ਪੈਂਦੀ ਰੰਧਾਵਾ ਮਿੱਲ ਨੂੰ ਗੰਨੇ ਨਾਲ ਲੱਦੀਆਂ ਅਤੇ ਖਾਲੀ ਟਰਾਲੀਆਂ ਦੇ ਨਾਲ ਪਿੰਡਾਂ ਨੂੰ ਕਾਫੀ ਮੁਸ਼ਕਿਲਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵਲੋਂ ਮਿੱਲ ਮੈਨੇਜਮੈਂਟ ਨੂੰ ਸਵੇਰੇ 7 ਤੋਂ ਸਵੇਰੇ 10 ਵਜੇ ਅਤੇ ਦੁਪਹਿਰ 1 ਵਜੇ ਤੋਂ 5 ਵਜੇ ਤੱਕ ਉਪਰੋਕਤ ਪਿੰਡਾਂ ਵਿਚੋਂ ਟਰਾਲੀਆਂ ਨੂੰ ਲੈ ਕੇ ਜਾਣ ਲਈ ਮਨਾਹੀ ਕੀਤੀ ਗਈ ਸੀ ਪਰ ਇਨ੍ਹਾਂ ਹਦਾਇਤਾਂ ਨੂੰ ਨਹੀਂ ਮੰਨਿਆ ਜਾ ਰਿਹਾ, ਜਿਸ ਕਾਰਨ ਪਿੰਡ ਵਿਖੇ ਬਿਜਲੀ ਦੇ ਖੰਭੇ ਤੇ ਤਾਰਾਂ ਟੁੱਟ ਗਈਆਂ ਅਤੇ ਪਿੰਡ ਦੇ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਕਿਹਾ ਕਿ ਅਸੀਂ ਪ੍ਰਸ਼ਾਸਨ ਨੂੰ ਇਸ ਸਮੱਸਿਆਂ ਨੂੰ ਹੱਲ ਕਰਨ ਲਈ ਬੇਨਤੀ ਕੀਤੀ ਪਰ ਕੋਈ ਸਿੱਟਾ ਨਾ ਨਿਕਲਣ ਕਾਰਣ ਮਜਬੂਰਨ ਸਾਨੂੰ ਧਰਨਾ ਦੇਣਾ ਪਿਆ ਇਸ ਮੌਕੇ ਦਸੂਹਾ ਤਹਿਸੀਲਦਾਰ ਮਨਵੀਰ ਸਿੰਘ ਢਿੱਲੋਂ ਨੇ ਮੌਕੇ ਤੇ ਪਹੁੰਚ ਕੇ ਲੋਕਾਂ ਨੂੰ ਭਰੋਸਾ ਦਿੱਤਾ ਕਿ 26 ਜਨਵਰੀ ਤੱਕ ਗੰਨਾ ਮਿੱਲ ਨੂੰ ਜਾਂਦੀਆਂ ਟਰਾਲੀਆਂ ਬਿਲਕੁੱਲ ਬੰਦ ਰਹਿਣਗੀਆਂ ਅਤੇ ਇਸ ਬਾਅਦ ਪਿੰਡ ਵਾਸੀਆਂ ਅਤੇ ਕਿਸਾਨਾਂ ਦੀ ਬੈਠਕ ਐਸ.ਡੀ.ਐਮ ਦਸੂਹਾ ਨਾਲ ਕਰਵਾ ਕੇ ਕੋਈ ਸਾਰਥਕ ਹੱਲ ਕੱਢਿਆ ਜਾਵੇਗਾ ਇਸ ਮੌਕੇ ਪਿੰਡ ਵਾਸੀਆਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਵਿਧਾਇਕ ਚੱਢਾ ਨੇ ਸਕੂਲ ਬਜਰੂੜ ਦੇ ਹਾਲ ਕਮਰੇ ਦੇ ਲੈਂਟਰ ਦਾ ਕੀਤਾ ਨਿਰੀਖਣ

ਨੂਰਪੁਰਬੇਦੀ, 24 ਜਨਵਰੀ (ਜਗਤਾਰ ਜੱਗੀ, ਗੁਰਦੀਪ ਝੱਜ)- ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਜਰੂੜ ਵਿਖੇ ਵੱਡੇ ਹਾਲ ਕਮਰੇ ਦੇ ਲੈਂਟਰ ਪੈਣ ਸਮੇਂ ਵਿਸ਼ੇਸ਼ ਤੌਰ ਤੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਪਹੁੰਚੇ ਅਤੇ ਉਨਾਂ ਨੇ ਪੈ ਰਹੇ ਲੈਂਟਰ ਦਾ ਨਿਰੀਖਣ ਕੀਤਾ ਤੇ ਤਸੱਲੀ ਪ੍ਰਗਟਾਈ ਉਨਾਂ ਕਿਹਾ ਕਿ ਸਕੂਲ ਦੇ ਪ੍ਰਿੰਸੀਪਲ ਵਰਿੰਦਰ ਸ਼ਰਮਾ ਮਿਹਨਤੀ ਤੇ ਇਮਾਨਦਾਰ ਵਿਅਕਤੀ ਹਨ ਜਿਨਾਂ ਨੇ ਸਕੂਲ ਲਈ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ ਪਹਿਲਾਂ ਵੀ ਇਹਨਾਂ ਨੇ ਸਕੂਲ ਲਈ ਕਾਫੀ ਮਿਹਨਤ ਕੀਤੀ ਤੇ ਜਿਸ ਕਾਰਨ ਬੱਚਿਆਂ ਦੀ ਗਿਣਤੀ ਵੀ ਸਕੂਲ ਵਿੱਚ ਪਹਿਲਾਂ ਨਾਲੋਂ ਕਾਫੀ ਵਧੀ ਹੈ ਤੇ ਸਕੂਲ ਦੇ ਨਤੀਜੇ ਵੀ ਲਾਜਵਾਬ ਰਹੇ ਹਨ ਖੇਡਾਂ ਵਿੱਚ ਵੀ ਸਕੂਲ ਵੱਲੋਂ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਜਾ ਰਹੀਆਂ ਹਨ ਵਿਧਾਇਕ ਚੱਢਾ ਨੇ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਨੂੰ ਵਧੀਆ ਇਨਫਰਾਸਟ੍ਰਕਚਰ ਦੇਣ ਲਈ ਵਚਨਵੱਧ ਹੈ ਜਿਸ ਲਈ ਉਨਾਂ ਵਲੋਂ ਜੋਰਦਾਰ ਯਤਨ ਆਰੰਭੇ ਗਏ ਹਨ ਤੇ ਆਗਾਮੀ ਸਮੇਂ ਚ ਉਹ ਹਲਕੇ ਦੇ ਸਕੂਲਾਂ ਦੀ ਕਾਇਆ ਕਲਪ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਪ੍ਰਿੰਸੀਪਲ ਵਰਿੰਦਰ ਸ਼ਰਮਾ ਨੇ ਦੱਸਿਆ ਕਿ ਉਕਤਹਾਲ 135 ਵਾਈ 22 ਫੁੱਟ ਦਾ ਬਣਾਇਆ ਜਾ ਰਿਹਾ ਹੈ ਜਿਸ ਲਈ ਕਰੀਬ ਚਾਰ ਲੱਖ ਰੁਪਏ ਦੀ ਲਾਗਤ ਆਉਣੀ ਸੀ ਜਿਸ ਵਿੱਚੋਂ 2 ਲੱਖ ਰੁਪਏ ਦੀ ਗਰਾਂਟ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਹੈ ਜਦਕਿ ਦੋ ਲੱਖ ਰੁਪਿਆ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਉਕਤ ਹਾਲ ਤੇ ਲਗਾਇਆ ਜਾ ਰਿਹਾ ਹੈ ਉਨਾਂ ਕਿਹਾ ਕਿ ਅੱਜ ਹਲਕਾ ਵਿਧਾਇਕ ਵਿਸ਼ੇਸ਼ ਤੌਰ ਤੇ ਇਸ ਹਾਲ ਦੇ ਲੈਂਟਰ ਪੈਣ ਸਮੇਂ ਇਸ ਦਾ ਮੁਆਇਨਾ ਕਰਨ ਪਹੁੰਚੇ ਜਿਸ ਦੀ ਉਨਾਂ ਨੂੰ ਕਾਫੀ ਪ੍ਰਸੰਨਤਾ ਹੈ ਇਸ ਮੌਕੇ ਗੁਰਬਿੰਦਰ ਸਿੰਘ ਸਸਕੌਰ, ਪ?ਲਾਦ ਸਿੰਘ, ਸੰਜੀਵ ਕੁਮਾਰ, ਤਨਵੀਰ ਸਿੰਘ, ਰੂਬੀ ਬਾਲਾ, ਰਣਜੀਤ ਕੌਰ, ਜਸਵਿੰਦਰ ਕੌਰ, ਪਵਨਦੀਪ ਕੌਰ, ਰਮਨਪ੍ਰੀਤ ਕੌਰ, ਅਮਨਪ੍ਰੀਤ ਕੌਰ, ਸੋਨਿਕਾ ਹੀਰਾ, ਹਰਪ੍ਰੀਤ ਕੌਰ, ਸੋਨੀਆ ਵਰਮਾ, ਗਗਨਦੀਪ ਕੌਰ, ਮਨਦੀਪ ਕੌਰ, ਸਿਮਰਨਜੀਤ ਕੌਰ, ਬਲਜੀਤ ਸਿੰਘ, ਬਾਬੂ ਪ੍ਰੇਮ ਚੰਦ, ਨਿਰਮਲ ਸਿੰਘ ,ਪਰਮਜੀਤ ਕੌਰ, ਲਖਵਿੰਦਰ ਸਿੰਘ ਕੈਂਪਸ ਮੈਨੇਜਰ, ਕਿਰਨ, ਜਸਬੀਰ ਸਿੰਘ, ਦਲੀਪ ਚੰਦ ਅਤੇ ਕਰਨ ਪਰਾਸ਼ਰ ਹਾਜ਼ਰ ਸਨ

ਕੜਾਕੇ ਦੀ ਠੰਡ ਚਲਕੇ ਸੜਕਾਂ ਕਿਨਾਰੇ ਸੁੱਤੇ ਜਰੂਰਤਮੰਦ ਲੋਕਾਂ ਨੂੰ ਲਾਇਨਜ਼ ਕੱਲਬ ਹੁਸ਼ਿਆਰਪੁਰ ਐਕਸ਼ਨ ਨੇ ਵੰਡੇ ਕੰਬਲ

ਫੋਟੋ-ਅਜਮੇਰ ਦੀਵਨਾ

ਹੁਸ਼ਿਆਰਪੁਰ, 24 ਜਨਵਰੀ, (ਤਰਸੇਮ ਦੀਵਾਨਾ)- ਲਾਇਨਜ਼ ਕੱਲਬ ਹੁਸ਼ਿਆਰਪੁਰ ਐਕਸ਼ਨ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕੜਾਕੇ ਦੀ ਠੰਡ ਦੇ ਚਲਦੇ ਲੋੜਵੰਦਾਂ ਨੂੰ ਕੰਬਲ ਵੰਡੇ ਗਏ ਕੱਲਬ ਮੈਂਬਰਾਂ ਵਲੋਂ ਬੀਤੀ ਰਾਤ ਸ਼ਹਿਰ ਦਾ ਦੌਰਾ ਕੀਤਾ ਗਿਆ ਜਿਸ ਵਿੱਚ ਇਹ ਦੇਖਿਆ ਗਿਆ ਕਿ ਕਈ ਬੇਘਰ ਲੋਕ ਬਿਨ੍ਹਾ ਕਿਸੇ ਸ਼ੈਲਟਰ ਤੋਂ ਸੜਕਾਂ ਕਿਨਾਰੇ ਸੁੱਤੇ ਪਏ ਸਨ, ਜਿਨ੍ਹਾਂ ਨੂੰ ਕੱਲਬ ਵਲੋਂ ਕੰਬਲ ਦਿੱਤੇ ਗਏ ਅਤੇ ਕੁੱਝ ਦੀ ਵਿਤੀ ਮਦਦ ਵੀ ਕੀਤੀ ਗਈ ਕੱਲਬ ਮੈਂਬਰਾਂ ਵਲੋਂ ਸਭ ਨੂੰ ਇਹੋ ਜਿਹੇ ਲੋਕਾਂ ਜੋ ਕੀ ਬੇਘਰ ਹਨ, ਠੰਡ ਵਿੱਚ ਗੁੱਜਰ ਬਸਰ ਕਰ ਰਿਹੇ ਹਨ ਦੀ ਮਦੱਦ ਕਰਨ ਦੀ ਅਪੀਲ ਕੀਤੀ ਇਸ ਮੌਕੇ ਕੱਲਬ ਡਾਇਰੈਕਟਰ ਦਲਜਿੰਦਰ ਸਿੰਘ, ਡਾਇਰੈਕਟਰ ਭੁਪਿੰਦਰ ਗੱਗੀ, ਡਾਇਰੈਕਟਰ ਮਨਜੀਤ ਸਹੋਤਾ, ਡਾਇਰੈਕਟਰ ਰਮਨ ਵਰਮਾ, ਡਾਇਰੈਕਟਰ ਗੁਰਵਿੰਦਰਜੀਤ ਸਿੰਘ ਅਤੇ ਕੱਲਬ ਪ੍ਰਧਾਨ ਰਸ਼ਪਾਲ ਸਿੰਘ ਮੌਜੂਦ ਸਨ।

ਐਮ ਪੀ ਸੰਜੀਵ ਅਰੋੜਾ ਨੇ ਮੁਫ਼ਤ ਡਾਇਲਸਿਸ ਸੈਂਟਰ ਦਾ ਦੌਰਾ ਕੀਤਾ ਸੰਸਥਾ ਵੱਲੋਂ ਕੀਤੇ ਜਾਂਦੇ ਕੰਮਾਂ ਦੀ ਕੀਤੀ ਸ਼ਲਾਘਾ

ਫੋਟੋ-ਅਮਰੀਕ ਸਿੰਘ ਪ੍ਰਿੰਸ

ਲੁਧਿਆਣਾ, 24 ਜਨਵਰੀ, (ਕੁਲਵਿੰਦਰ ਸਿੰਘ ਸਲੇਮ ਟਾਬਰੀ) ਸੰਸਦ ਮੈਂਬਰ ਰਾਜ ਸਭਾ ਸ੍ਰੀ ਸੰਜੀਵ ਅਰੋੜਾ ਨੇ ਬੁੱਧਵਾਰ ਨੂੰ ਨਰ ਸੇਵਾ ਨਰਾਇਣ ਸੇਵਾ ਹੈਲਪਫੁਲ ਐਨਜੀਓ ਵੈਲਫੇਅਰ ਸੁਸਾਇਟੀ ਦੇ ਮੁਫ਼ਤ ਡਾਇਲਸਿਸ ਸੈਂਟਰ ਦਾ ਦੌਰਾ ਕੀਤਾ,ਜਿੱਥੇ ਡਾਇਲਸਿਸ ਇਲਾਜ ਲਈ ਪੰਜ ਨਵੀਆਂ ਮਸ਼ੀਨਾਂ ਲਗਾਈਆਂ ਗਈਆਂ ਹਨ ਐਨਜੀਓ ਦੇ ਪ੍ਰਧਾਨ ਦੀਪਕ ਗਰਗ ਅਤੇ ਹੋਰਨਾਂ ਸਮੇਤ ਸੰਦੀਪ ਗੁਪਤਾ, ਸਵਰਨ ਬਾਂਸਲ, ਵਿਸ਼ਾਲ ਗਰਗ, ਰਮੇਸ਼ ਬਾਂਸਲ, ਸੁਭਾਸ਼ ਜਿੰਦਲ, ਸੂਰਜ ਕੁਮਾਰ,ਦਵਿੰਦਰ ਸੇਠ ਅਤੇ ਪ੍ਰਦੀਪ ਢੱਲ ਨੇ ਅਰੋੜਾ ਨੂੰ ਸੈਂਟਰ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ,ਜੋ ਕਿ ਪਿਛਲੇ ਸਾਲ ਅਕਤੂਬਰ ਵਿੱਚ ਸ਼ੁਰੂ ਕੀਤਾ ਗਿਆ ਸੀ ਅਰੋੜਾ ਨੂੰ ਦੱਸਿਆ ਗਿਆ ਕਿ ਕਰੀਬ 80 ਲੱਖ ਰੁਪਏ ਦੀ ਲਾਗਤ ਨਾਲ ਨਵੀਆਂ ਡਾਇਲਸਿਸ ਮਸ਼ੀਨਾਂ ਲਗਾਈਆਂ ਗਈਆਂ ਹਨ ਇਸ ਤੋਂ ਪਹਿਲਾਂ ਕਰੀਬ 1.25 ਕਰੋੜ ਰੁਪਏ ਦੀ ਲਾਗਤ ਨਾਲ 15 ਅਜਿਹੀਆਂ ਮਸ਼ੀਨਾਂ ਲਗਾਈਆਂ ਗਈਆਂ ਸਨ ਸੈਂਟਰ ਨੇ ਹੁਣ ਤੱਕ ਲਗਭਗ 1,500 ਮਰੀਜ਼ਾਂ ਦਾ ਇਲਾਜ ਕੀਤਾ ਹੈ ਇਸ ਸਮੇਂ ਸੈਂਟਰ ਵਿੱਚ 12 ਮਰੀਜ਼ ਇਲਾਜ ਅਧੀਨ ਹਨ ਇਸ ਤੋਂ ਇਲਾਵਾ ਅਰੋੜਾ ਨੂੰ ਦੱਸਿਆ ਗਿਆ ਕਿ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਆਉਣ ਵਾਲੇ ਸਾਰੇ ਮਰੀਜ਼ਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ ਸੈਂਟਰ ਵਿੱਚ ਡਾਕਟਰਾਂ ਸਮੇਤ 16 ਸਟਾਫ਼ ਮੈਂਬਰਾਂ ਦੀ ਟੀਮ ਹੈ ਕੁਝ ਡਾਕਟਰਾਂ ਨੂੰ ਨਿੱਜੀ ਹਸਪਤਾਲਾਂ ਤੋਂ ਵੀ ਆਪਣੀਆਂ ਸੇਵਾਵਾਂ ਦੇਣ ਲਈ ਬੁਲਾਇਆ ਜਾਂਦਾ ਹੈ ਐਨਜੀਓ ਟੀਮ ਨੇ ਐਂਬੂਲੈਂਸ ਦੀ ਲੋੜ ਸਮੇਤ ਆਪਣੀਆਂ ਕੁਝ ਮੰਗਾਂ ਵੀ ਦੱਸੀਆਂ ਉਨ੍ਹਾਂ ਅਰੋੜਾ ਨੂੰ ਸੈਂਟਰ ਨੂੰ ਵਾਧੂ ਜਗ੍ਹਾ ਮੁਹੱਈਆ ਕਰਵਾਉਣ ਲਈ ਦਖਲ ਦੇਣ ਦੀ ਵੀ ਅਪੀਲ ਕੀਤੀ ਉਨ੍ਹਾਂ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਲਈ ਦਾਨ ਕਰਨ ਸਮੇਤ ਸੈਂਟਰ ਦੀਆਂ ਹੋਰ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਦਿੱਤੀ ਇਸ ਮੌਕੇ ਅਰੋੜਾ ਨੇ ਸਮਾਜ ਸੇਵੀ ਸੰਸਥਾ ਵੱਲੋਂ ਲੋੜਵੰਦ ਅਤੇ ਪੀੜਤ ਸਮਾਜ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਸ਼ਲਾਘਾ ਕੀਤੀ ਉਨ੍ਹਾਂ ਕਿਹਾ ਕਿ ਇਹ ਸੱਚਮੁੱਚ ਸ਼ਲਾਘਾਯੋਗ ਹੈ ਕਿ ਐਨਜੀਓ ਦਾਨੀ ਸੱਜਣਾਂ ਦੇ ਭਰਵੇਂ ਸਹਿਯੋਗ ਨਾਲ ਸੈਂਟਰ ਚਲਾ ਰਹੀ ਹੈ ਉਨ੍ਹਾਂ ਮੰਗ ਮੰਨਦਿਆਂ ਐਂਬੂਲੈਂਸ ਦਾਨ ਕਰਨ ਦਾ ਐਲਾਨ ਕੀਤਾ ਨਾਲ ਹੀ ਹੋਰ ਮੁਫ਼ਤ ਡਾਇਲਸਿਸ ਮਸ਼ੀਨਾਂ ਲਈ ਵਾਧੂ ਜਗ੍ਹਾ ਦਾ ਮੁੱਦਾ ਪੰਜਾਬ ਸਰਕਾਰ ਕੋਲ ਉਠਾਉਣ ਦਾ ਵਾਅਦਾ ਕੀਤਾ ਸ੍ਰੀ ਅਰੋੜਾ ਨੂੰ ਇਹ ਵੀ ਦੱਸਿਆ ਗਿਆ ਕਿ ਇਲਾਕੇ ਵਿੱਚ ਕੋਈ ਵੀ ਫਾਇਰ ਬ੍ਰਿਗੇਡ ਦਫ਼ਤਰ ਨਹੀਂ ਹੈ ਐਮਰਜੈਂਸੀ ਦੀ ਸਥਿਤੀ ਵਿੱਚ,ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੂੰ ਹੰਬੜਾਂ ਰੋਡ ਤੋਂ ਬੁਲਾਇਆ ਜਾਂਦਾ ਹੈ ਜੋ ਕਿ ਦੂਰੀ 'ਤੇ ਸਥਿਤ ਹੈ ਜਿਸ ਕਾਰਨ ਫਾਇਰ ਬ੍ਰਿਗੇਡ ਕਰਮਚਾਰੀਆਂ ਦੇ ਪਹੁੰਚਣ ਵਿੱਚ ਦੇਰੀ ਹੋ ਰਹੀ ਹੈ ਇਸ 'ਤੇ ਅਰੋੜਾ ਨੇ ਉਨ੍ਹਾਂ ਨੂੰ ਲਿਖਤੀ ਰੂਪ 'ਚ ਦੇਣ ਲਈ ਕਿਹਾ ਤਾਂ ਜੋ ਉਹ ਇਸ ਮਾਮਲੇ ਨੂੰ ਸੂਬਾ ਸਰਕਾਰ ਪੱਧਰ 'ਤੇ ਉਠਾ ਸਕਣ।

ਬੇਰੁਜ਼ਗਾਰ ਸਾਂਝਾ ਮੋਰਚਾ ਵੱਲੋਂ ਲੁਧਿਆਣਾ ਵਿਖੇ 26 ਜਨਵਰੀ ਮੌਕੇ ਲੁਧਿਆਣਾ ਵਿਖੇ ਮੁੱਖ ਮੰਤਰੀ ਦਾ ਘਿਰਾਓ- ਝੁਨੀਰ

ਸੰਗਰੂਰ, 24 ਜਨਵਰੀ (ਅਵਤਾਰ ਛਾਜਲੀ, ਜਸਪਾਲ ਸਿੰਘ ਜਿੰਮੀ ਛਾਜਲੀ)-ਬੇਰੁਜ਼ਗਾਰ ਸਾਂਝਾ ਮੋਰਚਾ ਵੱਲੋਂ ਵੱਖ ਕੈਟਾਗਰੀਆ ਦੇ ਬੇਰੁਜ਼ਗਾਰਾਂ (ਬੀ. ਐੱਡ. ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਬੇਰੁਜ਼ਗਾਰ ਓਵਰਏਜ ਅਧਿਆਪਕ ਯੂਨੀਅਨ, ਬੀ. ਐੱਡ. ਮੈਥ-ਸਾਇੰਸ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਬੇਰੁਜ਼ਗਾਰ ਲੈਕਚਰਾਰ ਯੂਨੀਅਨ ਅਤੇ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਮਲਟੀਪਰਪਜ ਹੈਲਥ ਵਰਕਰ ਯੂਨੀਅਨ) ਵੱਲੋਂ ਗਣਤੰਤਰ ਦਿਵਸ ਮੌਕੇ ਮੁੱਖ ਮੰਤਰੀ ਪੰਜਾਬ ਦਾ ਵਿਰੋਧ ਕੀਤਾ ਜਾਵੇ ਮੋਰਚੇ ਦੇ ਸੂਬਾਈ ਆਗੂ ਅਤੇ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਝੁਨੀਰ ਵੱਲੋਂ ਪ੍ਰੈਸ ਨੋਟ ਜਾਰੀ ਕਰਦਿਆਂ ਜਾਣਕਾਰੀ ਦਿੰਦਿਆਂ ਕਿਹਾ ਸਾਡੇ ਦੇਸ਼ ਭਗਤਾਂ ਨੇ ਜਿਸ ਰਾਸ਼ਟਰ ਨਿਰਮਾਣ ਦਾ ਸੁਪਨਾ ਦੇਖਿਆ ਸੀ ਉਹ ਅੱਜ ਵੀ ਅਧੂਰਾ ਜਾਪਦਾ ਕਿਉਂਕਿ ਅਜੋਕੇ ਰਾਜਸੀ ਨੇਤਾਵਾਂ ਨੇ ਰਾਜਨੀਤੀ ਨੂੰ ਮੁਨਾਫ਼ੇ ਦਾ ਕਿੱਤਾ ਬਣਾ ਲਿਆ ਹੈ ਦੇਸ਼ ਦੀ ਆਮ ਜਨਤਾ ਗਰੀਬ, ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ ਦੀ ਮਾਰ ਦੀ ਮਾਰ ਹੇਠ ਹੈ ਅਤੇ ਨੇਤਾ ਲੋਕ ਐਸ਼ੋ ਆਰਾਮ ਦੀ ਜ਼ਿੰਦਗੀ ਦਾ ਅਨੰਦ ਮਾਣ ਰਹੇ ਹਨ।

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਗਣਤੰਤਰ ਦਿਵਸ ਦੀ ਅੰਤਿਮ ਰਿਹਰਸਲ ਦਾ ਜਾਇਜ਼ਾ



ਸੰਗਰੂਰ, 24 ਜਨਵਰੀ (ਅਵਤਾਰ ਛਾਜਲੀ, ਜਸਪਾਲ ਸਿੰਘ ਜਿੰਮੀ ਛਾਜਲੀ)-ਦੇਸ਼ ਦੇ 75ਵੇਂ ਗਣਤੰਤਰ ਦਿਵਸ ਦੇ ਮੌਕੇ 'ਤੇ ਪੁਲਿਸ ਲਾਈਨ ਸਟੇਡੀਅਮ ਵਿਖੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਰੋਹ ਦੀਆਂ ਤਿਆਰੀਆਂ ਦੇ ਜਾਇਜ਼ੇ ਵਜੋਂ ਅੱਜ ਅੰਤਿਮ ਰਿਹਰਸਲ ਹੋਈ ਜਿਸ ਵਿੱਚ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੁੰਦਿਆਂ ਕੌਮੀ ਝੰਡਾ ਫਹਿਰਾਉਣ ਦੀ ਰਸਮ ਅਦਾ ਕੀਤੀ ਇਸ ਉਪਰੰਤ ਉਨ੍ਹਾਂ ਨੇ ਮਾਰਚ ਪਾਸਟ ਵਿੱਚ ਸ਼ਾਮਲ ਵੱਖ-ਵੱਖ ਟੁਕੜੀਆਂ ਦਾ ਜਾਇਜ਼ਾ ਲਿਆ ਇਸ ਤੋਂ ਪਹਿਲਾਂ ਉਨ੍ਹਾਂ ਨੇ ਸ਼ਹੀਦੀ ਯਾਦਗਾਰ ਵਿਖੇ ਸ਼ਰਧਾ ਦੇ ਫੁੱਲ ਭੇਟ ਕੀਤੇ ਅੱਜ ਅੰਤਿਮ ਰਿਹਰਸਲ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਆਧਾਰਿਤ ਸਭਿਆਚਾਰਕ ਪ੍ਰੋਗਰਾਮ, ਗੱਤਕਾ, ਭੰਗੜਾ, ਗਿੱਧਾ ਲੋਕ ਨਾਚਾਂ ਦੀ ਪੇਸ਼ਕਾਰੀ ਕੀਤੀ ਗਈ ਇਸ ਮੌਕੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ 26 ਜਨਵਰੀ ਨੂੰ ਪੰਜਾਬ ਦੇ ਟਰਾਂਸਪੋਰਟ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸ਼੍ਰੀ ਲਾਲਜੀਤ ਸਿੰਘ ਭੁੱਲਰ ਕੌਮੀ ਝੰਡਾ ਫਹਿਰਾਉਣ ਦੀ ਰਸਮ ਅਦਾ ਕਰਨਗੇ ਅਤੇ ਸਲਾਮੀ ਲੈਣਗੇ ਉਨ੍ਹਾਂ ਦੱਸਿਆ ਕਿ ਆਜ਼ਾਦੀ ਘੁਲਾਟੀਏ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਤੇ ਸ਼ਹੀਦ ਸੈਨਿਕਾਂ ਦੇ ਪਰਿਵਾਰਕ ਮੈਂਬਰ ਵੀ ਸਮਾਗਮ ਵਿੱਚ ਖਾਸ ਤੌਰ 'ਤੇ ਸ਼ਾਮਲ ਹੋਣਗੇ ਉਨ੍ਹਾਂ ਦੱਸਿਆ ਕਿ ਸਮਾਰੋਹ ਦੌਰਾਨ ਵੱਖ-ਵੱਖ ਵਿਭਾਗਾਂ ਦੇ ਫਲੈਗਸ਼ਿਪ ਪ੍ਰੋਗਰਾਮਾਂ 'ਤੇ ਆਧਾਰਿਤ ਝਾਕੀਆਂ ਖਿੱਚ ਦਾ ਕੇਂਦਰ ਬਣਨਗੀਆਂ ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਸਹਾਇਕ ਕਮਿਸ਼ਨਰ ਜਸਪਿੰਦਰ ਸਿੰਘ ਤੇ ਦੇਵਦਰਸ਼ਦੀਪ ਸਿੰਘ, ਸਮੂਹ ਐਸ ਪੀ, ਡੀ ਐਸ ਪੀ ਅਤੇ ਹੋਰ ਪ੍ਰਸ਼ਾਸ਼ਨਿਕ ਅਧਿਕਾਰੀ ਹਾਜ਼ਰ ਸਨ।

ਭੋਗ ਤੇ ਵਿਸ਼ੇਸ਼

ਅੰਤਰਰਾਸ਼ਟਰੀ ਕਬੱਡੀ ਖਿਡਾਰੀ ਤੇ ਕੋਚ ਦੇਵੀ ਦਿਆਲ ਸ਼ਰਮਾ

ਸਮਰਾਲਾ, 24 ਜਨਵਰੀ, (ਦਿਨੇਸ਼ ਭਾਰਦਵਾਜ)- ਅੰਤਰਰਾਸ਼ਟਰੀ ਕਬੱਡੀ ਖਿਡਾਰੀ ਤੇ ਕੋਚ ਦੇਵੀ ਦਿਆਲ ਸ਼ਰਮਾ ਨੂੰ ਕਬੱਡੀ ਜਗਤ ਵਿੱਚ ਬਾਬਾ ਬੋਹੜ ,ਗੁਰੂ ਜੀ ,ਕੋਚ ਸਾਹਿਬ ਅਤੇ ਭੀਸ਼ਮ ਪਿਤਾਮਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਕਿਹਾ ਜਾਂਦਾ ਸੀ ਕਿ ਉਹਨਾਂ ਦੇ ਨਾਂ ਦੀ ਤਰ੍ਹਾਂ ਹੀ ਕਬੱਡੀ ਦੀ ਦੇਵੀ ਉਹਨਾਂ ਤੇ ਦਿਆਲ ਸੀ ਦੇਵੀ ਦਿਆਲ ਸ਼ਰਮਾ ਦਾ ਜਨਮ 2 ਦਸੰਬਰ 1947 ਨੂੰ ਪਿੰਡ ਕੁੱਬੇ (ਸਮਰਾਲਾ) ਵਿਖੇ ਸ੍ਰੀ ਅਮੀ ਚੰਦ ਦੇ ਘਰ ਹੋਇਆ ਸਕੂਲ ਅਤੇ ਕਾਲਜ ਦੇ ਸਮੇਂ ਤੋਂ ਹੀ ਉਹਨਾਂ ਨੂੰ ਅਥੈਟਿਕ ਤੇ ਹਾਕੀ ਖੇਡਣ ਦਾ ਸ਼ੌਕ ਸੀ ਦੌੜਾ ਦੇ 100 ਮੀਟਰ ਮੁਕਾਬਲਿਆਂ ਵਿੱਚ ਦੇਵੀ ਦਿਆਲ ਸ਼ਰਮਾ ਦੇ ਸਮੇਂ ਦਾ 11.1 ਸੈਕਿੰਡ ਦਾ ਰਿਕਾਰਡ ਸੀ ਡੀਏਵੀ ਕਾਲਜ ਜਲੰਧਰ ਤੋਂ ਐਮ ਏ ਦੀ ਪੜ੍ਹਾਈ ਕਰਦਿਆਂ ਇੱਕ ਵਾਰ ਉਹਨਾਂ ਦੀ ਕਾਲਜ ਦੀ ਕਬੱਡੀ ਟੀਮ ਵਿੱਚ ਖਿਡਾਰੀ ਘੱਟ ਹੋਣ ਕਾਰਨ ਦੇਵੀ ਦਿਆਲ ਨੂੰ ਖੇਡਣ ਦਾ ਮੌਕਾ ਮਿਲਿਆ ਚੀਤੇ ਵਰਗੀ ਫੁਰਤੀ ਤੇ ਸਡੋਲ ਸਰੀਰ ਦੇ ਮਾਲਕ ਦੇਵੀ ਦਿਆਲ ਨੇ ਉਸ ਦਿਨ ਤੋਂ ਬਾਅਦ ਕਦੇ ਵੀ ਕਬੱਡੀ ਖੇਡ ਵਿੱਚ ਪਿੱਛੇ ਮੁੜ ਕੇ ਨਹੀਂ ਵੇਖਿਆ ਆਪਣੀ ਮਿਹਨਤ ਸਦਕਾ ਉਸਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦੀਆਂ ਟੀਮਾਂ ਵਿੱਚ ਨਾ ਕਮਾਇਆ ਸੀ ਇੰਗਲੈਂਡ ਵਿੱਚ 1973 ਵਿੱਚ ਹੋਇਆਂ ਕਬੱਡੀ ਖੇਡਾਂ ਵਿੱਚ ਉਸ ਨੇ ਵਾਈਸ ਕੈਪਟਨ ਵਜੋਂ ਆਪਣੀ ਭੂਮਿਕਾ ਨਿਭਾਉਂਦੇ ਹੋਏ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਇੰਗਲੈਂਡ ਵਿੱਚ ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਖਿਡਾਰੀ ਦੀ ਹੋਈ ਪਰੇਡ ਵਿੱਚ ਸ਼ਰਮਾ ਨੇ ਗੁਲਾਬੀ ਪੱਗ ਬੰਨ ਕੇ ਸ਼ਿਰਕਤ ਕੀਤੀ ਪਰ ਉਸ ਨੂੰ ਪੱਗ ਵਿੱਚ ਹੋਣ ਕਾਰਨ ਦਰਸ਼ਕਾਂ ਨੇ ਨਾ ਪਹਿਚਾਨਿਆ ਤੇ ਦਰਸ਼ਕ ਨਰਾਜ਼ ਹੋ ਕੇ ਸਟੇਡੀਅਮ ਛੱਡ ਕੇ ਵਾਪਸ ਜਾਣ ਲੱਗੇ ਤਾਂ ਫਿਰ ਸ਼ਰਮਾ ਨੇ ਆਪਣੀ ਪੱਗ ਉਤਾਰ ਕੇ ਦਰਸ਼ਕਾਂ ਨੂੰ ਆਪਣੀ ਪਹਿਚਾਣ ਕਰਾਈ ਅਤੇ ਉਸ ਤੋਂ ਬਾਅਦ ਹੀ ਮੈਚ ਆਰੰਭ ਹੋ ਸਕੇ ਸ਼ਰਮਾ ਭਾਰਤ ਪਾਕਿਸਤਾਨ ਵਰਲਡ ਕਬੱਡੀ ਕੱਪ ਦੀ ਭਾਰਤ ਦੀ ਜੇਤੂ ਟੀਮ ਦੇ ਮੁਖ ਸਲਾਹਕਾਰ ਸਨ ਮਾਲਵਾ ਕਾਲਿਜ ਦੀ ਕੱਬਡੀ ਟੀਮ ਗਠਨ ਦੇ ਮੋਢੀ ਸ਼ਰਮਾ ਨੇ ਪੰਜਾਬ ਦੇ ਨਾਮੀ ਖੇਡ ਮੁਕਾਬਲਿਆਂ ਸਮੇਤ ਅੰਤਰਰਾਸ਼ਟਰੀ ਪੱਧਰ ' ਤੇ ਨਾਮ ਖੱਟਿਆ ਸੀ ਆਪਣੇ ਜੱਦੀ ਪਿੰਡ ਕੁਬੇ ਕੀ ਮਿੱਟੀ ਵਿੱਚੋਂ ਅੰਤਰਰਾਸ਼ਟਰੀ ਪੱਧਰ ਤੇ ਨਾ ਖੱਟਣ ਵਾਲੇ ਇਸ ਕਬੱਡੀ ਦੇ ਭੀਸ਼ਮ ਪਿਤਾਮਾ ਨੇ ਅਮਰੀਕਾ ਵਿੱਚ ਰਹਿੰਦੀ ਆਪਣੀ ਸਪੁੱਤਰੀ ਅਨੂ ਸ਼ਰਮਾ ਕੋਲੋ ਆਪਣੀ ਪਤਨੀ ਸੁਸ਼ਮਾ ਸ਼ਰਮਾ ਸਮੇਤ ਅਮਰੀਕਾ ਛੱਡ ਕੇ ਆਪਣੇ ਪਿੰਡ ਦੀ ਮਿੱਟੀ ਵਿੱਚੋਂ ਹੀ ਆਪਣੇ ਵਰਗੇ ਹੋਰ ਖਿਡਾਰੀ ਪੈਦਾ ਕਰਨ ਦੀ ਮੁਹਿਮ ਆਰੰਭ ਦਿੱਤੀ ਸੀ ਉਹਨਾਂ ਨੇ ਆਪਣੇ ਪਿੰਡ ਕੁੱਬੇ ਵਿੱਚ ਆਪਣੇ ਸਵਰਗੀ ਪੁੱਤਰ ਅਲੰਕਾ ਟੋਨੀ ਦੀ ਯਾਦ ਵਿੱਚ ਕਬੱਡੀ ਅਕੈਡਮੀ ਸ਼ੁਰੂ ਕੀਤੀ ਜਿਸ ਵਿੱਚ ਮੰਗੀ, ਬੂਟਾ ਤਲਵਣ, ਸਨੀ ਸੁਨੇਤ ,ਬਾਜੀ ਜੰਡ ,ਨੀਲੋਂ ਬ੍ਰਦਰਸ , ਹਰਜੀਤ ਚਹਿਲਾਂ ਅਤੇ ਹੋਰ ਅਨੇਕਾਂ ਹੀ ਖਿਡਾਰੀ ਪੈਦਾ ਕੀਤੇ ਹਨ ਅੰਤਰਰਾਸ਼ਟਰੀ ਪੱਧਰ ਦੇ ਅਸਮਾਨ ਤੇ ਚਮਕਦਾ ਕਬੱਡੀ ਦਾ ਇਹ ਭੀਸ਼ਮ ਪਿਤਾਮਾ ਸੰਖੇਪ ਬਿਮਾਰੀ ਉਪਰੰਤ 16 ਜਨਵਰੀ ਨੂੰ ਇਸ ਸੰਸਾਰ ਤੋਂ ਰੁਖਸਤ ਹੋ ਗਿਆ ਉਸ ਨੂੰ ਕੱਲ 25 ਜਨਵਰੀ ਨੂੰ ਉਹਨਾਂ ਦੇ ਪਿੰਡ ਕੁੱਬੇ (ਸਮਰਾਲਾ) ਦੇ ਵਰਿਆਮ ਸਟੇਡੀਅਮ ਵਿੱਚ ਦੁਨੀਆਂ ਦੇ ਕੋਨੇ ਕੋਨੇ ਤੋਂ ਖੇਡ ਪ੍ਰੇਮੀ ਕਬੱਡੀ ਖਿਡਾਰੀ ਅਤੇ ਪ੍ਰਮੁੱਖ ਸ਼ਖਸੀਅਤਾਂ ਸ਼ਰਧਾਂਜਲੀ ਭੇਟ ਕਰਨਗੀਆਂ।

ਦੇਵੀ ਦਿਆਲ ਸ਼ਰਮਾ

ਐਲ.ਆਈ.ਸੀ. ਦੇ ਸੀਨੀਅਰ ਡਿਵੀਜ਼ਨਲ ਮੈਨੇਜਰ ਸ੍ਰੀ ਲਲਿਤ ਕੁਮਾਰ ਵਰਮਾ ਵਲੋਂ ਮਾਨਵ ਸਹਿਯੋਗ ਸੁਸਾਇਟੀ ਨੂੰ ਐਂਬੂਲੈਂਸ ਵੈਨ ਭੇਂਟ

ਜਲੰਧਰ, 24 ਜਨਵਰੀ, (ਜੇ.ਐੱਸ. ਸੋਢੀ)- ਭਾਰਤੀ ਜੀਵਨ ਨਿਗਮ ਬੀਮਾ (ਐੱਲ.ਆਈ.ਸੀ.) ਇੱਕ ਜ਼ਿੰਮੇਵਾਰ ਨਾਗਰਿਕ ਦੇ ਰੂਪ ਵਿੱਚ ਸਮੇਂ-ਸਮੇਂ 'ਤੇ ਆਪਣੇ ਐਲ.ਆਈ.ਸੀ. ਗੋਲਡਨ ਜੁਬਲੀ ਫਾਊਂਡੇਸ਼ਨ ਦੇ ਮਾਧਿਅਮ ਤੋਂ ਆਪਣੇ ਸਮਾਜਿਕ ਜ਼ਿੰਮੇਵਾਰਾਂ ਨੂੰ ਪੂਰਾ ਕਰ ਰਿਹਾ ਹੈ ਐਲ.ਆਈ.ਸੀ. ਦੀ ਵਿਕਾਸ ਜ਼ਿੰਮੇਵਾਰੀ ਦੇ ਇੱਕ ਕੰਮ ਦੇ ਰੂਪ ਵਿੱਚ 20 ਅਕਤੂਬਰ 2006 ਨੂੰ ਸਥਾਪਿਤ ਕੀਤਾ ਗਿਆ ਸੀ ਫਾਊਂਡੇਸ਼ਨ ਦੀ ਸਥਾਪਨਾ ਸਾਲ 2006 ਵਿੱਚ ਐਲ.ਆਈ.ਸੀ. ਦੀ ਗੋਲਡਨ ਜੁਬਲੀ ਮਨਾਉਣ ਲਈ ਕੀਤੀ ਗਈ ਸੀ ਐਲ.ਆਈ.ਸੀ. ਗੋਲਡਨ ਜੁਬਲੀ ਫਾਊਂਡੇਸ਼ਨ ਦਾ ਉਦੇਸ਼ ਸਿੱਖਿਆ, ਸਿਹਤ, ਸੰਕਟ ਜਾਂ ਗਰੀਬੀ ਤੋਂ ਰਾਹਤ ਅਤੇ ਆਮ ਜਨਤਾ ਦੀ ਵਰਤੋਂ ਦੀ ਹੋਰ ਆਰਾਮ ਦੀ ਤਰੱਕੀ ਨੂੰ ਪ੍ਰਦਾਨ ਕਰਨਾ ਹੈ ਗੋਲਨ ਜੁਬਲੀ ਫਾਊਂਡੇਸ਼ਨ ਕਾਰਪੋਰੇਟ ਪੱਧਰ 'ਤੇ ਸਾਡੀ ਸਮਾਜਿਕ ਜ਼ਿੰਮੇਵਾਰ ਅਤੇ ਨਿੱਜੀ ਪੱਧਰ 'ਤੇ ਸਾਡੀ ਪਰੋਪਕਾਰੀ ਲੋੜਾਂ ਨੂੰ ਪੂਰਾ ਕਰਨ ਲਈ ਇੱਕ ਵੱਡਾ ਮੌਕਾ ਪ੍ਰਦਾਨ ਕਰਦਾ ਹੈ ਫਾਊਂਡੇਸ਼ਨ ਨੇ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਲੋੜਵੰਦ ਲੋਕਾਂ ਨੂੰ ਸਲਾਹ ਪ੍ਰਦਾਨ ਕਰਨ ਲਈ ਹਸਪਤਾਲ, ਸਕੂਲ ਭਵਨ ਅਤੇ ਬੱਚਿਆਂ, ਕਿਤਾਬਾਂ, ਕੰਪਿਊਟਰ, ਬਜ਼ੁਰਗਾਂ, ਬਜ਼ੁਰਗਾਂ ਦੇ ਬੱਚਿਆਂ ਲਈ ਵਿਦਿਆਰਥੀ ਭਵਨ, ਦਿਵਯਾਂਗ ਵਿਅਕਤੀਆਂ ਲਈ ਸਿਖਲਾਈ ਕੇਂਦਰਾਂ ਨੂੰ ਬਣਾਉਣ ਲਈ ਕੇਂਦਰਾਂ ਦਾ ਵਿਕਾਸ ਕਰਨਾ ਹੈ ਆਦਿ ਯੋਜਨਾ ਦਾ ਸਮਰਥਨ ਕੀਤਾ ਗਿਆ ਹੈ ਦਿਵਯਾਂਗ ਬੱਚਿਆਂ ਲਈ ਸਕੂਲਾਂ ਦੀਆਂ ਬੱਸਾਂ ਅਤੇ ਹੋਰ ਹਸਪਤਾਲਾਂ ਤੱਕ ਜਾਣ ਲਈ ਐਂਬੂਲੈਂਸ ਦੀ ਖਰੀਦ ਲਈ ਵੀ ਧਨ ਉਪਲਬਧ ਕਰਾਉਂਦੇ ਹਨ ਸਮਾਜਿਕ ਜ਼ਿੰਮੇਵਾਰੀ ਦੀ ਸਾਡੀ ਪ੍ਰਤੀਨਿਧਤਾ ਨੂੰ ਜਾਰੀ ਰੱਖਣਾ, ਭਾਰਤੀ ਜੀਵਨ ਬੀਮਾ ਨਿਗਮ, ਜਲੰਧਰ ਡਿਵੀਜ਼ਨ ਨੇ ਪਹਿਲ ਕੀਤੀ ਹੈ ਅਤੇ ਇੱਕ ਐਂਬੂਲੈਂਸ ਖਰੀਦੀ ਹੈ ਅੱਜ ਇਕ ਐਂਮਬੂਲੈਂਸ ਸਤਿਕਾਰਯੋਗ ਸੀਨੀਅਰ ਮੰਡਲ ਮੈਨੇਜਰ ਸ਼੍ਰੀ ਲਲਿਤ ਕੁਮਾਰ ਵਰਮਾ ਦੁਆਰਾ ਡਾ. ਐੱਸ. ਕੇ. ਸ਼ਰਮਾ , ਪ੍ਰਧਾਨ, ਮਾਨਵ ਸਹਿਯੋਗ ਸੋਸਾਇਟੀ ਜਲੰਧਰ ਨੂੰ ਸੌਂਪੀ ਗਈ,ਜੋ ਸਿੱਖਿਆ ਅਤੇ ਸਿਹਤ ਖੇਤਰ ਦੀ ਬਿਹਤਰੀ ਲਈ ਚੰਗਾ ਕੰਮ ਕਰਦੀ ਹੈ ਇਸ ਮੌਕੇ 'ਤੇ ਸ਼੍ਰੀ ਮੁਨੀਸ਼ ਠਾਕੁਰ ਮਾਰਕਟਿੰਗ ਮੈਨੇਜਰ, ਸ਼੍ਰੀ ਅਸ਼ਵਨੀ ਸ਼ਰਮਾ ਮੈਨੇਜਰ ਸੇਲਜ਼, ਸ਼੍ਰੀ ਦੇਵੇਂਦਰ ਕੁਮਾਰ ਮੈਨੇਜਰ ਸੀ.ਐਲ.ਆਈ.ਏ, ਸ਼੍ਰੀ ਕਮਲ ਕਿਸ਼ੋਰ ਮੈਨੇਜਰ ਪ੍ਰੋਡਕਟ, ਸ਼੍ਰੀ ਸੁਨੀਲ ਕੁਮਾਰ ਏ. ਓ.ਸੇਲਜ਼ ਸ਼੍ਰੀ ਰਾਜੇਂਦਰ ਕੌਸ਼ਲ ਏ. ਓ.ਸੇਲਜ਼, ਨੀਰਜ ਕੁਮਾਰ ਏ.ਏ. ਓ.ਸੇਲਜ਼,ਅਤੇ ਭਾਰਤ ਜੀਵਨ ਬੀਮਾ ਨਿਗਮ ਮੰਡਲ ਦਫ਼ਤਰ, ਜਲੰਧਰ ਦੇ ਹੋਰ ਕਈ ਪ੍ਰਤੀਨਿਧ ਅਤੇ ਅਧਿਕਾਰੀ ਵੀ ਮੌਜੂਦ ਸਨ।

ਵਰ੍ਹੇਗੰਢ ਮਨਾਈ

ਸੰਤੋਖ ਸਿੰਘ ਮਠਾੜੂ ਅਤੇ ਗੁਰਵਿੰਦਰ ਕੌਰ ਮਠਾੜੂ ਵਾਸੀ ਦੱਧਾਹੂਰ ਲੁਧਿਆਣਾ ਨੇ ਵਿਆਹ ਦੀ 17ਵੀਂ ਵਰ੍ਹੇਗੰਢ ਮਨਾਈ।